# ਸੰਪਾਦਕੀ

ਜਨਵਰੀ 2000 ਜਨਮ ਪ੍ਰਸੂਤ ਦੀ ਪੀੜਾ ਲੰਘ ਕੇ ਹੁਣ ਸਹਿਜ ਵਲ ਪ੍ਰਵੇਸ਼ ਕਰ ਰਿਹਾ ਹੈ। 31 ਦਸੰਬਰ 1999 – ਪਹਿਲੀ ਜਨਵਰੀ 2000 ਦੀ ਰਾਤ ਅਤੇ ਵਿਸ਼ੇਸ਼ ਕਰਕੇ ਵਰ੍ਹਾ, ਸਦੀ, ਮਿਲਿਨਿਅਮ ਬਦਲਣ ਦੀ ਘੜੀ ਸੰਸਾਰ ਭਰ ਵਿਚ ਬੜੇ ਉਤਸ਼ਾਹ ਅਤੇ ਰੰਗਰਲੀਆਂ ਮਨਾਉਂਦਿਆਂ ਬਿਤਾਈ ਗਈ। ਸੰਸਾਰ ਦੇ ਮਹੱਤਵਪੂਰਨ ਸ਼ਹਿਰਾਂ ਅਤੇ ਅਸਥਾਨਾਂ ਤੇ ਲੋਕਾਂ ਦੇ ਹੜ੍ਹ ਨਿਅੰਤਰਣ ਵਿਚ ਰੱਖਣ ਲਈ ਵਿਸ਼ੇਸ਼ ਪੁਲੀਸ ਪ੍ਰਬੰਧ ਵੀ ਕੀਤੇ ਗਏ। ਹਸਦਿਆਂ, ਨਚਦਿਆਂ, ਟਪਦਿਆਂ, ਖੁਸ਼ੀ ਦੇ ਗੀਤ ਗਾਉਂਦਿਆਂ 1999 ਨੂੰ ਅਲਵਿਦਾ ਕਿਹਾ ਗਿਆ ਅਤੇ 2000 ਨੂੰ ਜੀ ਆਇਆਂ। Y2k ਦੇ ਭਿਅੰਕਰ ਅੰਦੇਸ਼ੇ ਵਧੇਰੇ ਕਰਕੇ ਨਿਅੰਤਰਣ ਵਿਚ ਕਰ ਲਏ ਗਏ। ਗੁਰੂ ਸਾਹਿਬਾਨ ਨੇ ਸਰਬ ਮਨੁੱਖਤਾ ਨੂੰ ਸਦਾ ਹੀ ਚੜ੍ਹਦੀ ਕਲਾ ਵਿਚ ਵਿਚਰਨ ਦਾ ਸੰਦੇਸ਼ ਦਿਤਾ ਹੈ। ਇਸ ਲਈ ਜੋ ਨਿਰਾਰਥਕ ਢਾਊ ਰੁਚੀਆਂ ਵਾਲਿਆਂ ਨੇ ਬਰਬਾਦੀ ਦੀਆਂ ਪੇਸ਼ੀਨਗੋਈਆਂ ਕੀਤੀਆਂ ਹਨ, ਅਸੀਂ ਉਨ੍ਹਾਂ ਨੂੰ ਕੋਈ ਮਹੱਤਤਾ ਨਹੀਂ ਦਿੰਦੇ। ਅਸੀਂ ਗੁਰੂ ਜੀ ਦੇ ਆਦੇਸਾਂ ਨੂੰ, ਧੁਰ ਕੀ ਬਾਨੀ ਨੂੰ ਸਹੀ ਮੰਨਦੇ ਹਾਂ। ਇਹ ਸੰਸਾਰ ਉਸ ਦੀ ਰਚਨਾ ਹੈ, ਉਹ ਹੀ ਇਸ ਦਾ ਪਾਲਨਹਾਰ, ਰਖਿਅਕ ਅਤੇ ਸਮੇਟਣ ਵਾਲਾ ਹੈ। 'ਹਰਨ ਭਰਨ ਜਾ ਕਾ ਨੇਤ੍ਰ ਫੋਰ' ਜਦੋਂ ਚਾਹੇ ਸਮੇਟ ਲਵੇ, ਸਾਨੂੰ ਇਸ ਦੀ ਚਿੰਤਾ ਨਹੀਂ, ਸਾਨੂੰ ਜਿੰਨਾਂ ਜੀਵਨ ਉਸ ਨੇ ਬਖਸ਼ਿਆ ਹੈ, ਉਸ ਨੂੰ ਉਚੀ ਸੁਰਤਿ ਵਿਚ, ਸ਼ਬਦ ਦੀ ਲੋਅ ਵਿਚ, ਸੇਵਾ ਤੇ ਸਿਮਰਨ ਦੇ ਚਾਅ ਵਿਚ ਜੀਉਣਾ ਹੈ। ਕੋਈ ਵੈਰ ਵਿਰੋਧ ਨਹੀਂ ਹੈ, ਸਾਡੇ ਲਈ ਬ੍ਰਹਮ ਪਸਾਰੇ ਵਿਚ ਕੋਈ ਬੁਰਾ ਨਹੀਂ, ***'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ। (ਪੰਨਾ – 1299)*** ਐਸਾ ਹੀ ਸਤਿਗੁਰਾਂ ਦਾ ਆਦੇਸ਼ ਅਤੇ ਆਦਰਸ਼ ਹੈ, ਇਸ ਦਾ ਪਾਸਾਰ ਹੀ ਸੰਤ ਮਹਾਂਪੁਰਸ਼ ਸੰਸਾਰ ਵਿਚ ਕਰ ਰਹੇ ਹਨ, ਇਹੋ 'ਆਤਮ ਮਾਰਗ' ਦਾ ਨਿਸ਼ਾਨਾ ਹੈ, ਇਸੇ ਬਿਰਤੀ ਨਾਲ ਆਤਮ ਮਾਰਗ ਦੇ ਲੇਖ ਲਿਖੇ ਅਤੇ ਛਾਪੇ ਜਾਂਦੇ ਹਨ।

ਫਰਵਰੀ ਅੰਕ ਵਿਚ ਮਹਾਂਪੁਰਸ਼ਾਂ ਨੇ 'ਸਾਈ ਨਾਮੁ ਅਮੋਲੁ' ਵਿਚ ਨਾਮ ਦੀ ਉਚੀ ਸੁਰਤਿ ਦਾ ਐਸਾ ਦਿਲ-ਟੁੰਬਵਾਂ ਬਖਾਨ ਕੀਤਾ ਹੈ ਕਿ ਹਰੇਕ ਪਾਠਕ-ਆਤਮਾ ਨਾਮ-ਰਸ ਵਿਚ ਲੀਨ ਹੋਣ ਲਈ ਬਿਹਬਲ ਹੋ ਉਠਦੀ ਹੈ। "ਨਾਮ ਦੀ ਭੁੱਖ ਐਸੀ ਹੈ ਕਿ ਸਾਰੇ ਦੁਖਾਂ ਨੂੰ ਖਾ ਜਾਂਦੀ ਹੈ ਤੇ ਕੋਈ ਦੁਖ ਬਾਕੀ ਨਹੀਂ ਰਹਿੰਦਾ, ਕੋਈ ਵਾਸ਼ਨਾ ਨਹੀਂ ਰਹਿੰਦੀ, ਕੋਈ ਕਲਪਨਾ ਨਹੀਂ ਰਹਿੰਦੀ, ਸਾਰੀਆਂ ਕਲਪਨਾਵਾਂ ਖਤਮ ਹੋ ਕੇ ਪਰਮ ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ।" 'ਕਿਵ ਸਚਿਆਰਾ ਹੋਈਐ?' ਲੜੀਵਾਰ ਛਪਦਾ ਲੇਖ ਧੁਰ-ਆਤਮਾ ਨੂੰ ਝੂੰਹਦਾ ਹੈ ਅਤੇ ਰਜੋ ਤਮੋ ਸਤੋ ਦੀ ਸੀਮਾ ਪਾਰ ਕਰਕੇ ਚੌਥੇ ਪਦ ਵਿਚ ਵਿਚਰਨ ਦਾ ਉਤਸ਼ਾਹ ਬਖਸ਼ਦਾ ਹੈ। 'ਅਮਰ ਕਥਾ' ਰਾਜਾ ਸ਼ਿਵਨਾਭ ਦੀ ਹੀ ਆਤਮ ਤ੍ਰਿਪਤੀ ਨਹੀਂ ਕਰਦਾ, ਸਭ ਪਾਠਕਾਂ ਦੇ ਸ਼ੰਕੇ ਨਵਿਰਤ ਕਰਕੇ ਗੁਰਮਤਿ ਮਾਰਗ ਦੀ ਸੇਧ ਬਖਸ਼ਦਾ ਹੈ। 'ਰੰਗਲੇ ਸੱਜਣ' ਅਸੀਂ ਨਵੀਂ ਲੜੀ ਸ਼ੁਰੂ ਕੀਤੀ ਹੈ, ਇਸ ਵਿਚੋਂ ਇਸ ਵਾਰੀ ਅਸੀਂ ਸੇਵਾ-ਸਿਮਰਨ ਵਿਚ ਵਿਲੀਨ ਬਾਬਾ ਰਾਮ ਸਿੰਘ ਜੀ ਦਾ ਜੀਵਨ-ਪ੍ਰਸੰਗ ਛਾਪ ਰਹੇ ਹਾਂ।

'ਵਿਵੇਕ ਬੋਧ' ਸਾਨੂੰ ਸੰਤੁਲਤ ਅਨੰਦਮਈ ਜੀਵਨ ਜੀਉਣ ਦਾ ਸੰਦੇਸ਼ ਦਿੰਦਾ ਹੈ। 'ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ' 'ਪ੍ਰਾਣ ਵਿਗਿਆਨ' ਅਤੇ 'ਹਠ ਯੋਗ ਦਰਸ਼ਨ' ਸਾਨੂੰ ਸਾਡੇ ਅਮੀਰ ਵਿਰਸੇ ਨਾਲ ਜੋੜਦੇ ਹਨ। 'ਗੁਰੂ ਗੋਬਿੰਦ ਗੀਤ' ਸਵਾਮੀ ਰਾਮ ਜੀ ਦੀ ਗੁਰੂ ਗੋਬਿੰਦ ਸਿੰਘ ਮਹਾਰਾਜ ਅਤੇ ਬਾਬਾ ਬੰਦਾ ਸਿੰਘ ਬਹਾਦਰ ਪ੍ਰਤੀ ਅਥਾਹ ਸ਼ਰਧਾ, ਪਿਆਰ ਅਤੇ ਸਤਿਕਾਰ ਦੀ ਵਾਰਤਾ ਹੈ। ਸਵਾਮੀ ਜੀ ਅਨੁਸਾਰ ਗੁਰੂ ਜੀ ਦੀ ਬਹੁ-ਪੱਖੀ ਮਹਾਨ ਸ਼ਖਸ਼ੀਅਤ ਅਤੇ ਉਨ੍ਹਾਂ ਦੇ ਸੇਵਕ ਬੰਦਾ ਸਿੰਘ ਬਹਾਦਰ ਦੀਆਂ ਮਹਾਨ ਕੁਰਬਾਨੀਆਂ ਸਦਕਾ ਭਾਰਤ ਘੋਰ ਅਧੋਗਤੀ ਅਤੇ ਦੁਰਗਤੀ ਤੋਂ ਬਚ ਗਿਆ ਅਤੇ ਅੱਜ ਸੁਤੰਤਰਤਾ ਵਿਚ ਵਿਚਰਦਾ ਸੁਖ ਦਾ ਸਾਹ ਲੈ ਰਿਹਾ ਹੈ। ਆਤਮ-ਮਾਰਗ ਦੀਆਂ ਸਾਰੀਆਂ ਲਿਖਤਾਂ ਐਨੀਆਂ ਮਹਾਨ ਹਨ ਕਿ ਇਨ੍ਹਾਂ ਦਾ ਮੁੱਲ ਨਹੀਂ ਪਾਇਆ ਜਾ ਸਕਦਾ, ਸਮਾਂ ਬੀਤਣ ਨਾਲ ਇਨ੍ਹਾਂ ਦਾ ਮੁੱਲ ਵਧੇਗਾ ਹੀ।

ਇਸ ਮਹੀਨੇ 9 ਫਰਵਰੀ ਨੂੰ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਵਸ ਅਤੇ 19 ਫਰਵਰੀ ਨੂੰ ਭਗਤ ਰਵਿਦਾਸ ਜੀ ਦਾ ਜਨਮ ਦਿਵਸ ਹੈ। ਅਸੀਂ ਦੋਹਾਂ ਮਹਾਂਪੁਰਸ਼ਾਂ ਨੂੰ ਸ਼ਰਧਾਜਲੀ ਭੇਂਟ ਕਰਦੇ ਹਾਂ। ਭਗਤ ਰਵਿਦਾਸ ਜੀ ਦੀ ਬਾਣੀ ਸੱਚ ਦਾ ਸੰਦੇਸ਼ ਦਿੰਦੀ ਹੈ, 'ਬੇਗਮਪੁਰਾ' ਵਿਚ ਵਿਚਰਨ ਦਾ ਮਾਰਗ ਦਰਸ਼ਨ ਕਰਦੀ ਹੈ। ਪੰਚਮ ਪਾਤਸ਼ਾਹ ਨੇ ਭਗਤ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਉਨ੍ਹਾਂ ਨੂੰ ਬਰਾਬਰੀ ਦਾ ਦਰਜਾ ਪ੍ਰਦਾਨ ਕੀਤਾ। ਬਾਬਾ ਦੀਪ ਸਿੰਘ (1682-1757) ਸ਼ਹੀਦ ਮਿਸਲ ਦੇ ਬਾਨੀ ਅਤੇ ਦਮਦਮੀ ਟਕਸਾਲ ਦੇ ਸੰਚਾਲਕ ਸਨ। ਆਪ ਜੀ ਨੇ ਗੁਰੂ ਗੋਬਿੰਦ ਸਿੰਘ ਮਹਾਰਾਜ ਤੋਂ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤਪਾਨ ਕੀਤਾ। ਆਪ ਜੀ ਨੇ ਭਾਈ ਮਨੀ ਸਿੰਘ ਪਾਸੋਂ ਨਾਮ ਬਾਣੀ ਦੀ ਸਿਖਿਆ ਪ੍ਰਾਪਤ ਕੀਤੀ। ਅਨੰਦਪੁਰ ਸਾਹਿਬ ਅਤੇ ਚਮਕੌਰ ਦੇ ਯੁੱਧ ਪਿਛੋਂ 1706 ਵਿਚ ਆਪ ਗੁਰੂ ਜੀ ਪਾਸ ਤਲਵੰਡੀ ਸਾਬੋ ਆ ਪਹੁੰਚੇ। ਜਦੋਂ ਮਹਾਰਾਜ ਜੀ ਨੇ ਨੰਦੇੜ ਵਲ ਚਾਲੇ ਪਾਏ ਤਾਂ ਆਪ ਨੂੰ ਟਕਸਾਲ ਦੀ ਸੇਵਾ ਹਿਤ ਦਮਦਮਾ ਸਾਹਿਬ ਟਿਕੇ ਰਹਿਣ ਦਾ ਆਦੇਸ਼ ਹੋਇਆ। 1726 ਵਿਚ ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਤਿਆਰ ਕਰਵਾਏ। ਆਪ ਜੀ ਸ਼ਹੀਦ ਮਿਸਲ ਦੇ ਜਥੇਦਾਰ ਵਜੋਂ ਤਲਵੰਡੀ ਸਾਬੋ ਵਿਖੇ ਜਿਸ ਬੁਰਜ ਵਿਚ ਰਹਿੰਦੇ ਸੀ, ਉਹ ਬੁਰਜ, ਬੁਰਜ ਬਾਬਾ ਦੀਪ ਸਿੰਘ ਸ਼ਹੀਦ ਕਰਕੇ ਜਾਣਿਆ ਜਾਂਦਾ ਹੈ।

1756-57 ਵਿਚ ਅਹਿਮਦਸ਼ਾਹ ਦੁਰਾਨੀ ਨੇ ਪੰਜਾਬ ਤੇ ਕਬਜ਼ਾ ਕਰਕੇ ਆਪਣੇ ਪੁੱਤਰ ਤੈਮੂਰ ਨੂੰ ਲਾਹੌਰ ਦਾ ਜਰਨੈਲ ਅਤੇ ਜਹਾਨਖਾਨ ਨੂੰ ਅਧੀਨ-ਜਰਨੈਲ ਨਿਯੁਕਤ ਕੀਤਾ ਜਿਸ ਨੇ 1757 ਈ. ਵਿਚ ਅੰਮ੍ਰਿਤਸਰ ਦੇ ਰਾਮਨੌਮੀ ਕਿਲੇ ਨੂੰ ਢਾਹ ਢੇਰੀ ਕਰ ਦਿਤਾ ਅਤੇ ਅੰਮ੍ਰਿਤ-ਸਰੋਵਰ ਪੂਰ ਦਿਤਾ। ਬਾਬਾ ਜੀ ਲਈ ਇਹ ਨਮੋਸ਼ੀ ਬਰਦਾਸ਼ਤ ਕਰਨੀ ਔਖੀ ਸੀ। 75 ਸਾਲ ਦੀ ਬਿਰਧ ਆਯੂ ਵਿਚ ਇਸ ਮਹਾਨ ਯੋਧੇ ਨੇ ਜੱਥੇ ਦੀ

(ਬਾਕੀ ਪੰਨਾ 12 ਤੇ)



Sri Satguru Jagjit Singh Ji eLibrary NamdhariElibrary@gmail.com

# ਕਿਵ ਸਚਿਆਰਾ ਹੋਈਐ ?

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂਹਾਨੀ ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ - 13)*

ਆਤਮਾ ਨੂੰ ਪ੍ਰਾਪਤ ਕਰਨ ਦੇ ਸੰਸਾਰ ਵਿਚ ਬੇਅੰਤ ਮਾਰਗ ਹਨ ਪਰ ਜੋ ਆਤਮ ਅਭਿਆਸ ਕਰਦਾ ਹੈ ਉਹ ਸੱਚ ਦੀ ਪ੍ਰਾਪਤੀ ਕਰ ਲਿਆ ਕਰਦਾ ਹੈ। ਆਤਮਾ ਤੋਂ ਸਾਰੇ ਪਦਾਰਥਾਂ ਦਾ ਵਿਸਥਾਰ ਹੁੰਦਾ ਹੈ। ਉਸ ਅਬਿਨਾਸ਼ੀ ਨੂੰ ਕੋਈ ਵੀ ਨਾਸ਼ ਨਹੀਂ ਕਰ ਸਕਦਾ। ਇਹ ਆਤਮਾ ਨਾ ਕਿਸੇ ਨੂੰ ਮਾਰਦਾ ਹੈ, ਨਾ ਕਦੇ ਮਰਦਾ ਹੈ। ਕਪੜੇ ਬਦਲਣ ਵਾਂਗੂ ਆਤਮਾ ਦੂਜੀ ਦੇਹ ਧਾਰਨ ਕਰ ਲੈਂਦਾ ਹੈ। ਇਸ ਜੀਵ-ਆਤਮਾ ਨੂੰ ਸ਼ਸਤਰ ਕੱਟ ਨਹੀਂ ਸਕਦੇ, ਅੱਗ ਜਾਲ ਨਹੀਂ ਸਕਦੀ, ਧੁੱਪ ਸੁਕਾ ਨਹੀਂ ਸਕਦੀ, ਪਾਣੀ ਇਸ ਨੂੰ ਗਿੱਲਾ ਨਹੀਂ ਕਰ ਸਕਦਾ, ਇਹ ਨਿਤ, ਸਰਬ ਵਿਆਪਕ, ਸਥਿਰ, ਅਚਲ ਅਤੇ ਸਨਾਤਨ ਹੈ। ਆਤਮਾ ਅਵਿਅਕਤ ਹੈ, ਅਚਿੰਤ ਹੈ ਅਤੇ ਅਵਿਕਾਰੀ ਹੈ ਇਹ ਇਕ ਹੁੰਦਾ ਹੋਇਆ ਅਨੇਕ ਹੈ, ਅਨੇਕ ਹੁੰਦਾ ਹੋਇਆ ਇਕ ਹੈ। ਜਿਵੇਂ ਕਿ ਫੁਰਮਾਨ ਹੈ -

***ਅਮਾਨ ਹੈ ਨਿਧਾਨ ਹੈ ਅਨੇਕ ਹੈ ਫਿਰਿ ਏਕ ਹੈ॥***

***ਜਾਪੁ ਸਾਹਿਬ***

ਇਹ ਆਤਮਾ ਸਾਰੇ ਵਿਕਾਰਾਂ ਤੋਂ ਪਰ੍ਹੇ ਨਿਤ, ਸ਼ੁਧ, ਬੁੱਧ ਤੇ ਮੁਕਤ ਸੁਭਾਅ ਵਾਲਾ ਹੈ। ਆਤਮਾ ਸਰੀਰ ਤੋਂ ਵਖਰਾ ਤੱਤ ਹੈ। ਸਰੀਰ, ਇੰਦ੍ਰੀਆਂ, ਮਨ, ਬੁੱਧੀ ਆਦਿ ਪ੍ਰਕ੍ਰਿਤੀ ਦੇ ਵਿਕਾਰ ਹਨ। ਇਨ੍ਹਾਂ ਵਿਚ ਸਦਾ ਹੀ ਬਦਲ ਜਾਣ ਦਾ ਵਿਕਾਰ ਸਮਾਇਆ ਹੋਇਆ ਹੈ। ਪ੍ਰਕ੍ਰਿਤੀ ਦੇ ਅਕਾਰ ਵਿਚ ਦੇਸ਼, ਕਾਲ, ਵਸਤੂ ਦੇ ਪ੍ਰਭਾਵ ਅੰਦਰ ਹੋਣ ਕਰਕੇ ਸਦਾ ਪਰਿਵਰਤਨ ਹੁੰਦਾ ਰਹਿੰਦਾ ਹੈ, ਇਸ ਦੇ ਵਿਪਰੀਤ ਆਤਮਾ ਸ਼ੁਧ ਚੇਤਨ ਤੱਤ ਹੈ। ਆਤਮਾ ਦੇ ਸ਼ੁਧ ਸਰੂਪ ਉਪਰ ਪ੍ਰਕ੍ਰਿਤੀ ਦੇ ਕਿਸੇ ਵੀ ਤੱਤ ਦਾ ਕੋਈ ਵਿਕਾਰ ਨਹੀਂ ਪੈਂਦਾ। ਆਤਮਾ ਇਕ ਰੂਪ ਹੋਣ ਕਰਕੇ ਸਾਰੇ ਪ੍ਰਕ੍ਰਿਤਕ ਬੰਧਨਾਂ ਤੋਂ ਨਿਆਰਾ ਤੇ ਨਿਰਲੇਪ ਹੈ।

ਇਸ ਆਤਮਾ ਦਾ ਸਾਖਸ਼ਾਤ ਕਰਨ ਲਈ ਸੱਚ ਨੂੰ ਧਾਰਨ ਕਰਨ ਦੀ ਸ਼ਕਤੀ ਹੋਣੀ ਚਾਹੀਦੀ ਹੈ, ਦ੍ਰਿੜ੍ਹਤਾ ਹੋਣੀ ਚਾਹੀਦੀ ਹੈ, ਪ੍ਰਪੱਕ ਸ਼ਰਧਾ ਹੋਣੀ ਚਾਹੀਦੀ ਹੈ, ਗੁਰੂ ਦੇ ਵਾਕ, ਵੇਦ ਵਾਕ ਸਮਝਣੇ ਚਾਹੀਦੇ ਹਨ ਯਾਨਿ ਕਿ ਗੁਰਬਾਣੀ ਉਪਰ ਸ਼ਰਧਾ ਹੋਣੀ ਚਾਹੀਦੀ ਹੈ। ਸ਼ਰਧਾ ਵਾਲੇ ਹਿਰਦੇ ਵਿਚ ਆਤਮ ਪ੍ਰਕਾਸ਼ ਹੁੰਦਾ ਹੈ, ਸ਼ੱਕੀ ਹਿਰਦੇ ਵਿਚ ਨਹੀਂ ਹੁੰਦਾ। ਬ੍ਰਹਮਗਿਆਨੀ ਆਤਮ ਸਤਾ ਪ੍ਰਾਪਤ ਕਰਕੇ ਕਰਮ ਬੰਧਨਾਂ ਦੀ ਸਮਾਪਤੀ ਕਰ ਦਿੰਦਾ ਹੈ। ਗਿਆਨ ਹੋਣ ਤੇ ਵਿਅਕਤੀ ਆਤਮਾ ਵਿਚ ਸਭ ਅਤੇ ਸਭ ਨੂੰ ਆਤਮਾ ਵਿਚ ਵੇਖਦਾ ਹੈ। ਆਤਮ ਦ੍ਰਿਸ਼ਟੀ ਹੀ ਆਤਮ ਗਿਆਨ ਦਾ ਰੂਪ ਹੈ ਜਿਵੇਂ ਕਰੋੜਾਂ ਮਣ ਲੱਕੜਾਂ ਨੂੰ ਅਗਨ ਭਸਮ ਕਰ ਦਿੰਦੀ ਹੈ ਇਵੇਂ ਆਤਮ ਗਿਆਨ ਸਾਰੇ ਪਾਪਾਂ ਦਾ, ਸਾਰੇ ਚੰਗੇ ਮੰਦੇ ਕਰਮਾਂ ਦਾ ਨਾਸ਼ ਕਰ ਦਿੰਦਾ ਹੈ। ਆਤਮ ਗਿਆਨ ਨਾਲ ਸਰਬ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਆਤਮ ਗਿਆਨ ਜਾਂ ਗਿਆਨ ਯੋਗ, ਸਾਧਨਾ ਬਿਨਾਂ, ਆਤਮ ਚਿੰਤਨ ਬਿਨਾਂ, ਆਤਮ ਤੱਤ ਹਿਰਦੇ ਵਿਚ ਪ੍ਰਗਟ ਨਹੀਂ ਹੁੰਦਾ, ਯੋਗੀ ਦੇ ਹਿਰਦੇ ਵਿਚ ਇਹ ਜੋਤ ਦੇ ਸਰੂਪ ਵਿਚ ਪ੍ਰਗਟ ਹੁੰਦਾ ਹੈ।

ਬ੍ਰਹਮ ਹੀ ਯਥਾਰਥ ਗਿਆਨ ਦਾ ਵਿਸ਼ਾ ਹੈ, ਇਸ ਬ੍ਰਹਮ ਨੂੰ ਜਾਣ ਕੇ ਅਮ੍ਰਿਤ (ਮ੍ਰਿਤੂ ਰਹਿਤ ਅਵਸਥਾ) ਦੀ ਪ੍ਰਾਪਤੀ ਹੁੰਦੀ ਹੈ ਜਿਸ ਅਵਸਥਾ ਨੂੰ ਮ੍ਰਿਤੂ ਪਹੁੰਚ ਹੀ ਨਹੀਂ ਸਕਦੀ। ਬ੍ਰਹਮ ਹੀ ਸਭ ਦੀ ਸੱਤਾ ਦਾ ਅਧਾਰ ਹੈ, ਬ੍ਰਹਮ ਨੂੰ ਹੀ ਵਿਸ਼ਵ ਪੁਰਸ਼, ਕਰਤਾ ਪੁਰਖ ਆਖਿਆ ਜਾਂਦਾ ਹੈ, ਇਹੋ ਨਿਰਭਉ ਹੈ, ਨਿਰਵੈਰ ਹੈ, ਸ਼ਬਦ ਹੈ, ਸਾਰਾ ਵਿਸ਼ਵ ਹੈ। ਇਸ ਵਿਸ਼ਵ ਪੁਰਖ ਦੇ ਅਨੇਕ ਹੱਥ, ਪੈਰ, ਅੱਖਾਂ, ਕੰਨ, ਹਿਰਦੇ ਹਨ ਪਰ ਆਤਮ ਦ੍ਰਿਸ਼ਟੀ ਨਾਲ ਕੋਈ ਵੀ ਨਹੀਂ ਹੈ, ਜਿਵੇਂ ਕਿ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

***ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ***
***ਸਹਸ ਮੂਰਤਿ ਨਨਾ ਏਕ ਤੁੋਹੀ॥***
***ਸਹਸ ਪਦ ਬਿਮਲ ਨਨ ਏਕ ਪਦ***
***ਗੰਧ ਬਿਨੁ ਸਹਸ ਤਵ ਗੰਧ***
***ਇਵ ਚਲਤ ਮੋਹੀ॥***
***ਸਭ ਮਹਿ ਜੋਤਿ ਜੋਤਿ ਹੈ ਸੋਇ॥***
***ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥***
***ਗੁਰ ਸਾਖੀ ਜੋਤਿ ਪਰਗਟੁ ਹੋਇ॥*** ***ਪੰਨਾ - 13***

ਵੇਖਣ, ਸੁਣਨ, ਪਕੜਣ, ਚਲਣ, ਵਿਚਾਰਨ ਦੀਆਂ ਸਾਰੀਆਂ ਸ਼ਕਤੀਆਂ ਬ੍ਰਹਮ ਦੀਆਂ ਹਨ। ਉਹ ਸਾਰੀਆਂ ਇੰਦ੍ਰੀਆਂ ਤੋਂ ਰਹਿਤ ਹੈ। ਸਾਰੀਆਂ ਇੰਦ੍ਰੀਆਂ ਦੇ ਗੁਣਾਂ ਦਾ ਅਕਾਸ਼ ਬ੍ਰਹਮ ਹੈ। ਉਹ ਸੰਗ ਰਹਤ ਹੈ, ਸਭ ਦਾ ਪਾਲਕ ਹੈ, ਨਿਰਗੁਣ ਹੈ, ਸਾਰੇ ਗੁਣਾਂ ਦਾ ਅਧਾਰ ਹੈ। ਬ੍ਰਹਮ ਸਾਰੇ ਭੂਤਾਂ, ਪ੍ਰਾਣੀਆਂ ਅਤੇ ਤੱਤਾਂ ਦੇ ਬਾਹਰ ਤੇ ਅੰਦਰ ਹੈ। ਉਹ ਅਚਰ, ਅਚਲ ਹੈ, ਗਤੀਸ਼ੀਲ ਨਹੀਂ ਹੈ। ਅਤਿ ਸੂਖਸ਼ਮ ਹੋਣ ਦੇ ਕਾਰਨ ਉਸ ਨੂੰ ਜਾਣਿਆ ਨਹੀਂ ਜਾ ਸਕਦਾ। ਉਹ ਦੂਰ ਭੀ ਹੈ, ਨੇੜੇ ਭੀ ਹੈ। ਅਗਿਆਨੀਆਂ ਲਈ ਹਮੇਸ਼ਾ ਪਰ੍ਹੇ ਹੈ, ਗਿਆਨੀ ਉਸ ਨੂੰ ਆਪਣੇ ਹਿਰਦੇ ਵਿਚ ਅਨੁਭਵ ਕਰਦਾ ਹੈ। ਸਾਰੇ ਜੀਵਾਂ ਦਾ ਉਤਪਾਤਾ, ਨਿਰਮਾਤਾ, ਪਾਲਕ, ਵਿਨਾਸ਼ਕ ਹੈ, ਉਹ ਸਾਰਿਆਂ ਦੀ ਜੋਤ ਹੈ। ਅੰਧਕਾਰ ਤੋਂ ਪਰ੍ਹੇ ਹੈ, ਉਹ ਬ੍ਰਹਮ ਗਿਆਨ ਸਰੂਪ ਹੈ, ਗਿਆਨ ਦਾ ਵਿਸ਼ਾ ਨਹੀਂ ਹੈ ਅਤੇ ਗਿਆਨ ਦੁਆਰਾ ਪ੍ਰਾਪਤ ਕਰਨ ਯੋਗ ਹੈ। ਸਭ ਦੇ ਹਿਰਦਿਆਂ ਵਿਚ ਵਾਸਾ ਕਰਦਾ ਹੈ। ਬ੍ਰਹਮ ਸਭ ਵਿਚ ਵਿਆਪਕ ਹੈ, ਆਪ ਹੀ ਨਿਰਗੁਣ ਹੈ, ਆਪ ਹੀ ਸਰਗੁਣ ਹੈ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***

***ਪੰਨਾ - 846***

ਰਾਜਕੁਮਾਰੀ ਨੇ ਇਹ ਬਚਨ ਬਹੁਤ ਹੀ ਧਿਆਨ ਨਾਲ ਸਰਵਣ ਕੀਤੇ। ਹੁਣ ਉਸ ਨੂੰ ਇਕ-ਇਕ ਬਚਨ ਜੋ ਭਾਈ



Sri Satguru Jagjit Singh Ji eLibrary NamdhariElibrary@gmail.com

ਤਿਲੋਕਾ ਜੀ ਨੇ ਸਹਿਜ ਨਾਲ ਹੀ ਦੱਸੇ ਸਨ ਉਨ੍ਹਾਂ ਉਪਰ ਪੂਰੀ ਨਿਸ਼ਠਾ ਆ ਗਈ। ਪੰਡਤ ਜੀ ਨੇ ਰਾਜਕੁਮਾਰੀ ਨੂੰ ਕਿਹਾ ਕਿ ਬੇਟੀ! ਤੂੰ ਜੋ ਸਾਧਨ ਕਰ ਰਹੀ ਹੈਂ ਇਹ ਬਹੁਤ ਹੀ ਉਚਾ ਸਾਧਨ ਤੈਨੂੰ ਭਾਈ ਤਿਲੋਕਾ ਜੀ ਦਸ ਗਏ ਹਨ ਅਤੇ ਤੇਰੇ ਅੰਦਰ ਪ੍ਰਬਲ ਬੈਰਾਗ ਪੈਦਾ ਕਰ ਗਏ ਹਨ। ਕਿੱਡੀ ਲਗਨ ਹੈ ਕਿ ਪੰਜ ਸਾਲ ਬੀਤਣ ਉਪਰੰਤ ਵੀ ਤੇਰੇ ਅੰਦਰ ਸ਼ੰਕਾ ਨਹੀਂ ਆਇਆ ਅਤੇ ਨਾ ਹੀ ਤੇਰਾ ਵਿਸ਼ਵਾਸ਼ ਟੁੱਟਿਆ ਹੈ। ਮੈਂ ਤੈਨੂੰ ਅਸ਼ੀਰਵਾਦ ਦਿੰਦਾ ਹਾਂ ਕਿ ਤੂੰ ਇਸੇ ਤਰ੍ਹਾਂ ਦ੍ਰਿੜ੍ਹਤਾ ਨਾਲ ਲੱਗੀ ਰਹੇਂ। ਮੈਂ ਤੈਨੂੰ ਆਤਮਾ ਬਾਰੇ ਜੋ ਦਸਿਆ ਹੈ, ਉਹ ਮੈਂ ਤੈਨੂੰ ਵਿਦਿਆ ਬਲ ਕਰਕੇ ਦਸਿਆ ਹੈ। ਸਾਧਨ ਤਾਂ ਮੈਂ ਵੀ ਕਰ ਰਿਹਾ ਹਾਂ ਪਰ ਮੈਂ ਹਾਲੇ ਇਥੇ ਤਕ ਪਹੁੰਚਿਆ ਨਹੀਂ। ਤੇਰੇ ਵਿਚ ਦ੍ਰਿੜ੍ਹ ਲਗਨ ਹੈ, ਮੈਂ ਤੈਨੂੰ ਦਸਦਾ ਹਾਂ ਕਿ ਤੈਨੂੰ ਛੇਤੀਂ ਹੀ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਹੋਣਗੇ ਅਤੇ ਉਹ ਤੈਨੂੰ ਆਤਮਾ ਪ੍ਰਤੱਖ ਕਰਕੇ ਦਿਖਾ ਦੇਣਗੇ ਅਤੇ ਤੂੰ ਸਚਿਆਰ ਹੋ ਜਾਵੇਂਗੀ, ਉਸ ਸਮੇਂ ਤੂੰ ਇਸ ਸਰੀਰ ਵਿਚ ਵਰਤ ਰਹੀ ਜੋ 'ਮੈਂ' ਸਮਝਦੀ ਹੈਂ ਇਹ ਨਹੀਂ ਰਹਿਣੀ, ਤੂੰ ਆਪ ਹੀ ਵਿਸ਼ਵ ਪੁਰਸ਼ ਦਾ ਪਦ ਪ੍ਰਾਪਤ ਕਰ ਲਵੇਂਗੀ। ਉਹ ਆਪ ਹੀ ਬ੍ਰਹਮ ਰੂਪ ਹਨ, ਉਹ ਤੈਨੂੰ ਵੀ ਬ੍ਰਹਮ ਸਰੂਪ ਹੀ ਬਣਾ ਦੇਣਗੇ। ਜੋ ਬਚਨ ਮੈਨੂੰ ਮਹਾਰਾਣੀ ਜੀ ਨੇ ਦੱਸੇ ਹਨ, ਜੋ ਤੂੰ ਸਮੇਂ-ਸਮੇਂ ਇਨ੍ਹਾਂ ਨਾਲ ਕਰਦੀ ਰਹਿੰਦੀ ਹੈ ਉਹ ਸੁਣ ਕੇ ਮੈਂ ਇਸ ਅਨੁਭਵ ਵਿਚ ਆ ਗਿਆ ਹਾਂ ਕਿ ਜੋ ਤੇਰੀਆਂ ਸਰੀਰ ਤੋਂ ਵੱਖ ਹੋ ਕੇ ਉਡਾਰੀਆਂ ਹਨ ਉਹ ਬਹੁਤ ਹੀ ਅਸੀਮਤ ਹਨ ਪਰ ਗੁਰੂ ਤੋਂ ਬਗੈਰ ਜੀਵ ਭਾਵ ਕਿਸੇ ਤਰ੍ਹਾਂ ਨਾਲ ਨਹੀਂ ਟੁਟਿਆ ਕਰਦਾ। ਕੇਵਲ ਸਮਰੱਥ ਗੁਰੂ ਹੈ ਜੋ ਆਤਮਾ ਤੇ ਪ੍ਰਮਾਤਮਾ ਨੂੰ ਨਿਆਰੇ-ਨਿਆਰੇ ਕਰਕੇ ਅਸਲ ਸਰੂਪ ਦੀ ਸੋਝੀ ਕਰਾ ਦਿੰਦਾ ਹੈ।

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਪੰਨਾ - 306*

ਵਿਵਹਾਰਕ ਰੂਪ ਵਿਚ ਓਹੋ ਬ੍ਰਹਮਗਿਆਨ ਦੇ ਮਹਾਂ ਪ੍ਰਕਾਸ਼ ਵਿਚ ਉਹ ਕਾਰਜ ਕਰਦਾ ਹੈ ਜੋ ਸਰਬੱਤ ਦੇ ਭਲੇ ਲਈ ਹੋਇਆ ਕਰਦਾ ਹੈ ਕਿਉਂਕਿ ਸਾਰਿਆਂ ਵਿਚ ਉਸ ਨੂੰ ਆਪਣਾ ਆਪ ਦਿਸ ਰਿਹਾ ਹੁੰਦਾ ਹੈ।

ਬ੍ਰਹਮ ਨੇਤਰੀ, ਬ੍ਰਹਮ ਸਰੋਤਰੀ, ਬ੍ਰਹਮ ਬਕਤਾ ਪੁਰਸ਼ ਸਦਾ ਹੀ ਸਤਿ ਵਿਚ ਨਿਵਾਸ ਕਰਨ ਵਾਲੇ ਪੁਰਸ਼ ਹੋਇਆ ਕਰਦੇ ਹਨ। ਅਜਿਹਾ ਉਪਦੇਸ਼ ਸੁਣ ਕੇ ਰਾਜਕੁਮਾਰੀ ਨੇ ਜਦੋਂ ਇਨ੍ਹਾਂ ਬਚਨਾਂ ਦੀ ਤੁਲਨਾ ਭਾਈ ਤਿਲੋਕਾ ਜੀ ਦੇ ਬਚਨਾਂ ਨਾਲ ਕੀਤੀ ਤਾਂ ਉਸ ਨੂੰ ਆਪਣੇ ਮਾਰਗ ਦੀ ਨਿਸ਼ਠਾ ਉਤੇ ਪੂਰਨ ਵਿਸ਼ਵਾਸ਼ ਹੋ ਗਿਆ। ਹੁਣ ਉਹ ਨਾਮ ਜਪਣ ਦੇ ਨਾਲ ਹੀ ਵਿਵੇਕ ਮੰਡਲ ਵਿਚ ਵਾਸਾ ਕਰ ਗਈ। ਗੁਰੂ ਵਾਲਾ ਹੋ ਕੇ ਨਾਮ ਜਪਣ ਤੇ ਬਾਣੀ ਕਮਾਉਣ ਨਾਲ ਸਚਖੰਡ ਵਿਚ ਵਾਸਾ ਹੋ ਜਾਇਆ ਕਰਦਾ ਹੈ ਅਤੇ ਚਾਰ ਤਰ੍ਹਾਂ ਦੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ ਪਰ ਗੁਰੂ ਕ੍ਰਿਪਾ ਤੋਂ ਬਗੈਰ ਅਭੇਦ ਅਵਸਥਾ, ਜੀਵਨ ਮੁਕਤੀ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ।

ਰਾਜਕੁਮਾਰੀ ਦੇ ਅੰਦਰ ਹੁਣ ਬਹੁਤ ਖਿੱਚ ਪੈਦਾ ਹੋ ਗਈ, ਪ੍ਰੇਮ ਪ੍ਰਬਲ ਹੋ ਗਿਆ, ਉਹ ਸਦਾ ਹੀ ਅਨੇਕ ਭਾਵਾਂ ਨਾਲ ਆਪਣੇ ਅੰਦਰਲੇ ਸਨੇਹ ਭਰੇ ਸੰਦੇਸ਼ ਹੰਝੂਆਂ ਰਾਹੀਂ ਅੰਦਰੋਂ ਮਹਾਰਾਜ ਜੀ ਵਲ ਨੂੰ ਭੇਜ ਰਹੀ ਹੈ।

*ਧਾਰਨਾ - ਫੰਗ ਵਿਕਦੇ ਹੋਣ ਬਜਾਰੀਂ,*
*ਗੁਰਾਂ ਨੂੰ ਮੈਂ ਉਡ ਕੇ ਮਿਲਾਂ ਪਿਆਰਿਓ! ਪਿਆਰਿਓ,*
*ਗੁਰਾਂ ਨੂੰ ਮੈਂ ਉਡ ਕੇ ਮਿਲਾਂ*
*ਫੰਗ ਬਿਕਦੇ ...,.........।*

*ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥*
*ਪੰਨਾ - 1094*

ਰਾਜਕੁਮਾਰੀ ਦੀ ਸੁਰਤ ਅਤਿ ਉਚੀਆਂ ਉਚਾਈਆਂ ਵਿਚ ਪ੍ਰਵੇਸ਼ ਕਰ ਗਈ, ਅਨੇਕ ਵਾਜੇ, ਅਨੇਕ ਧੁਨਾਂ, ਅਨੇਕ ਦਰਸ਼ਨ ਇਸ ਅਵਸਥਾ ਵਿਚ ਹੋ ਰਹੇ ਹਨ, ਉਸ ਨੂੰ ਦਸਵੇਂ ਦੁਆਰ ਦਾ ਵਾਸਾ ਪ੍ਰਾਪਤ ਹੋ ਗਿਆ, ਜਿਸ ਦੇ ਬਾਰੇ ਫੁਰਮਾਨ ਆਉਂਦੇ ਹਨ -

*ਨਉ ਦਰ ਠਾਕੇ ਧਾਵਤੁ ਰਹਾਏ॥*
*ਦਸਵੈ ਨਿਜ ਘਰਿ ਵਾਸਾ ਪਾਏ॥*
*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦੁ ਸੁਣਾਵਣਿਆ॥*
*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥ ਪੰਨਾ - 124*

ਇਹ ਸ਼ਬਦ ਆਉਂਦਾ ਹੈ -

*ਧਾਵਤ ਥੰਮਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮਿ ਰਹਾਇਆ॥*
*ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ॥*
*ਇਉ ਕਹੈ ਨਾਨਕੁ ਸਤਿਗੁਰਿ ਮਿਲਿਐ*
*ਧਾਵਤੁ ਥੰਮਿਆ ਨਿਜ ਘਰਿ ਵਸਿਆ ਆਏ॥*
*ਪੰਨਾ - 441*

ਇਹ ਬਚਨ ਇਸ ਨੇ ਇਸ ਥਾਂ ਦੇ ਵਾਸਾ ਪਾਉਣ ਬਾਰੇ ਪਹਿਲਾਂ ਸੁਣੇ ਹੋਏ ਹੀ ਸਨ, ਹੁਣ ਪ੍ਰਤੱਖ ਰੂਪ ਵਿਚ ਇਹ ਇਸ ਸਰੀਰ ਰੂਪੀ ਘਰ ਵਿਚ ਉਸ ਜੋਤ ਸਰੂਪ ਤੱਤ ਨੂੰ ਚਿੰਤਨ ਕਰ ਰਹੀ ਹੈ ਜੋ ਸਾਰਿਆਂ ਵਿਚ ਵਸ ਰਿਹਾ ਹੈ ਜਿਵੇਂ ਕਿ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*
*ਪੰਨਾ - 954*

ਇਸ ਕਾਇਆ ਕੋਟ ਦੇ ਨੌਂ ਦਰਵਾਜ਼ੇ ਪ੍ਰਗਟ ਹਨ, ਜੋ ਦਸਵਾਂ ਦੁਆਰ ਹੈ, ਉਹ ਬੰਦ ਹੈ। ਉਸ ਉਪਰ ਅਗਿਆਨ ਦੇ



Sri Satguru Jagjit Singh Ji eLibrary NamdhariElibrary@gmail.com

ਬਜਰ ਕਪਾਟ, ਆਸਾ ਤੇ ਅੰਦੇਸੇ ਰੂਪੀ ਪਟ ਜੜੇ ਹੋਏ ਹਨ। ਗੁਰੂ ਦੇ ਸ਼ਬਦ ਦੀ ਕਮਾਈ ਦੇ ਨਾਲ ਇਹ ਦਰਵਾਜ਼ੇ ਖੁਲ੍ਹ ਜਾਇਆ ਕਰਦੇ ਹਨ। ਇਹ ਥਾਂ ਅਕਾਲ ਪੁਰਖ ਜੀ ਨੇ ਆਤਮਾ (ਆਪਣੇ) ਦੇ ਰਹਿਣ ਦੀ ਰੱਖੀ ਹੈ, ਜਿਥੇ ਗੁਰੂ ਦੇ ਜੋਤ ਸਰੂਪ ਦੇ ਦਰਸ਼ਨ ਹੁੰਦੇ ਹਨ -

***ਜਗਤੁ ਉਪਾਇ ਖੇਲੁ ਰਚਾਇਆ॥***
***ਪਵਣੈ ਪਾਣੀ ਅਗਨੀ ਜੀਉ ਪਾਇਆ॥***
***ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ॥***
***ਪੰਨਾ - 1031***

ਹੁਣ ਇਸ ਨੂੰ ਹਰ ਚੀਜ਼ ਵਿਚੋਂ ਨਾਮ ਧੁਨ ਸੁਣ ਰਹੀ ਹੈ। ਅਕਾਸ਼, ਤਾਰੇ, ਪਤਾਲ, ਸਮੁੰਦਰ ਸਭ ਦੇ ਅੰਦਰ ਇਹ ਇਕੋ ਆਤਮਾ ਨੂੰ ਅਨੁਭਵ ਕਰ ਰਹੀ ਹੈ, ਆਤਮ ਚਿੰਤਨ ਕਰ ਰਹੀ ਹੈ। ਸੁਖਮਨੀ ਸਾਹਿਬ ਦੇ ਅੰਦਰ ਇਸੇ ਤੱਤ ਵਲ ਇਸ਼ਾਰਾ ਕਰਕੇ ਗੁਰੂ ਮਹਾਰਾਜ ਜੀ ਨੇ ਫ਼ੁਰਮਾਨ ਕੀਤਾ ਹੈ -

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥***
***ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥***
***ਜੈਸੀ ਆਗਿਆ ਤੈਸਾ ਕਰਮੁ॥***
***ਪਉਣ ਪਾਣੀ ਬੈਸੰਤਰ ਮਾਹਿ॥***
***ਚਾਰਿ ਕੁੰਟ ਦਹ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ।। ਪੰਨਾ - 294***

ਇਥੇ ਨਾਮ ਦੀ ਪਰਿਭਾਸ਼ਾ ਬਦਲ ਜਾਂਦੀ ਹੈ। ਪਹਿਲਾਂ ਨਾਮ ਵਾਹਿਗੁਰੂ-ਵਾਹਿਗੁਰੂ ਕਰਕੇ ਜਪਿਆ ਜਾਂਦਾ ਸੀ, ਹੁਣ ਸ਼ਬਦ ਹੇਠਾਂ ਰਹਿ ਗਿਆ ਅਤੇ ਆਤਮ ਤੱਤ ਦੀ ਵਿਚਾਰ ਪ੍ਰਥਮ ਸਾਧਨਾ ਦੇ ਰੂਪ ਵਿਚ ਹੋਣ ਲੱਗ ਪਈ। ਵਾਹਿਗੁਰੂ ਦੇ ਨਾਮ ਦਾ ਪ੍ਰਤੱਖ ਰੂਪ ਆਤਮ ਤੱਤ ਬ੍ਰਹਮ, ਵਾਹਿਗੁਰੂ, ਪ੍ਰਮਾਤਮਾ ਹੈ, ਹੁਣ ਉਹ ਅੱਖਰਾਂ ਦਾ ਮੁਹਤਾਜ ਨਾ ਰਿਹਾ, ਅਨੁਭਵ ਦਾ ਵਿਸ਼ਾ ਬਣ ਗਿਆ। ਅੱਖਰ ਖਿਰ ਜਾਂਦੇ ਹਨ ਪਰ ਉਹ ਅੱਖਰਾਂ ਵਿਚ ਸਮਾਇਆ ਹੋਇਆ ਤੱਤ ਰੂਪਮਾਨ ਹੋ ਕੇ ਥਿਰ ਰਹਿੰਦਾ ਹੈ।

ਅੱਖਰ ਇਥੇ ਤਕ ਪਹੁੰਚਾਉਂਦੇ ਹਨ। ਹੁਣ ਸੁਧ ਅਨੁਭਵ ਪ੍ਰਤੱਖ ਰੂਪ ਵਿਚ ਦੇਖਦੀ ਹੈ ਕਿ ਇਥੇ ਮੇਰਾ ਕੋਈ ਵਜੂਦ ਨਹੀਂ ਹੈ, ਮੈਂ ਆਪਣੇ ਆਪ ਨੂੰ ਦੇਹ, ਜੀਵ-ਆਤਮਾ ਵਰਗੀ ਹੋਂਦ ਮੰਨਦੀ ਰਹੀ, ਇਹ ਮੇਰੀ ਬੜੀ ਭਾਰੀ ਭੁੱਲ ਸੀ, ਇਹ ਤਾਂ ਅਣਹੋਈ ਗੱਲ ਹੀ ਸੀ।

ਮੈਂ ਤਾਂ ਕਦੇ ਹੋਈ ਹੀ ਨਹੀਂ, ਇਹ ਤਾਂ ਸਾਰੇ ਵਾਹਿਗੁਰੂ ਜੀ ਹੀ ਹਨ। ਜਿਸ ਨੂੰ 'ਮੈਂ' 'ਮੈਂ' ਕਹਿੰਦੇ ਹਨ, ਤੂੰ ਕਹਿੰਦਾ ਹੈਂ, ਇਹ ਕਹਿੰਦਾ ਹੈ, ਇਥੇ, ਉਥੇ ਕਹਿੰਦੇ ਹਾਂ, ਇਹ ਕੁਝ ਵੀ ਨਹੀਂ ਹੈ, ਇਹ ਤਾਂ ਸਭ ਭਰਮ ਭੁਲੇਖੇ ਹਨ, ਇਥੇ ਤਾਂ ਅਖੰਡ ਰੂਪ ਵਿਚ ਵਾਹਿਗੁਰੂ ਜੀ ਆਪ ਹੀ ਹਨ। ਇਸ ਵੇਲੇ ਦੀ ਅਵਸਥਾ ਨੂੰ ਪੜ੍ਹੋ -

***ਧਾਰਨਾ - ਗੁਰਾਂ ਨੇ ਮੇਰੇ ਓ ਨੈਣ ਖੋਲ੍ਹ ਤੇ,***
***ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ,***
***ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ -2***
***ਗੁਰਾਂ ਨੇ ਮੇਰੇ ਓ ਨੈਣ ਖੋਲ੍ਹ ਤੇ,........।***

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ॥ ਪੰਨਾ - 407***

ਹੁਣ ਮੈਂ ਦੇ ਵਿਚ ਮੈਂ ਨਾ ਰਹੀ, ਮੈਂ ਤੂੰ ਦੇ ਵਿਚ ਲੀਨ ਹੋ ਗਈ। ਇਸ ਗਿਆਨ ਨੂੰ ਪ੍ਰਤੱਖ ਰੂਪ ਵਿਚ ਤੱਤ ਬੇਤੇ ਮਹਾਂਪੁਰਸ਼ ਸਮਰੱਥ ਗੁਰੂ ਦੀ ਕ੍ਰਿਪਾ ਦੇ ਨਾਲ ਮੈਂ 'ਚੋਂ ਕੱਢ ਕੇ ਤੂੰ ਹੀ ਬਣਾ ਦਿੰਦੇ ਹਨ।

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***
***ਪੰਨਾ - 1375***

ਇਸ ਅਵਸਥਾ ਵਿਚ ਮਨ ਅਮਨ ਹੋ ਗਿਆ। ਫੁਰਨੇ ਖਤਮ ਹੋ ਗਏ, ਜੀਵਨ ਸਹਿਜ ਵਿਚ ਆ ਗਿਆ; ਜੋ ਕੁਝ ਹੋ ਰਿਹਾ ਹੈ, ਹੋ ਹੀ ਰਿਹਾ ਹੈ, ਵਿਵਹਾਰ ਵਿਚ ਜੋ ਕਰਤਵ ਇਸ ਸਰੀਰ ਦੇ ਕਰਨ ਯੋਗ ਹੈ ਉਹ ਕੀਤਾ ਜਾ ਰਿਹਾ ਹੈ, ਕਿਸੇ ਫਲ ਦੀ ਇੱਛਾ ਨਹੀਂ, ਕੁਝ ਕਰਨ ਦੀ ਇੱਛਾ ਨਹੀਂ, ਸਭ ਕੁਝ ਆਪਣੇ ਆਪ ਹੁਕਮ ਵਿਚ ਹੋ ਰਿਹਾ ਹੈ। ਇਕੋ ਤੱਤ ਨਜ਼ਰ ਆ ਰਿਹਾ ਹੈ ਜਿਸ ਦੇ ਬਾਰੇ ਫ਼ੁਰਮਾਨ ਹੈ -

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥***
***ਪੰਨਾ - 1414***

ਹੁਣ ਬੀਬੀ ਨੂੰ ਛੇ ਸਾਲ ਇਸੇ ਮੱਠ ਵਿਚ ਬੈਠਦਿਆਂ ਲੰਘ ਗਏ ਅਤੇ ਅਨੁਭਵ ਵਿਚ ਪ੍ਰਕਾਸ਼ ਹੋ ਗਿਆ, ਇਕੋ ਆਤਮਾ ਦੇ ਝਲਕਾਰੇ ਸਭ ਥਾਵਾਂ ਤੋਂ ਵਜਣ ਲਗ ਗਏ। ਅੱਜ ਇਹ ਸਵੇਰੇ ਹੀ ਅੰਮ੍ਰਿਤ ਵੇਲੇ ਮੱਠ ਵਿਚ ਜਾ ਕੇ ਬੈਠ ਗਈ। ਪਿਆਰ ਤੇ ਬੈਰਾਗ ਦਾ ਐਨਾ ਹੜ੍ਹ ਆ ਗਿਆ ਕਿ ਨੇਤਰਾਂ ਵਿਚੋਂ ਜਲ ਸਮਾਪਤ ਨਹੀਂ ਹੋ ਰਿਹਾ। ਇਕੋ ਲਗਨ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨਾਂ ਦੀ, ਸਮੁੰਦਰ ਦੀ ਲਹਿਰ ਵਾਂਗੂੰ ਉਠੀ ਹੋਈ ਹੈ।

ਸਾਧਸੰਗਤ ਜੀ! ਨਿਰਾ ਗਿਆਨ, ਫੋਕਾ ਹੋਇਆ ਕਰਦਾ ਹੈ, ਉਸ ਵਿਚ ਰਸ ਨਹੀਂ ਹੋਇਆ ਕਰਦਾ। ਜਦੋਂ ਭਗਤ ਸਹਿਜ ਗਿਆਨ ਵਿਚ ਪਹੁੰਚਦਾ ਹੈ ਤਾਂ ਉਹ ਰਸ ਵਿਚ ਲੀਨ ਹੋਇਆ ਕਰਦਾ ਹੈ, ਉਹ ਗੁਰੂ ਨੂੰ ਪ੍ਰਤੱਖ ਰੂਪ ਵਿਚ ਪਾਰਬ੍ਰਹਮ ਪ੍ਰਮੇਸ਼ਰ ਸਰਬ ਥਾਂ ਰਮਿਆ ਹੋਇਆ ਤਕਦਾ ਹੈ। ਉਹ ਇਹ ਨਹੀਂ ਕਹਿੰਦਾ ਕਿ ਮੈਂ ਰੱਬ ਹਾਂ, ਉਹ ਆਪਣੇ ਸਤਿਗੁਰੂ ਨੂੰ ਕਹਿੰਦਾ ਹੈ ਕਿ ਤੇਰੇ ਬਿਨਾਂ ਸੰਸਾਰ ਵਿਚ ਕੋਈ ਨਹੀਂ ਹੈ, ਤੂੰ ਆਪ ਹੀ ਪਾਰਬ੍ਰਹਮ ਪ੍ਰਮੇਸ਼ਰ ਹੈਂ, ਸਾਰੇ ਰੂਪਾਂ ਰੰਗਾਂ ਵਿਚ ਤੂੰ ਹੀ ਹੈਂ। ਆਪਣੇ ਆਪ ਨੂੰ ਸਿਰਫ ਇੰਨਾ ਹੀ ਕਹਿੰਦਾ ਹੈ ਕਿ ਜਿਸ ਨੂੰ ਮੈਂ ਆਪਣੇ ਤੋਂ ਵੱਖਰਾ ਸਮਝਦਾ ਸੀ, ਇਹ ਵੀ ਆਪ ਹੀ ਹੈ। ਇਸ ਤਰ੍ਹਾਂ ਨਿਰਮਲ ਹੰਗਤਾ ਵੀ ਗਾਇਬ ਹੋ ਜਾਂਦੀ ਹੈ ਅਤੇ ਪਰਮ ਤੱਤ ਵਿਚ ਸਮਾਈ ਹੋ ਜਾਂਦੀ ਹੈ। ਅੱਜ ਪਿਆਰ ਵਿਚ ਬੈਠੀ ਨੂੰ ਹਨ੍ਹੇਰਾ ਹੋਣ ਵਾਲਾ ਹੋ ਗਿਆ,



Sri Satguru Jagjit Singh Ji eLibrary NamdhariElibrary@gmail.com

ਥੋੜ੍ਹੀ ਦੇਰ ਨੂੰ ਕੀ ਦੇਖਦੀ ਹੈ ਕਿ ਕੁਝ ਬਿਰਹੁੰ ਕੁੱਠੇ ਪ੍ਰੇਮੀ ਹੱਥਾਂ ਵਿਚ ਮਸਾਲਾਂ ਲਈਂ ਇਸ ਦੇ ਮੱਠ ਵਲ ਨੂੰ ਆ ਰਹੇ ਹਨ ਅਤੇ ਆਵਾਜ਼ ਆ ਰਹੀ ਹੈ-

*ਧਾਰਨਾ - ਗੁਰਾਂ ਦੇ ਦਰਸ਼ਨ ਤਾਈਂ ਮੇਰਾ ਮਨ ਲੋਚਦਾ 2, 2.*
*ਮਨ ਲੋਚੈ ਮੇਰਾ ਮਨ ਲੋਚੈ -2, 2.*
*ਗੁਰਾਂ ਦੇ ਦਰਸ਼ਨ ਤਾਈਂ,.............।*

*ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥*
*ਪੰਨਾ - 1094*

*ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥*
*ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥*
*ਪੰਨਾ - 1095*

ਅਵਾਜ਼ ਕੰਨਾਂ ਵਿਚ ਪਈ, ਹਿਰਦਾ ਵਿੰਨ੍ਹਿਆ ਗਿਆ, ਖਿੱਚ ਪੈ ਗਈ, ਨੇਤਰਾਂ 'ਚੋਂ ਜਲ ਵਹਿਣਾ ਸ਼ੁਰੂ ਹੋ ਗਿਆ। ਅੰਦਰ ਕਿਸੇ ਅਣਡਿੱਠੇ ਦਰਸ਼ਨਾਂ ਦੀ ਲੋਚਾ ਜਾਗ ਉਠੀ, ਰੋਮ-ਰੋਮ ਵਿਚੋਂ ਝਰਨ੍ਹਾਟਾਂ ਆ ਰਹੀਆਂ ਹਨ, ਇਹ ਸ਼ਬਦ ਸੁਣ ਕੇ ਸ਼ਬਦ ਦਾ ਹੀ ਰੂਪ ਹੋ ਗਈ। ਹੰਝੂਆਂ ਦੀ ਝੜੀ ਲਗ ਗਈ, ਐਨੇ ਨੂੰ ਮਾਂ ਬਾਪ ਦੋਨੋਂ ਹੀ ਆ ਗਏ। ਆ ਕੇ ਰੋਸ਼ਨੀ ਕੀਤੀ, ਮਿਸਾਲ ਦੇ ਨਾਲ ਦੇਖਿਆ ਕਿ ਬੀਬਾ ਨਾ ਕੁਝ ਸੁਣਦੀ ਹੈ, ਨਾ ਹਿਲਦੀ ਹੈ, ਇਸ ਦੀਆਂ ਅੱਖਾਂ ਵਿਚੋਂ ਲਗਾਤਾਰ ਹੰਝੂਆਂ ਦੀ ਝੜੀ ਵਗ ਰਹੀ ਹੈ। ਅੱਜ ਮਾਂ ਬਾਪ ਦੇ ਆਏ ਤੇ ਬੋਲੀ ਨਹੀਂ। ਹਉਕੇ ਆ ਰਹੇ ਹਨ, ਜੰਗਲ ਵਿਚੋਂ ਹੀ ਫੇਰ ਅਵਾਜ਼ ਸੁਣੀ-

*ਧਾਰਨਾ - ਕਦੋਂ ਹੋਣਗੇ ਦੀਦਾਰੇ ਤੇਰੇ*
*ਅੱਖੀਆਂ ਤਰਸਦੀਆਂ - 2, 2.*
*ਮੇਰੇ ਪਿਆਰੇ, ਅੱਖੀਆਂ ਤਰਸਦੀਆਂ।*
*ਕਦੋਂ ਹੋਣਗੇ ਦੀਦਾਰੇ ਤੇਰੇ..........-2*

ਫੇਰ ਅਗਲੀ ਧਾਰਨਾ ਸੁਣੀ।

*ਧਾਰਨਾ - ਸਾਰੀ ਧਰਤੀ ਪਵਿੱਤਰ ਹੋ ਜਾਵੇ*
*ਮੇਰੇ ਵਿਹੜੇ ਆ ਜਾ ਮਾਲਕਾ - 2, 2.*
*ਮੇਰੇ ਪਿਆਰੇ, ਮੇਰੇ ਵਿਹੜੇ ਆ ਜਾ ਮਾਲਕਾ।*
*ਸਾਰੀ ਧਰਤੀ ਪਵਿੱਤਰ ਹੋ ਜਾਵੇ.......-2*

ਬਿਰਹੋਂ ਹੰਝੂਆਂ ਦਾ ਰੂਪ ਹੋ ਕੇ ਫੇਰ ਵਹਿ ਤੁਰਿਆ। ਅੱਜ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨਾਂ ਦੀ ਖਿੱਚ ਪੂਰੇ ਜੋਬਨ ਉਪਰ ਆਈ ਹੋਈ ਹੈ। ਅੱਜ ਰਾਜਕੁਮਾਰੀ ਬੋਲ ਨਹੀਂ ਰਹੀ, ਨਾ ਮਾਤਾ ਪਿਤਾ ਬੁਲਾਉਣ ਦੀ ਕੋਸ਼ਿਸ਼ ਕਰਦੇ ਹਨ। ਉਹ ਸਮਝਦੇ ਸਨ ਕਿ ਇਹ ਕਿਸੇ ਰੰਗ ਵਿਚ ਰੰਗੀ ਹੋਈ ਹੈ। ਦੋ ਗਰਾਹੀਆਂ ਛਕੀਆਂ ਤੇ ਪੈ ਗਈ। ਨੀਂਦ ਘਟ ਗਈ, ਭੁੱਖ ਘਟ ਗਈ। ਅੰਮ੍ਰਿਤ ਵੇਲੇ ਉਠੀ, ਇਸ਼ਨਾਨ ਕਰਕੇ ਕੋਈ ਹਾਰ ਸ਼ਿੰਗਾਰ ਨਹੀਂ ਲਾਇਆ, ਸਾਦੇ ਕਪੜਿਆਂ ਵਿਚ ਹੀ ਫੇਰ ਮੱਠ ਵਲ ਨੂੰ ਚਲ ਪਈ। ਥੋੜ੍ਹਾ ਸਮਾਂ ਹੀ ਗੁਜਰਿਆ ਸੀ, ਉਸ ਵੇਲੇ ਫੇਰ ਕੁਝ ਬੰਦੇ ਫਿਰਦੇ ਦੇਖੇ ਜੋ ਕੁਝ ਗਾ ਰਹੇ ਸਨ, ਪਰ ਬੋਲਾਂ ਵਿਚ ਬੜੀ ਹੂਕ ਸੀ, ਖਿੱਚ ਸੀ। ਸ਼ਬਦ ਸਨ -

*ਧਾਰਨਾ - ਦਰਸ਼ਨ ਸਾਹਿਬਾ ਤੇਰਾ ਮੈਂ ਦੇਖ ਦੇਖ ਜੀਵਾਂ।*
*ਦੇਖ-ਦੇਖ ਜੀਵਾਂ - 2, 4.*
*ਦਰਸ਼ਨ ਸਾਹਿਬਾ ਤੇਰਾ ਮੈਂ,..........।*

*ਦਰਸਨੁ ਦੇਖਿ ਜੀਵਾ ਗੁਰ ਤੇਰਾ॥*
*ਪੂਰਨ ਕਰਮੁ ਹੋਇ ਪ੍ਰਭ ਮੇਰਾ॥*
*ਇਹ ਬੇਨੰਤੀ ਸੁਣਿ ਪ੍ਰਭ ਮੇਰੇ॥*
*ਦੇਹਿ ਨਾਮੁ ਕਰਿ ਅਪਣੇ ਚੇਰੇ॥*
*ਅਪਣੀ ਸਰਣਿ ਰਾਖੁ ਪ੍ਰਭ ਦਾਤੇ॥*
*ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ॥*
*ਸੁਨਹੁ ਬਿਨਉ ਪ੍ਰਭ ਮੇਰੇ ਮੀਤਾ॥*
*ਚਰਣ ਕਮਲ ਵਸਹਿ ਮੇਰੈ ਚੀਤਾ॥*
*ਨਾਨਕੁ ਏਕ ਕਰੈ ਅਰਦਾਸਿ॥*
*ਵਿਸਰੁ ਨਾਹੀ ਪੂਰਨ ਗੁਣਤਾਸਿ॥ ਪੰਨਾ - 742*

ਇਹ ਸੁਣਦੇ ਸਾਰ ਰਾਜਕੁਮਾਰੀ ਉਚੀ-ਉਚੀ ਰੋਣ ਲਗ ਪਈ। ਸੁਣਨ ਵਾਲਾ ਨੇੜੇ ਕੋਈ ਨਹੀਂ ਸੀ, ਜੀਅ ਭਰ ਕੇ ਰੋਈ। ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਤੋਂ ਅਣਜਾਣ ਸੀ ਪਰ ਇਸ ਨੂੰ ਇਹ ਪਤਾ ਸੀ ਕਿ ਉਹ ਨਿਰਾ ਨੂਰ ਹਨ, ਉਨ੍ਹਾਂ ਦੇ ਦਰਸ਼ਨ ਝੱਲੇ ਨਹੀਂ ਜਾਂਦੇ। ਅੰਦਰੋਂ ਪੂਰੀ ਆਸ ਵਿਚ ਸੀ ਕਿ ਜਿਵੇਂ ਮੈਂ ਟੋਲ੍ਹ ਰਹੀ ਹਾਂ, ਇਹ ਵੀ ਕਹਿ ਰਹੇ ਹਨ, ਤੇਰੇ ਦਰਸ਼ਨ ਨੂੰ ਦੇਖ ਕੇ ਮੈਂ ਜੀਉਂਦਾ ਹਾਂ। ਜੇ ਦਰਸ਼ਨ ਨਹੀਂ ਹੁੰਦੇ ਤਾਂ ਇਸ ਦੇ ਵਿਪਰੀਤ ਮੈਂ ਮਰ ਜਾਂਦਾ ਹਾਂ। ਕਈ ਦਿਨਾਂ ਤੋਂ ਇਹ ਗੁਰਸਿੱਖ ਜੰਗਲ ਵਿਚ ਫਿਰ ਰਹੇ ਸਨ ਪਰ ਇਨ੍ਹਾਂ ਨੂੰ ਇਹ ਮੱਠ ਨਹੀਂ ਸੀ ਲੱਭ ਰਿਹਾ ਜਿਸ ਥਾਂ ਇਹ ਰਾਜਕੁਮਾਰੀ ਨਾਮ ਯੋਗ ਵਿਚ ਰੰਗੀ ਜਪ ਤਪ ਕਰ ਰਹੀ ਸੀ, ਗੁਰੂ ਨਾਨਕ ਪਾਤਸ਼ਾਹ ਨੂੰ ਖਿੱਚ ਰਹੀ ਸੀ। ਮੁਖੀ-ਮੁਖੀ ਗੁਰਸਿੱਖਾਂ ਨੂੰ ਦਰਸ਼ਨਾਂ ਦੀ ਖਿੱਚ ਨੇ ਬਿਹਬਲ ਕੀਤਾ ਹੋਇਆ ਸੀ ਕਿਉਂਕਿ ਉਨ੍ਹਾਂ ਨੂੰ ਪਤਾ ਲਗ ਗਿਆ ਸੀ ਕਿ ਗੁਰੂ ਨਾਨਕ ਪਾਤਸ਼ਾਹ ਆਪਣੀ ਲੰਮੀ ਉਦਾਸੀ ਕਰਕੇ ਪੰਜਾਬ ਵਿਚ ਪਹੁੰਚ ਗਏ ਹਨ। ਉਹ ਝਨਾਅ ਦਰਿਆ ਦੇ ਕੰਢੇ-ਕੰਢੇ ਉਪਰ ਵਲ ਨੂੰ ਜਾ ਰਹੇ ਹਨ। ਦਰਸ਼ਨ ਕੁੱਠੇ, ਬੇਬੇ ਨਾਨਕੀ ਜੀ ਪਾਸ ਗਏ, ਉਨ੍ਹਾਂ ਵਿਚ ਭਾਈ ਭਗੀਰਥ ਆਦਿ ਗੁਰਸਿੱਖ ਸਨ। ਬੇਬੇ ਜੀ ਨੂੰ ਪੁਛਿਆ ਕਿ ਤੁਸੀਂ ਹੀ ਕੁਝ ਦੱਸੋ ਤਾਂ ਉਨ੍ਹਾਂ ਨੇ ਕਿਹਾ ਕਿ ਮੇਰੇ ਅੰਦਰ ਜੋ ਗੱਲ ਆ ਰਹੀ ਹੈ ਉਹ ਇਹ ਹੈ ਕਿ ਕੋਈ ਪ੍ਰੇਮੀ ਉਨ੍ਹਾਂ ਨੂੰ ਪੂਰਨ ਰੂਪ ਵਿਚ ਬਿਰਹੁ ਕੁੱਠਾ ਹੋ ਕੇ ਖਿੱਚ ਰਿਹਾ ਹੈ। ਤੁਸੀਂ ਝਨਾਅ ਦੇ ਕੰਢੇ, ਜਿਸ ਦੀ ਉਡਦੀ-ਉਡਦੀ ਖਬਰ ਮੇਰੇ ਤਕ ਪਹੁੰਚੀ ਹੈ, ਜਾਓ ਅਤੇ ਮੇਰੇ ਪਾਰਬ੍ਰਹਮ ਰੂਪ ਵੀਰ ਨੂੰ ਟੋਲ੍ਹ ਕੇ ਮੈਨੂੰ ਦਰਸ਼ਨ ਦੇਣ ਲਈ ਵੀ ਬੇਨਤੀ ਕਰ ਦੇਣਾ। ਜਦੋਂ ਉਹ ਇਸ ਇਲਾਕੇ ਵਿਚ ਪਹੁੰਚੇ, ਗੁਰਮੁਖ ਪਿਆਰਿਆਂ ਨੂੰ ਮਿਲੇ ਤਾਂ ਗੱਲਾਂ ਕਰਦੇ-ਕਰਦੇ ਇਸ ਗੱਲ ਦੀ ਸੂਹ ਮਿਲੀ ਕਿ ਜੋ ਕੁਝ ਵਿੱਥ ਤੇ ਵੱਡਾ ਭਾਰੀ ਜੰਗਲ ਹੈ, ਉਸ ਵਿਚ ਗੁਰਸਿੱਖ ਇਕ ਰਾਜਕੁਮਾਰੀ ਦੇ ਹੱਥੋਂ ਸ਼ੇਰ ਦੇ ਭੁਲੇਖੇ ਵਿਚ ਮਾਰਿਆ ਗਿਆ ਸੀ। ਇਹ ਵੀ ਸੂਹ ਪਹੁੰਚੀ ਕਿ ਉਸ ਦਿਨ ਤੋਂ ਹੀ ਉਹ ਗੁਰੂ ਨਾਨਕ ਪਾਤਸ਼ਾਹ ਦੀ ਯਾਦ ਵਿਚ ਉਸ ਮੱਠ ਵਿਚ ਬੈਠੀ ਖਿੱਚ ਪਾ ਰਹੀ ਸੀ। ਸਾਰੇ ਗੁਰਮੁਖਾਂ ਨੇ ਵਿਚਾਰਿਆ ਕਿ ਪਤਿਤਾਂ ਦਾ ਉਧਾਰ ਕਰਨ ਵਾਲੇ ਸਤਿਗੁਰੂ ਜੀ ਜ਼ਰੂਰ ਉਸ ਮੱਠ ਵਿਚ ਜਾਣਗੇ।



Sri Satguru Jagjit Singh Ji eLibrary NamdhariElibrary@gmail.com

ਕਦੇ ਕਦੇ ਮੱਠ ਵਲ ਨੂੰ ਆਉਂਦੀ ਹੋਈ ਆਪਣੇ ਛੋਟੇ ਵੀਰ ਨੂੰ ਵੀ ਨਾਲ ਲੈ ਆਉਂਦੀ ਸੀ ਜਿਸ ਦੀ ਸ਼ਕਲ ਸੂਰਤ, ਖਾਸ ਕਰਕੇ ਨੇਤਰ ਭਾਈ ਤਿਲੋਕਾ ਜੀ ਨਾਲ ਰਲਦੇ ਸਨ, ਇਸ ਨੂੰ ਓਹੋ ਜਿਹਾ ਹੀ ਪ੍ਰਤੀਤ ਦਿੰਦੇ ਸਨ। ਰਾਜਕੁਮਾਰੀ ਉਸ ਨੂੰ ਬਹੁਤ ਪਿਆਰ ਕਰਿਆ ਕਰਦੀ ਸੀ ਅਤੇ ਵਾਹਿਗੁਰੂ-ਵਾਹਿਗੁਰੂ ਕਹਿ ਕੇ ਉਸ ਨੂੰ ਨਾਮ ਧੁਨ ਸੁਣਾਇਆ ਕਰਦੀ ਸੀ। ਦਾਸੀਆਂ ਕਈ ਵਾਰੀ ਨਾਲ ਆਇਆ ਕਰਦੀਆਂ ਸਨ। ਉਹ ਆਪਣੇ ਛੋਟੇ ਵੀਰ ਨੂੰ ਥੋੜ੍ਹੀ ਦੇਰ ਰੱਖ ਕੇ ਦਾਸੀਆਂ ਰਾਹੀਂ ਘਰ ਭੇਜ ਦਿਆ ਕਰਦੀ ਸੀ, ਮਾਂ ਬਾਪ ਰਾਜਕੁਮਾਰੀ ਨੂੰ ਇਕ ਮਹਾਨ ਪਵਿੱਤਰ ਦੇਵੀ ਦੇ ਰੂਪ ਵਿਚ ਮੰਨ ਰਹੇ ਸਨ, ਕੋਈ ਐਸੀ ਗੱਲ ਨਹੀਂ ਸੀ ਕਹਿ ਰਹੇ ਜਿਸ ਤੋਂ ਰਾਜਕੁਮਾਰੀ ਨੂੰ ਕੋਈ ਖੇਦ੍ਹ ਹੋਵੇ ਪਰ ਅੱਜਕਲ੍ਹ ਜੋ ਉਸਦਾ ਵਿਹਾਰ ਸੀ ਉਸ ਨੂੰ ਵੇਖ ਕੇ ਕਈ ਵਾਰੀ ਚਿੰਤਾਤੁਰ ਹੋ ਜਾਂਦੇ ਸਨ ਕਿਉਂਕਿ ਉਹ ਕਈ ਕਈ ਦਿਨ ਬੈਰਾਗ ਵਿਚ ਹਉਕੇ ਲੈਂਦੀ ਰਹਿੰਦੀ ਸੀ। ਅੱਜ ਸਵੇਰੇ ਹੀ ਉਹ ਘਰੋਂ ਸਾਦੇ ਕਪੜਿਆਂ ਵਿਚ ਨਿਕਲ ਕੇ ਜੰਗਲ ਵਿਚ ਆ ਗਈ। ਉਸ ਦੇ ਨੇਤਰਾਂ 'ਚੋਂ ਹੰਝੂਆਂ ਦਾ ਹੜ੍ਹ ਥੰਮ੍ਹਿਆ ਨਹੀਂ ਸੀ ਜਾ ਰਿਹਾ ਅਤੇ ਬਾਰ-ਬਾਰ ਆਪਣੇ ਭਾਵਾਂ ਨੂੰ, ਯਾਦ ਦੀ ਡੋਰੀ ਰਾਹੀਂ ਆਪਣੇ ਪਿਆਰੇ ਗੁਰੂ ਨਾਨਕ ਵਲ ਭੇਜ ਰਹੀ ਸੀ। ਹੁਣ ਉਸ ਦੀ ਐਸੀ ਅਵਸਥਾ ਹੋ ਗਈ ਸੀ ਕਿ ਫੁਰਮਾਨ ਹੈ -

***ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ***
***ਜਿਉ ਬਿਨੁ ਅਮਲੈ ਅਮਲੀ ਮਰਿ ਗਈਆ॥***
***ਜਿਨ ਕਉ ਪਿਆਸ ਹੋਇ ਪ੍ਰਭ ਕੇਰੀ***
***ਤਿਨ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ॥***
***ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ***
***ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ॥***
***ਅਨੇਕ ਜਨਮ ਕੇ ਵਿਛੁੜੇ ਜਨ ਮੇਲੇ***
***ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ॥***

***ਪੰਨਾ - 836***

ਸਚਮੁੱਚ ਉਸਦਾ ਹਿਰਦਾ ਗੁਰੂ ਦੇ ਦਰਸ਼ਨ ਲਈ ਉਛਲ ਰਿਹਾ ਸੀ, ਹੁਣ ਸਾਂਭਿਆਂ ਸਾਂਭ ਨਹੀਂ ਸੀ ਹੁੰਦਾ ਕਿਉਂਕਿ ਜਦੋਂ ਬੈਰਾਗ ਪ੍ਰਬਲ ਹੋ ਜਾਂਦਾ ਹੈ ਉਸ ਵੇਲੇ ਹਿਰਦਾ ਉਛਲਦਾ ਹੈ, ਅਨੇਕਾਂ ਭਾਵ ਹਿਰਦੇ ਵਿਚ ਆਉਂਦੇ ਹਨ, ਉਨ੍ਹਾਂ ਦਾ ਪ੍ਰਗਟਾਵਾ ਬੋਲੀ ਰਾਹੀਂ ਨਹੀਂ ਹੋਇਆ ਕਰਦਾ, ਨਾ ਸਮਝ ਵਿਚ ਆਉਣ ਵਾਲਾ ਹੁੰਦਾ ਹੈ, ਉਹ ਬੋਲੀ ਚੁੱਪ ਹੈ, ਉਹ ਅੱਖਾਂ ਰਾਹੀਂ ਦਸਿਆ ਜਾਂਦਾ ਹੈ, ਅੱਖਾਂ ਵਿਚੋਂ ਹੰਝੂਆਂ ਦੀ ਝੜੀ ਲਗ ਜਾਂਦੀ ਹੈ ਜੋ ਹੌਲੀ-ਹੌਲੀ ਹਵਾ ਵਿਚ ਰਲ ਜਾਂਦੀ ਹੈ। ਇਹ ਹਵਾ ਪਿਆਰੇ ਦੇ ਦੇਸ਼ ਵਲ ਜਾ ਰਹੀ ਹੁੰਦੀ ਹੈ। ਇਸ ਵਿਚ ਬੜਾ ਪਿਆਰ ਭਰਿਆ ਬਿਰਹਾ ਆਪਣੇ ਪ੍ਰੀਤਮ ਵਲ ਨੂੰ ਭੇਜਿਆ ਜਾਂਦਾ ਹੈ -

***ਸੇਜ ਏਕ ਏਕੋ ਪ੍ਰਭੁ ਠਾਕੁਰੁ***
***ਮਹਲੁ ਨ ਪਾਵੈ ਮਨਮੁਖ ਭਰਮਈਆ॥***
***ਗੁਰੁ ਗੁਰੁ ਕਰਤ ਸਰਣਿ ਜੇ ਆਵੈ***
***ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ॥***

***ਪੰਨਾ - 837***

ਸੋ ਇਸ ਤਰ੍ਹਾਂ ਦੇ ਸੁਨੇਹੇ ਭੇਜਦੀ ਹੈ ਕਿ ਹੇ ਪ੍ਰਭੂ! ਮੈਂ ਉਡੀਕ ਰਹੀ ਹਾਂ, ਮੇਰੀ ਉਡੀਕ ਨੂੰ ਫਲ ਲਾ, ਮੈਂ ਅਨਜਾਣ ਹਾਂ, ਮੈਨੂੰ ਨਹੀਂ ਪਤਾ ਕਿ ਕਿਸ ਤਰ੍ਹਾਂ ਦਾ ਵੇਸ ਭੂਸ਼ਣ ਕਰਾਂ ਜੋ ਤੈਨੂੰ ਭਾ ਜਾਵੇ। ਕਪੜੇ ਲੀੜੇ ਮੈਨੂੰ ਅੱਛੇ ਨਹੀਂ ਲਗਦੇ, ਉਨ੍ਹਾਂ ਤੋਂ ਮੈਨੂੰ ਕੋਈ ਸੁਖ ਨਹੀਂ ਮਿਲਦਾ। ਮੈਂ ਆਪਣਾ ਸਭ ਕੁਝ ਅਰਪਣ ਕਰਨ ਨੂੰ ਤਿਆਰ ਹਾਂ, ਕੋਈ ਮੇਰੇ ਪ੍ਰੀਤਮ ਨੂੰ ਮਿਲਾ ਦੇਵੇ, ਮੇਰਾ ਬਿਰਹੁ ਦਾ ਗਹਿਰਾ ਪਿਆਰ ਠੀਕ ਹੋ ਜਾਵੇ-

***ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ॥***
***ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ॥***
***ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ॥***
***ਖਿਨ ਮਾਹਿ ਸਗਲਾ ਦੂਖੁ ਮਿਟਿਆ ਮਨਹੁ ਚਿੰਦਿਆ ਪਾਇਆ॥***

***ਪੰਨਾ - 247***

ਨੀਰ ਨੇਤਰਾਂ ਵਿਚੋਂ ਵਹਿ-ਵਹਿ ਕੇ ਚਲ ਰਿਹਾ ਹੈ ਅਤੇ ਆਸ ਰਖਦੀ ਹੈ ਕਿ ਕੋਈ ਮੇਰਾ ਸੁਨੇਹਾ ਦੇ ਦੇਵੇ। ਮੈਨੂੰ ਨਹੀਂ ਪਤਾ ਕਿ ਗੁਰੂ ਨਾਨਕ ਪਾਤਸ਼ਾਹ ਕਿਹੋ ਜਿਹੇ ਹਨ। ਜੇ ਪਤਾ ਹੋਵੇ ਤਾਂ ਮੈਂ ਪੈਰਾਂ ਨਾਲ ਨਾ ਚਲਦੀ, ਸਿਰ ਦੇ ਭਾਰ ਚਲਦੀ-

***ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥***
***ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥***
***ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ***
***ਮੈ ਨੀਰੁ ਵਹੇ ਵਹਿ ਚਲੈ ਜੀਉ॥*** ***ਪੰਨਾ - 94***

ਸੋ ਇਸ ਤਰ੍ਹਾਂ ਦੇ ਨਾਲ ਅੱਜ ਫਿਰ ਦੂਰ ਤੋਂ ਬਿਰਹੁੰ ਕੁਠਿਆਂ ਦੀ ਅਵਾਜ਼ ਕੰਨਾਂ ਵਿਚ ਪਈ। ਇਹ ਅਵਾਜ਼ ਜਿਸ ਨੂੰ ਹੁਣ ਉਹ ਸਮਝ ਰਹੀ ਸੀ, ਇਸ ਤਰ੍ਹਾਂ ਸੀ -

***ਧਾਰਨਾ - ਹਰਿ ਦਰਸ਼ਨ ਕੀ ਆਸਾ,***
***ਮੇਰੇ ਮਨ ਹਰਿ ਦਰਸ਼ਨ ਕੀ ਆਸਾ - 2, 2.***

***ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥***
***ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥***
***ਉਡਹੁ ਨ ਕਾਗਾ ਕਾਰੇ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥***

***ਪੰਨਾ - 338***

ਕਾਂ ਅੱਗੇ ਕੀਤਾ ਹੋਇਆ ਤਰਲਾ ਸੁਣ ਰਹੀ ਹੈ ਕਿ ਇਹ ਵੀ ਮੇਰੇ ਵਰਗੇ ਬਿਰਹੁੰ ਕੁੱਠੇ ਪ੍ਰੇਮੀ ਹੋਣਗੇ। ਉਨ੍ਹਾਂ ਨੂੰ ਹੁਣ ਘਣੇ ਜੰਗਲਾਂ ਵਿਚ ਸਫੈਦ ਮੱਠ ਨਜ਼ਰ ਪੈ ਗਿਆ। ਉਹ ਉਧਰ ਨੂੰ ਆ ਰਹੇ ਹਨ।

ਰਾਜਕੁਮਾਰੀ ਨੇ ਦੇਖਿਆ ਕਿ ਕੁਝ ਪ੍ਰੇਮੀ ਜਿਨ੍ਹਾਂ ਦੇ ਬੋਲਾਂ ਵਿਚ ਐਨਾ ਬਿਰਹਾ ਤੇ ਖਿੱਚ ਹੈ ਜੋ ਸਹਿਨ ਨਹੀਂ ਕੀਤਾ ਜਾ ਸਕਦਾ, ਉਹ ਮੱਠ ਕੋਲ ਆ ਗਏ। ਉਨ੍ਹਾਂ ਨੇ ਦੇਖਿਆ ਕਿ ਮੱਠ ਵਿਚ ਕੋਈ ਧਿਆਨ ਵਿਚ ਮਗਨ ਦੇਵੀ ਬੈਠੀ ਹੈ ਜਿਸਦੇ ਨੇਤਰ ਜਲ ਨਾਲ ਗਿੱਲੇ ਹੋਏ ਹੋਏ ਹਨ। ਉਨ੍ਹਾਂ ਵਿਚੋਂ ਸਭ ਤੋਂ ਸ੍ਰੇਸ਼ਟ ਪੁਰਸ਼ ਨੇ ਪੁਛਿਆ ਕਿ ਬੀਬਾ! ਤੂੰ ਦਸ ਸਕਦੀ ਹੈਂ ਕਿ ਕੀ ਇਹ ਮੱਠ ਓਹੀ ਹੈ ਜਿਥੇ ਛੇ ਸਾਲ ਪਹਿਲਾਂ ਭਾਈ ਭਗੀਰਥ ਦੇ ਪੁਤਰ ਭਾਈ ਤਿਲੋਕਾ ਨੂੰ ਸ਼ੇਰ ਦੇ ਭੁਲੇਖੇ ਇਕ ਰਾਜਕੁਮਾਰੀ ਨੇ ਆਪਣਾ ਨਿਸ਼ਾਨਾ ਬਣਾ ਲਿਆ ਸੀ? ਐਨਾ ਕਹਿਣ ਦੀ ਦੇਰ ਸੀ ਕਿ ਹੁਣ ਉਸ ਤੋਂ ਆਪਣਾ ਆਪ ਕਾਬੂ ਨਹੀਂ ਰਹਿ ਸਕਿਆ। ਉਹ ਪੂਰੇ ਜ਼ੋਰ ਨਾਲ ਉਚੀ-ਉਚੀ ਰੋਣ ਲਗ ਗਈ। ਭਾਈ ਭਗੀਰਥ ਜੀ ਨੇ ਸਿਰ ਤੇ ਪਿਆਰ ਦਿਤਾ



Sri Satguru Jagjit Singh Ji eLibrary NamdhariElibrary@gmail.com

ਅਤੇ ਕਿਹਾ ਕਿ ਬੇਟੀ! ਜੇਰਾ ਕਰ। ਹੁਣ ਬੋਲਣ ਨੂੰ ਜੀਅ ਕਰਦਾ ਹੈ, ਪਰ ਬੋਲ ਨਹੀਂ ਸਕਦੀ, ਟੁੱਟੇ ਫੁੱਟੇ ਬੋਲਾਂ ਵਿਚ ਕਿਹਾ ਕਿ ਹਾਂ, ਇਹ ਓਹੀ ਥਾਂ ਹੈ ਕਿ ਜਿਥੇ ਮੇਰੇ ਨਿਭਾਗਣ ਦੇ ਹੱਥੋਂ ਇਕ ਮਹਾਨ ਸੰਤ, ਸ਼ੇਰ ਦੇ ਭੁਲੇਖੇ ਮਾਰਿਆ ਗਿਆ ਸੀ। ਉਸੇ ਦਿਨ ਤੋਂ ਮੈਂ ਬੈਠੀ ਆਪਣੇ ਨਿਭਾਗ ਕਰਮਾਂ ਦਾ ਪ੍ਰਾਸ਼ਚਿਤ ਕਰ ਰਹੀ ਹਾਂ। ਐਨੇ ਨੂੰ ਕੀ ਦੇਖਦੇ ਹਨ ਕਿ ਰਾਜਕੁਮਾਰੀ ਦੇ ਮਾਤਾ ਪਿਤਾ ਬਹੁਤ ਕਾਹਲੀ ਨਾਲ ਪਹੁੰਚ ਰਹੇ ਹਨ। ਉਹ ਹੈਰਾਨ ਹੋਏ ਕਿ ਇਹ ਚੰਗੇ ਲੱਗਣ ਵਾਲੇ ਪੁਰਸ਼ ਇਥੇ ਕਿਸ ਤਰ੍ਹਾਂ ਪਹੁੰਚ ਗਏ ? ਮੱਠ ਦੇ ਅੰਦਰ ਕੀ ਦੇਖਦੇ ਹਨ ਕਿ ਰਾਜਕੁਮਾਰੀ ਹਉਕੇ ਲੈ ਰਹੀ ਹੈ, ਕੋਈ ਗੱਲ ਸਮਝ ਨਹੀਂ ਪੈ ਰਹੀ। ਉਸ ਵੇਲੇ ਬਾਹਰੋਂ ਆਏ ਸੱਜਣਾਂ ਨੇ ਦਸਿਆ ਕਿ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦੂਰ ਦਰਾਜ਼ ਦੀ ਉਦਾਸੀ ਤੋਂ ਵਾਪਸ ਪੰਜਾਬ ਪਹੁੰਚ ਗਏ ਹਨ ਅਤੇ ਸਾਨੂੰ ਸੂਹ ਮਿਲੀ ਹੈ ਕਿ ਉਹ ਜੰਗਲ ਵਲ ਨੂੰ ਜਾ ਰਹੇ ਹਨ ਜਿਥੇ ਛੇ ਸਾਲ ਪਹਿਲਾਂ ਇਕ ਰਾਜਕੁਮਾਰੀ ਦੇ ਹੱਥੋਂ, ਇਹ ਜੋ ਬਜ਼ੁਰਗ ਹਨ ਜਿਨ੍ਹਾਂ ਦਾ ਨਾਮ ਭਾਈ ਭਗੀਰਥ ਹੈ, ਇਨ੍ਹਾਂ ਦਾ ਪ੍ਰਮ ਬੀਤਰਾਗ, ਬ੍ਰਹਮ ਗਿਆਨ ਦੀ ਅਵਸਥਾ ਨੂੰ ਮਾਨਣ ਵਾਲਾ ਹੋਣ ਹਾਰ ਪੁੱਤਰ ਮਾਰਿਆ ਗਿਆ ਸੀ। ਸਾਨੂੰ ਇਹ ਵੀ ਪਤਾ ਲੱਗਿਆ ਕਿ ਉਹ ਰਾਜਕੁਮਾਰੀ ਉਸੇ ਸਮੇਂ ਤੋਂ ਉਸੇ ਥਾਂ ਘੋਰ ਤਪ ਕਰ ਰਹੀ ਹੈ। ਤਪ ਤਾਂ ਅਸੀਂ ਕਹਿ ਨਹੀਂ ਸਕਦੇ ਪਰ ਦ੍ਰਿੜ੍ਹ ਲਗਨ ਨਾਲ ਭਾਈ ਤਿਲੋਕਾ ਵਲੋਂ ਦਸਿਆ ਮਾਰਗ ਮਨ ਵਿਚ ਵਸਾ ਕੇ ਨਾਮ ਸਿਮਰਨ ਕਰ ਰਹੀ ਹੈ। ਅੱਜ ਸਾਨੂੰ ਇਹ ਥਾਂ ਲੱਭ ਗਿਆ, ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਇਸ ਥਾਂ ਜ਼ਰੂਰ ਪਹੁੰਚਣਗੇ ਕਿਉਂਕਿ ਇਹ ਉਨ੍ਹਾਂ ਦਾ ਬਿਰਦ ਹੈ, ਉਸ ਥਾਂ ਜ਼ਰੂਰ ਪਹੁੰਚਦੇ ਹਨ, ਆਪਣੇ ਸੇਵਕਾਂ ਦੇ ਕਾਰਜ ਰਾਸ ਕਰਦੇ ਹਨ, ਸੁਮੱਤ ਦਿੰਦੇ ਹਨ ਅਤੇ ਜੋ ਕਮੀਆਂ ਹਨ, ਉਹ ਪੂਰੀਆਂ ਕਰਕੇ ਉਸ ਨੂੰ ਪ੍ਰਭੂ ਦੀ ਜੋਤ ਨਾਲ ਮਿਲਾ ਦਿੰਦੇ ਹਨ। ਫਿਰ ਕਹਿਣ ਲੱਗੇ ਕਿ ਅਸੀਂ ਬੀਬਾ ਨੂੰ ਪੁਛਿਆ ਸੀ ਕਿ ਕੀ ਇਹ ਓਹੀ ਥਾਂ ਤਾਂ ਨਹੀਂ ਜਿਥੇ ਰਾਜਕੁਮਾਰੀ ਦੇ ਹੱਥੋਂ ਭਾਈ ਤਿਲੋਕਾ ਜੀ ਸ਼ੇਰ ਦੇ ਭੁਲੇਖੇ ਮਾਰੇ ਗਏ ਸਨ। ਐਨਾ ਸੁਣਦੇ ਹੀ ਰਾਜਕੁਮਾਰੀ ਜੀ ਉਸ ਸਮੇਂ ਤੋਂ ਹੀ ਬਹੁਤ ਗਹਿਰੀ ਸੱਟ ਖਾ ਕੇ ਘਾਇਲ ਹੋ ਗਈ ਅਤੇ ਇਨ੍ਹਾਂ ਦੇ ਹੰਝੂਆਂ ਦੀ ਝੜੀ ਬੰਦ ਨਹੀਂ ਹੋ ਰਹੀ। ਭਾਈ ਭਗੀਰਥ ਜੀ ਦੇ ਦਰਸ਼ਨ ਕਰਕੇ ਅਤੇ ਹੋਰ ਪਰਮ ਅਵਸਥਾਵਾਂ ਪ੍ਰਾਪਤ ਗੁਰਸਿੱਖਾਂ ਦੇ ਦਰਸ਼ਨ ਕਰਕੇ, ਜਿਨ੍ਹਾਂ ਦੇ ਦਰਸ਼ਨਾਂ ਵਿਚ ਕੁਦਰਤੀ ਖਿੱਚ ਸੀ, ਰਾਜਾ ਤੇ ਰਾਣੀ ਦਾ ਮਨ ਵੀ ਦਰੱਵ ਗਿਆ ਕਿਉਂਕਿ ਰਾਜਕੁਮਾਰੀ ਦੇ ਬਿਰਹੁੰ ਦਾ ਜੋ ਦੁੱਖ ਸੀ, ਉਸ ਨੂੰ ਸਹਿਨ ਨਹੀਂ ਸੀ ਕਰ ਸਕਦੇ ਅਤੇ ਭਾਈ ਤਿਲੋਕਾ ਜੀ ਦੀ ਯਾਦ ਉਨ੍ਹਾਂ ਦੇ ਹਿਰਦੇ ਵਿਚ ਕਿਸੇ ਤਰ੍ਹਾਂ ਘਟ ਨਹੀਂ ਸੀ ਹੋਈ। ਪਹਿਲਾਂ ਤਾਂ ਉਸ ਨੂੰ ਉਹ ਇਕ ਸਾਧਾਰਨ ਵਿਅਕਤੀ ਹੀ ਸਮਝਦੇ ਸਨ ਪਰ ਜਿਉਂ-ਜਿਉਂ ਰਾਜਕੁਮਾਰੀ ਜੀ ਨੇ ਦਸਿਆ, ਪੰਡਤ ਜੀ ਨੇ ਵੀ ਦਸਿਆ ਤਾਂ ਉਸ ਵੇਲੇ ਤੋਂ ਇਨ੍ਹਾਂ ਦਾ ਭਾਈ ਤਿਲੋਕਾ ਜੀ ਨਾਲ ਪਿਆਰ ਹੋ ਗਿਆ। ਰਾਜਾ ਰਾਣੀ ਦੇ ਨੇਤਰਾਂ ਵਿਚੋਂ ਵੀ ਜਲ ਵਹਿ ਤੁਰਿਆ ਅਤੇ ਉਹ ਵੀ ਬੋਲ ਨਾ ਸਕੇ। ਗੁਰੂ ਨਾਨਕ ਦੇ ਦਰਸ਼ਨਾਂ ਦੀ ਤਾਂਘ ਉਨ੍ਹਾਂ ਦੇ ਅੰਦਰ ਵੀ ਬਹੁਤ ਲੱਗੀ ਹੋਈ ਸੀ।

ਅਚਾਨਕ ਭਾਈ ਭਗੀਰਥ ਜੀ ਨੇ ਪਿਛੇ ਮੁੜ ਕੇ ਦੇਖਿਆ ਤਾਂ ਹੈਰਾਨ ਹੋ ਗਏ ਕਿ ਗੁਰੂ ਨਾਨਕ ਪਾਤਸ਼ਾਹ, ਭਾਈ ਮਰਦਾਨਾ ਤੇ ਭਾਈ ਬਾਲਾ ਜੀ ਸਮੇਤ ਬਹੁਤ ਕਾਹਲੀ-ਕਾਹਲੀ ਇਸ ਪਾਸੇ ਹੀ ਆ ਰਹੇ ਸਨ। ਇਹ ਗੱਲ ਭਾਈ ਭਗੀਰਥ ਜੀ ਗੁਪਤ ਨਾ ਰਖ ਸਕੇ ਅਤੇ ਉਨ੍ਹਾਂ ਦੇ ਮੂੰਹੋਂ ਨਿਕਲ ਗਿਆ ਕਿ ਗੁਰੂ ਨਾਨਕ ਪਾਤਸ਼ਾਹ ਜੀ ਆ ਗਏ। ਦੇਖਦੇ-ਦੇਖਦੇ ਆਪ ਉਸ ਥਾਂ ਪਹੁੰਚ ਗਏ, ਸਾਰੇ ਗੁਰਸਿੱਖਾਂ ਦੇ ਨੇਤਰਾਂ ਵਿਚ ਜਲ ਸੀ ਅਤੇ ਉਹ ਸਤਿਗੁਰੂ ਦੇ ਚਰਨਾਂ ਉਪਰ ਲੇਟ ਗਏ। ਰਾਜਾ ਅਤੇ ਰਾਣੀ ਰਾਜਕੁਮਾਰੀ ਦੇ ਮਾਤਾ ਪਿਤਾ ਵੀ ਬਿਰਹੁੰ ਭਿੰਨੇ ਹੋਏ ਨੇਤਰਾਂ ਨਾਲ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨੂੰ ਧੋ ਰਹੇ ਸਨ। ਰਾਜਕੁਮਾਰੀ ਨੇ ਜਦੋਂ ਨੇਤਰ ਖੋਲ੍ਹ ਕੇ ਤੱਕਿਆ ਤਾਂ ਕੀ ਦੇਖਦੀ ਹੈ ਕਿ ਨਿਰਾ ਨੂਰ ਹੀ ਨੂਰ ਜੋ ਸਾਰੇ ਜੰਗਲ ਵਿਚ ਫੈਲਿਆ ਹੋਇਆ ਹੈ, ਪੱਤਿਆਂ ਵਿਚ ਨਜ਼ਰ ਆ ਰਿਹਾ ਹੈ, ਖਾਲੀ ਥਾਂ ਵਿਚ ਨਜ਼ਰ ਆ ਰਿਹਾ ਹੈ, ਸਭਨਾਂ ਵਿਚ ਦੇਖ ਰਹੀ ਹੈ, ਇਸ ਦਰਸ਼ਨ ਦੀ ਤਾਬ ਨਾ ਲਿਆ ਕੇ ਉਸ ਦੀ ਚੇਤਨ ਸਤਾ ਮੱਧਮ ਪੈ ਗਈ ਅਤੇ ਚੇਤਨ ਸ਼ਕਤੀ ਜਾਂਦੀ ਰਹੀ। ਉਸ ਵਿਚ ਬੁੱਝਣ ਸ਼ਕਤੀ ਦੀ ਸੂਝ ਬੂਝ ਨਾ ਰਹੀ, ਅਕਲ ਸ਼ਕਤੀ ਵਿਚੋਂ ਚਤੁਰਾਈ ਸਿਆਣਪ ਜਾਂਦੀ ਰਹੀ। ਖਿਆਲ ਸ਼ਕਤੀ ਵਿਚੋਂ ਹੋਰ ਪਾਸਿਆਂ ਦਾ ਧਿਆਨ ਮੁਕ ਗਿਆ ਅਤੇ ਗੱਲ ਦੀ ਤਹਿ ਤਕ ਪਹੁੰਚਣ ਵਾਲੀ ਸ਼ਕਤੀ ਵਿਚੋਂ ਉਹ ਦਸ਼ਾ ਜਾਂਦੀ ਰਹੀ। ਧੀਰਜ ਦਾ ਧੀਰਜਪੁਣਾ ਅਤੇ ਹੰਕਾਰ ਦਾ ਹੰਕਾਰਪੁਣਾ, ਮੈਂ ਦਾ ਮੈਂ ਪੁਣਾ ਜਾਂਦਾ ਰਿਹਾ। ਮਾਇਕ ਪ੍ਰੀਤੀ ਵੀ ਨਾ ਰਹੀ, ਕੇਵਲ ਗੁਰੂ ਪਾਰਬ੍ਰਹਮ ਦੀ ਪ੍ਰੀਤੀ ਵਿਚ ਹੀ ਸੱਚੀ ਸੁੱਚੀ ਮਾਣ-ਪ੍ਰਤਿਸ਼ਟਾ ਪ੍ਰਗਟ ਹੋ ਗਈ। ਸਤਿਗੁਰੂ ਦਾ ਦਰਸ਼ਨ ਵਿਸਮਾਦ ਕਰਨ ਵਾਲਾ, ਅਚੰਭੇ ਤੋਂ ਵੀ ਅਚੰਭਤ ਕਰਨ ਵਾਲਾ, ਹੈਰਾਨੀ ਅਸਚਰਜਤਾ ਵਿਚ ਲੀਨ ਕਰਨ ਵਾਲਾ ਦੇਖਦੇ ਸਾਰ ਸੁਧ ਬੁਧ ਗਵਾ ਕੇ ਧਰਤੀ ਉਪਰ ਗਿਰ ਗਈ। ਭਾਈ ਗੁਰਦਾਸ ਜੀ ਇਸ ਅਵਸਥਾ ਬਾਰੇ ਫੁਰਮਾਨ ਕਰਦੇ ਹਨ -

***ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ,***
***ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ॥***
***ਸੁਰਤਿ ਮੈ ਨ ਸੁਰਤਿ ਅਉ ਧਿਆਨ ਮੈ ਨ ਧਿਆਨੁ ਰਹਿਓ,***
***ਗਿਆਨ ਮੈ ਨ ਗਿਆਨ ਰਹਿਓ, ਗਤਿ ਮੈ ਨ ਗਤਿ ਹੈ॥***
***ਧੀਰਜ ਤੋ ਧੀਰਜ, ਗਰਬ ਕੋ ਗਰਬੁ ਗਇਓ,***
***ਰਤਿ ਮੈ ਨ ਰਤਿ ਰਹੀ, ਪਤਿ ਰਤਿ ਪਤਿ ਹੈ॥***
***ਅਦਭੁਤ ਪਰਮਦਭੁਤ, ਬਿਸਮੈ ਬਿਸਮ,***
***ਅਸਚਰਜੈ ਅਸਚਰਜ, ਅਤਿ ਅਤਿ ਹੈ॥੯॥***

***ਕੱਬਿਤ ਸਵੱਯੇ, ਭਾਈ ਗੁਰਦਾਸ ਜੀ***

ਗੁਰੂ ਨਾਨਕ ਪਾਤਸ਼ਾਹ ਜੀ ਸਾਰਿਆਂ ਨੂੰ ਛੱਡ ਕੇ ਰਾਜਕੁਮਾਰੀ ਦੇ ਛੋਟੇ ਜਿਹੇ ਮੱਠ ਵਿਚ ਪ੍ਰਵੇਸ਼ ਕਰਕੇ ਬੈਠੇ ਹਨ, ਰਾਜਕੁਮਾਰੀ ਦਾ ਸੀਸ ਚੁਕ ਕੇ ਉਨ੍ਹਾਂ ਨੇ ਆਪਣੀ ਗੋਦੀ ਵਿਚ ਰੱਖਿਆ ਹੋਇਆ ਹੈ ਅਤੇ ਉਨ੍ਹਾਂ ਦਾ ਮਹਾਨ ਪਵਿੱਤਰ ਥਰਾਹਟਾਂ ਦੇਣ ਵਾਲਾ ਦਸਤੇ ਮੁਬਾਰਕ (ਮੁਬਾਰਕ ਹੱਥ) ਰਾਜਕੁਮਾਰੀ ਦੇ ਸੀਸ ਉਤੇ ਰੱਖਿਆ, ਉਂਗਲੀਆਂ ਸੀਸ ਉਪਰ ਫਿਰ ਰਹੀਆਂ ਹਨ। ਉਸ ਦੀ ਸੁਰਤ ਦਸਮ ਦੁਆਰ ਵਿਚ ਲੀਨ ਹੋਈ ਪਈ



Sri Satguru Jagjit Singh Ji eLibrary NamdhariElibrary@gmail.com

ਹੈ। ਉਸ ਅਸਥਾਨ ਦੀ ਮਹਿਮਾ ਕਹੀ ਨਹੀਂ ਜਾ ਸਕਦੀ ਜੋ ਜੋਤੀ ਉਸ ਨੂੰ ਦਸਮ ਦੁਆਰ ਵਿਚ ਪ੍ਰਗਟ ਹੋ ਕੇ ਦਿਸ ਰਹੀ ਹੈ, ਉਸ ਦੀ ਕੋਈ ਤੁਲਨਾ ਨਹੀਂ ਕਰ ਸਕਦਾ। ਇਹ ਤਾਂ ਸਤਿਗੁਰੂ ਹੀ ਕਿਸੇ ਨੂੰ ਦਰਸ਼ਨ ਕਰਾਵੇ ਤਾਂ ਉਸ ਨੂੰ ਹੀ ਇਹ ਸ਼ੋਭਦੀ ਹੈ। ਅਨਹਦ ਸ਼ਬਦਾਂ ਦੀਆਂ ਧੁਨੀਆਂ ਜੋ ਅਨੰਦ ਦੇ ਰਹੀਆਂ ਹਨ, ਸਤਿਗੁਰੂ ਦੀ ਕ੍ਰਿਪਾ ਨਾਲ ਹੀ ਉਸ ਵਿਚ ਲਿਵ ਲਗਦੀ ਹੈ। ਇਸ ਅਵਸਥਾ ਨੂੰ ਰਾਜਕੁਮਾਰੀ ਮਾਣ ਰਹੀ ਹੈ। ਸਤਿਗੁਰੂ ਰਾਹੀਂ ਉਸ ਦਾ ਅਨੁਭਵ ਹੋਇਆ ਕਰਦਾ ਹੈ। ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ –

***ਦਸਮ ਸਥਾਨ ਕੇ ਸਮਾਨਿ ਕਉਨ ਭਉਨ ਕਹੌਂ,***
***ਗੁਰਮਖਿ ਪਾਵੈ ਸੁ ਤਉ, ਅਨਤ ਨ ਪਾਵਈ॥***
***ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ,***
***ਦਇਆ ਕੈ ਦਿਖਾਵੈ ਜਾਹੀ, ਤਾਹੀ ਬਨਿ ਆਵਈ॥***
***ਅਨਹਦ ਨਾਦ ਸਮਸਰਿ ਨਾਦ ਬਾਦ ਕਉਨ,***
***ਸ੍ਰੀ ਗੁਰੂ ਸੁਨਾਵੈ ਜਾਹਿ, ਸੋਈ ਲਿਵ ਲਾਵਈ॥***
***ਨਿਝਰ ਅਪਾਰ ਧਾਰ ਤੁਲਿ ਨ ਅੰਮ੍ਰਿਤ ਰਸ,***
***ਅਪਿਉ ਪੀਆਵੈ ਜਾਹਿ, ਤਾਹੀ ਮੈ ਸਮਾਵਈ॥੧੦॥***

***ਕੱਬਿਤ ਸਵੱਯੇ, ਭਾਈ ਗੁਰਦਾਸ ਜੀ***

ਉਨਮਨੀ ਜੋਤ ਜਗ ਮਗ ਕਰ ਰਹੀ ਹੈ। ਮੇਰੇ ਸਤਿਗੁਰੂ ਦੇ ਛੋਂਹਦਿਆਂ ਹੀ ਬਜਰ ਕਪਾਟ ਖੁਲ੍ਹ ਗਏ। ਅਨਹਦ ਵਿਚ ਲਿਵ ਲਗ ਗਈ, ਨਿਝਰ ਧਾਰ ਅੰਮ੍ਰਿਤ ਦੀ ਵਗ ਤੁਰੀ ਜਿਵੇਂ ਕਿ ਫੁਰਮਾਨ ਹੈ –

***ਗੁਰ ਸਿਖ ਸੰਧਿ ਮਿਲੇ, ਬੀਸ ਇਕ ਈਸ ਈਸ,***
***ਇਤ ਤੇ ਉਲੰਘਿ, ਉਤ ਜਾਇ ਠਹਰਾਵਈ॥***
***ਚਰਮ-ਦ੍ਰਿਸਟਿ ਮੂੰਦ, ਪੇਖੈ ਦਿਬ-ਦ੍ਰਿਸਟਿ ਕੈ,***
***ਜਗਮਗ ਜੋਤਿ ਉਨਮਨੀ ਸੁਧਿ ਪਾਵਈ॥***
***ਸੁਰਤਿ ਸੰਕੋਚਤ ਹੀ, ਬਜਰ ਕਪਾਟ ਖੋਲਿ,***
***ਨਾਦ ਬਾਦ ਪਰੈ, ਅਨਹਤ ਲਿਵ ਲਾਵਈ॥***
***ਬਚਨ ਬਿਸਰਜਿਤ ਅਨ ਰਸ ਰਹਿਤ ਹੁਇ,***
***ਨਿਝਰ ਅਫਾਰ ਧਾਰ ਅਪਿਉ ਪੀਆਵਈ॥੧੧॥***

***ਕਬਿੱਤ ਸਵੱਯੇ, ਭਾਈ ਗੁਰਦਾਸ ਜੀ***

ਇਸ ਤਰ੍ਹਾਂ ਦਾ ਦਰਸ਼ਨ ਬਹੁਤ ਹੀ ਅਲੌਕਿਕ ਹੈ। ਇਹ ਅਵਸਥਾ ਬਹੁਤ ਹੀ ਸੁਭਾਗੇ ਗੁਰਮੁਖਾਂ ਨੂੰ ਪ੍ਰਾਪਤ ਹੋਇਆ ਕਰਦੀ ਹੈ। ਗੁਰਮਤਿ ਸਹਿਜ ਯੋਗ ਵਿਚ ਹੱਠ ਯੋਗ ਦੀ ਸਾਧਨਾ ਦੀ ਕੋਈ ਥਾਂ ਨਹੀਂ ਹੈ। ਇਹ ਪਿਆਰ ਪ੍ਰੇਮ ਤੇ ਸਿਮਰਨ ਦਾ ਮਾਰਗ ਹੈ। ਗੁਰਮੁਖ ਪਿਆਰੇ, ਜਿਨ੍ਹਾਂ ਨੇ ਗੁਰਮਤਿ ਦੇ ਚਾਨਣੇ ਵਿਚ ਘਾਲ ਕਮਾਈਆਂ ਕੀਤੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਇਹ ਅਵਸਥਾਵਾਂ ਪ੍ਰਾਪਤ ਹੋਇਆ ਕਰਦੀਆਂ ਹਨ। ਭਾਈ ਤਿਲੋਕਾ ਜੀ ਨੇ ਇਸ ਰਾਜਕੁਮਾਰੀ ਨੂੰ ਨਾਮ ਮਾਰਗ ਦੀ ਸੋਝੀ ਦਿਤੀ ਸੀ ਜਿਸ ਕਰਕੇ ਇਹ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਦੇ ਸਾਰ ਉਚੀ ਅਵਸਥਾ ਵਿਚ ਪਹੁੰਚ ਗਈ। ਇਸ ਦੇ ਬਾਰੇ ਐਸਾ ਫੁਰਮਾਨ ਕਰਦੇ ਹਨ ਕਿ ਸਬਦ ਸੁਰਤ ਅਭਿਆਸੀ ਦੇ ਪ੍ਰਾਣ ਜਦੋਂ ਨਾਭ ਨਿਵਾਸ ਦੇ ਠਹਿਰਾਓ ਵਿਚ ਸੁਖ ਮਾਣ ਰਹੇ ਹੁੰਦੇ ਹਨ ਤਾਂ ਇਕ ਦਮ ਇਹ ਅਵਸਥਾ ਆ ਜਾਂਦੀ ਹੈ ਕਿ ਜਿਵੇਂ ਮੱਛੀ ਪਾਣੀ ਵਿਚੋਂ ਉਛਲ ਕੇ ਦੂਰ ਛਾਲ ਮਾਰਦੀ ਹੈ, ਇਸ ਤਰ੍ਹਾਂ ਸੁਰਤ ਰੂਪ ਮੱਛੀ ਸੁਆਸਾਂ ਨੂੰ ਬਾਹਰ ਤੋਂ ਅੰਦਰ ਵਲ ਉਲਟਾ ਕੇ, ਪਵਨ ਵਰਗੇ ਚੰਚਲ ਮਨ ਨੂੰ ਮੱਛੀ ਦੀ ਚੰਚਲ-ਚਾਲ ਵਾਂਗ ਸਤਿਗੁਰੂ ਦੇ ਸ਼ਬਦ ਨਾਲ ਪਰਚਾ ਪਾਉਣ ਕਰਕੇ, ਪਰਮ ਪਦ ਪਾਉਣ ਕਾਰਨ ਪ੍ਰਾਪਤ ਹੁੰਦੀ ਹੈ। ਫੇਰ ਇੜਾ, ਪਿੰਗਲਾ, ਸੁਖਮਨਾ ਨਾੜੀਆਂ ਵੀ ਰਸ ਭਰਪੂਰ ਹੋ ਜਾਂਦੀਆਂ ਹਨ ਅਤੇ ਤੇਜਮਈ ਚਾਨਣੇ ਨਾਲ ਜਗਮਗਾ ਉਠਦੀਆਂ ਹਨ। ਚੰਦਰਮਾ ਨਾੜੀ ਬੰਨ੍ਹ ਲਗਾ ਦਿੰਦੀ ਹੈ ਅਤੇ ਅੰਮ੍ਰਿਤ ਦਾ ਰਸ ਪ੍ਰਾਪਤ ਹੁੰਦਾ ਹੈ। ਆਦਿ ਨਾਲ ਆਦਿ ਮਿਲ ਕੇ, ਜਲ ਨਾਲ ਜਲ ਮਿਲ ਕੇ ਸਹਿਜ ਸੁਖ ਵਿਚ ਸਮਾਈ ਹੋ ਜਾਂਦੀ ਹੈ ਜਿਵੇਂ ਕਿ ਫੁਰਮਾਨ ਹੈ

***ਉਲਟਿ ਪਵਨ ਮਨ ਮੀਨ ਕੀ ਚਪਲ ਗਤਿ,***
***ਸਤਿਗੁਰ ਪਰਚੇ ਪਰਮ ਪਦ ਪਾਏ ਹੈ॥***
***ਸੂਰ ਸਰ ਸੋਖਿ, ਪੋਖਿ ਸੋਮ ਸਰ ਪੂਰਨ ਕੈ,***
***ਬੰਧਨ ਦੈ ਮ੍ਰਿਤ ਸਰ ਅਪਿਅ ਪੀਆਏ ਹੈ॥***
***ਅਜਰਹਿ ਜਾਰਿ, ਮਾਰਿ ਅਮਰਹਿ ਭ੍ਰਾਂਤਿ ਛਾਡਿ,***
***ਅਸਥਿਰ ਕੰਧ ਹੰਸ ਅਨਤ ਨ ਧਾਏ ਹੈ॥***
***ਆਦੈ ਆਦਿ ਨਾਦੈ ਨਾਦਿ ਸਲਿਲੈ ਸਲਿਲ ਮਿਲਿ,***
***ਬ੍ਰਹਮੈ ਬ੍ਰਹਮ ਮਿਲਿ ਸਹਜਿ ਸਮਾਏ ਹੈ॥੧੯॥***

***ਕਬਿੱਤ ਸਵੱਯੇ, ਭਾਈ ਗੁਰਦਾਸ ਜੀ***

ਇਸ ਧਿਆਨ ਵਿਚ, ਇਸ ਅਵਸਥਾ ਵਿਚ ਵੱਡੇ ਯੋਗੀ ਜਨ ਨਹੀਂ ਪਹੁੰਚ ਸਕਿਆ ਕਰਦੇ, ਇਹ ਬਹੁਤ ਹੀ ਦੁਰਲੱਭ ਹੈ, ਕਿਸੇ ਤਰ੍ਹਾਂ ਵੀ ਜਾਣੀ ਨਹੀਂ ਜਾਂਦੀ। ਇਸ ਉਚ ਅਵਸਥਾ ਨੂੰ ਕੇਵਲ ਪੂਰਾ ਸਤਿਗੁਰੂ ਹੀ ਜਣਾ ਸਕਦਾ ਹੈ ਜਿਵੇਂ ਕਿ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

***ਸਿਧ ਨਾਥ ਜੋਗੀ ਜੋਗ-ਧਿਆਨ ਮੈ ਨ ਆਨ ਸਕੇ,***
***ਬੇਦ ਪਾਠ ਕਰਿ ਬ੍ਰਹਮਾਦਿਕ ਨ ਜਾਨੇ ਹੈ॥***
***ਅਧਯਾਤਮ ਗਿਆਨ ਕੈ ਨ ਸਿਵ ਸਨਕਾਦਿ ਪਾਏ,***
***ਜੋਗ ਭੋਗ ਮੈ ਨ ਇੰਦ੍ਰਾਦਿਕ ਪਹਿਚਾਨੇ ਹੈ॥***
***ਨਾਮ ਸਿਮਰਨ ਕੈ ਸੇਖਾਦਿਕ ਨ ਸੰਖਯਾ ਜਾਨੀ,***
***ਬ੍ਰਹਮਚਰਜ ਨਾਰਦਾਦਿਕ ਹਿਰਾਨੇ ਹੈ॥***
***ਨਾਨਾ ਅਵਤਾਰ ਕੈ ਅਪਾਰ ਕੋ ਨ ਪਾਰ ਪਾਇਓ,***
***ਪੂਰਨ ਬ੍ਰਹਮ ਗੁਰ ਸਿਖ ਮਨਿ ਮਾਨੇ ਹੈ॥੨੧॥***

***ਕਬਿੱਤ ਸਵੱਯੇ, ਭਾਈ ਗੁਰਦਾਸ ਜੀ***

ਗੁਰੂ ਮਹਾਰਾਜ ਜੀ ਨੇ ਪਿਆਰ ਦੇ ਕੇ ਬੀਬਾ ਨੂੰ ਸੁਰਜੀਤ ਕੀਤਾ, ਚੇਤਨਤਾ ਦਾ ਹੁਲਾਰਾ ਆਇਆ, ਸੁਰਤ ਪਰਤੀ ਅਤੇ ਦਰਸ਼ਨ ਦੀ ਤਾਬ ਲੈ ਆਉਣ ਦੀ ਸ਼ਕਤੀ ਆਪ ਨੇ ਬਖਸ਼ੀ। ਇਸ ਤਰ੍ਹਾਂ ਬਹੁਤ ਦੇਰ ਤਕ ਗੁਰੂ ਮਹਾਰਾਜ ਜੀ ਬੀਬਾ ਨੂੰ ਪਿਆਰ ਦਿੰਦੇ ਰਹੇ ਅਤੇ ਉਸ ਦੇ ਅੰਤਰੀਵੀ ਨੈਣ ਖੋਲ੍ਹ ਦਿਤੇ। ਹੁਣ ਜਦੋਂ ਉਹ ਨੇਤਰ ਖੋਲ੍ਹ ਕੇ ਤਕਦੀ ਹੈ ਤਾਂ ਗੁਰੂ ਨਾਨਕ ਸਰੂਪ ਤਕਦੀ-ਤਕਦੀ ਉਨ੍ਹਾਂ ਨੂੰ ਨਿਰਾ ਹੀ ਨੂਰ ਦੇਖ ਰਹੀ ਹੈ, ਓਹੀ ਨੂਰ ਆਪਣੇ ਅੰਦਰ ਵੀ ਤਕ ਰਹੀ ਹੈ ਅਤੇ ਵਣ, ਤ੍ਰਿਣ, ਪਰਬਤ, ਘਾਹ, ਫੂਸ ਹਰ ਥਾਂ ਉਤੇ ਨੂਰ ਦੀ ਝਲਕਾਰ ਵਜ ਰਹੀ ਹੈ।

ਉਸ ਵੇਲੇ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਬੇਟੀ! ਦੇਖ



Sri Satguru Jagjit Singh Ji eLibrary NamdhariElibrary@gmail.com

ਤੂੰ ਸਰੀਰ ਨਹੀਂ ਹੈਂ, ਸਰੀਰ ਤੇਰੇ ਰਹਿਣ ਦੀ ਥਾਂ ਹੈ; ਤੂੰ ਜੀਵ ਆਤਮਾ ਨਹੀਂ ਹੈਂ, ਜੀਵ ਉਪਾਧੀ ਮਾਇਆ ਦੇ ਪਾਏ ਹੋਏ ਅਗਿਆਨ ਕਰਕੇ ਪ੍ਰਤੀਤ ਦਿੰਦੀ ਹੈ; ਤੂੰ ਨਿਰਾ ਨੂਰ ਹੈਂ, ਤੂੰ ਆਤਮਾ ਹੈਂ, ਬ੍ਰਹਮ ਹੈਂ। ਤੂੰ ਛੋਟੀ ਜਿਹੀ ਮੈਂ ਨਹੀਂ ਹੈਂ, ਪਰ ਸਾਰੇ ਬ੍ਰਹਿਮੰਡ ਵਿਚ ਫੈਲੀ ਹੋਈ ਆਤਮਾ ਹੈਂ, ਆਪਣੇ ਸਰੂਪ ਨੂੰ ਪਛਾਣ। ਪਿਆਰਾ ਬੇਟਾ ਭਾਈ ਤਿਲੋਕਾ ਤੈਨੂੰ ਸਭ ਕੁਝ ਸਮਝਾ ਗਏ ਸੀ। ਰਾਜਕੁਮਾਰੀ ਉਸੇ ਰਸ ਵਿਚ ਲੀਨ ਅਜੇ ਤਕ ਬੋਲ ਨਹੀਂ ਸਕੀ ਅਤੇ ਨਾ ਹੀ ਕੋਈ ਆਦਰ ਸਤਿਕਾਰ ਦੇ ਬਚਨ ਕਹਿ ਸਕੀ ਸੀ। ਉਸ ਦੀ ਹੋਂਦ ਹੀ ਖਤਮ ਹੋ ਗਈ। ਉਸ ਵਿਚੋਂ ਮੈਂ ਭਾਵ ਪੂਰੀ ਤਰ੍ਹਾਂ ਜਾਂਦਾ ਰਿਹਾ, ਉਹ ਸਚਿਆਰ ਹੋ ਗਈ। ਕੀ ਵੇਖਦੀ ਹੈ ਕਿ ਇਸ ਸੰਸਾਰ ਵਿਚ ਇਕੋ ਹੁਕਮ ਵਰਤ ਰਿਹਾ ਨਜ਼ਰ ਆ ਰਿਹਾ ਹੈ, ਉਸ ਹੁਕਮ ਵਿਚ ਚੱਲਣ ਵਾਲੇ ਸਚਿਆਰ ਹੋ ਜਾਂਦੇ ਹਨ। ਅਗਿਆਨ ਅਤੇ ਕੂੜ ਨੇ ਹਉਮੈ ਦੀ ਕਰਾਰੀ ਭੀਤ ਖੜ੍ਹੀ ਕੀਤੀ ਹੋਈ ਹੈ। ਉਹ ਇਸ ਗਿਆਨ ਦੇ ਉਦੈ ਹੁੰਦੇ ਹੀ ਛਿਨ ਭਿੰਨ ਹੋ ਜਾਂਦੀ ਹੈ। ਦ੍ਵੈਤ ਕਿਤੇ ਵੀ ਨਹੀਂ ਰਹਿੰਦੀ। ਫੇਰ ਦਿਸਦਾ ਕੀ ਹੈ? ਹਰ ਥਾਂ ਉਪਰ ਤੂੰ ਹੀ ਤੂੰ, ਇਕੋ ਨੂਰ ਜੋ ਪਿਆਰਾਂ ਦਾ ਭਰਿਆ ਹੋਇਆ ਹੈ, ਗੁਰੂ ਨਾਨਕ ਉਸੇ ਨੂਰ ਦਾ ਪ੍ਰਤੀਕ ਨਜ਼ਰ ਆ ਰਿਹਾ ਹੈ ਜੋ ਕੁਝ ਉਸ ਨੇ ਪਾਉਣਾ ਸੀ ਪਾ ਲਿਆ। ਉਸ ਨੂੰ ਆਪਣੇ ਸਤਿਗੁਰੂ ਹੀ ਨਜ਼ਰ ਆ ਰਹੇ ਹਨ - ਘਟ-ਘਟ ਵਿਚ ਰਮੇ ਹੋਏ। ਕੋਈ ਥਾਂ ਐਸਾ ਨਹੀਂ ਜਿਥੇ ਉਹ ਨਜ਼ਰੀਂ ਨਾ ਆਉਣ। ਗੁਰੂ ਨਾਨਕ ਪਾਤਸ਼ਾਹ ਉਸ ਦੇ ਮਨ ਦੀ ਸਾਰੀ ਅਵਸਥਾ ਨੂੰ ਸਮਝ ਰਹੇ ਸਨ ਅਤੇ ਕਿਹਾ ਕਿ ਬੇਟਾ! ਜੋ ਤੂੰ ਹੁਣ ਅਨੁਭਵ ਕਰ ਰਹੀ ਹੈਂ, ਇਹੋ ਆਤਮਾ ਹੈ, ਇਸ ਆਤਮਾ ਦਾ ਵਾਸਾ ਹੀ ਸਚਿਆਰ ਬਣਾਉਂਦਾ ਹੈ, ਇਕੋ ਆਤਮਾ ਆਪਣਾ ਖੇਲ੍ਹ ਕਰ ਰਹੀ ਹੈ।

ਮਹਾਰਾਜ ਨੇ ਆਪਣੀ ਕ੍ਰਿਪਾ ਕਰਕੇ ਇਹ ਗਿਆਨ ਦ੍ਰਿੜ੍ਹ ਕਰਾ ਦਿਤਾ, ਨਿਸ਼ਚੇ ਕਰਾ ਦਿਤਾ ਅਤੇ ਕਿਹਾ ਕਿ ਇਸ ਅਜ਼ਲੀ ਹੁਕਮ ਵਿਚ ਆਪਣੇ ਜੀਵਨ ਨੂੰ ਤੋਰਨਾ ਹੈ। ਵਾਹਿਗੁਰੂ ਜੀ ਸਰਬ ਕਲਾ ਸਮਰੱਥ ਹਨ, ਇਕੱਲਾ-ਇਕੱਲਾ ਜੀਵ ਹੁਕਮ ਵਿਚ ਚਲ ਰਿਹਾ ਹੈ, ਸੁਜਾਨ ਸਤਿਗੁਰੂ ਜੀ ਨੇ ਇਸ ਸਰੀਰ ਵਿਚ ਹੀ ਉਹ ਘਰ ਦਿਖਾ ਦਿਤਾ ਜਿਸ ਬਾਰੇ ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰ ਪੁਰਖੁ ਸੁਜਾਣੁ॥***
***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥***
***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥***
***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥***
***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥***
***ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥***
***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥***
***ਪੰਨਾ - 1291***

ਹੁਣ ਗੁਰੂ ਨਾਨਕ ਪਾਤਸ਼ਾਹ ਨੇ ਸਾਰਿਆਂ ਨੂੰ ਪਿਆਰ ਦਿਤਾ। ਭਾਈ ਭਗੀਰਥ, ਭਾਈ ਜੋਧ ਅਤੇ ਭਾਈ ਫਿਰਨਾ ਆਦਿ ਗੁਰਸਿੱਖਾਂ ਤੋਂ ਸੁਖ ਸਾਂਦ ਪੁੱਛੀ ਅਤੇ ਰਾਜਾ ਰਾਣੀ ਨੂੰ ਪਿਆਰ ਦਿਤਾ। ਪਿਆਰ ਦਿੰਦੇ ਸਾਰ ਰਾਜਾ ਅਤੇ ਰਾਣੀ ਦੇ ਅਗਿਆਨ ਦੇ ਛੌੜ ਕੱਟੇ ਗਏ, ਅਗਿਆਨ ਦਾ ਹਨ੍ਹੇਰਾ ਇਕ ਦਮ ਦੂਰ ਹੋ ਗਿਆ। ਜਿਸ ਆਤਮਾ ਦਾ ਜ਼ਿਕਰ ਰਾਜਕੁਮਾਰੀ ਮਾਤਾ ਪਿਤਾ ਨਾਲ ਕਰਿਆ ਕਰਦੀ ਸੀ, ਉਹ ਪ੍ਰਤੱਖ ਰੂਪ ਵਿਚ ਉਨ੍ਹਾਂ ਨੂੰ ਪ੍ਰਗਟ ਕਰਕੇ ਦਿਖਾ ਦਿਤੀ। ਅਨੁਭਵ ਵਿਚ ਪ੍ਰਕਾਸ਼ ਕਰਾ ਦਿਤਾ, ਮੇਹਰ ਹੋ ਗਈ।

ਹੁਣ ਰਾਜਾ ਰਾਣੀ ਨੇ ਬੇਨਤੀ ਕੀਤੀ ਕਿ ਮਹਾਰਾਜ! ਜੰਗਲ ਵਿਚ ਬੈਠੇ ਹਾਂ, ਥੋੜ੍ਹੀ ਦੂਰ ਹੀ ਲੰਘ ਕੇ ਰਾਜ ਮਹਿਲ ਆ ਜਾਣੇ ਹਨ ਜੋ ਆਪ ਦੇ ਹੀ ਹਨ, ਉਨ੍ਹਾਂ ਨੂੰ ਪਵਿੱਤਰ ਕਰੋ ਅਤੇ ਉਥੇ ਨਿਵਾਸ ਕਰੋ। ਐਨਾ ਚਿਰ ਲੰਘਦੇ ਸਾਰ ਉਸ ਰਾਜੇ ਨੇ ਗੁਪਤ ਰੂਪ ਵਿਚ ਆਪਣੇ ਸੇਵਕਾਂ ਨੂੰ ਕਹਿ ਦਿਤਾ ਸੀ ਕਿ ਸਵਾਰੀਆਂ ਲੈ ਕੇ ਆਉਣ। ਉਸੇ ਵੇਲੇ ਸਵਾਰੀਆਂ ਪਹੁੰਚ ਗਈਆਂ ਅਤੇ ਗੁਰੂ ਮਹਾਰਾਜ ਜੀ ਨੂੰ ਉਨ੍ਹਾਂ ਵਿਚ ਸਵਾਰ ਕਰਕੇ ਮਹਿਲਾਂ ਵਿਚ ਲੈ ਆਂਦਾ। ਜੋ ਖੁਸ਼ੀਆਂ ਉਸ ਪਰਿਵਾਰ ਨੂੰ ਮਿਲੀਆਂ, ਉਹ ਕਹਿਣ ਤੋਂ ਬਾਹਰ ਹਨ, ਦਸੀਆਂ ਨਹੀਂ ਜਾਂਦੀਆਂ। ਜੋ ਅਨੰਦ ਉਨ੍ਹਾਂ ਨੇ ਮਾਣਿਆ, ਉਸ ਨੂੰ ਉਹ ਵੀ ਨਹੀਂ ਦਸ ਸਕੇ।

ਗੁਰੂ ਮਹਾਰਾਜ ਜੀ ਪਿਆਰ ਦੇ ਬੰਨ੍ਹੇ ਹੋਏ ਕਈ ਮਹੀਨੇ ਉਥੇ ਸਤਿਸੰਗ ਕਰਦੇ ਰਹੇ। ਇਸ ਸਮੇਂ ਵਿਚ ਦੂਰ-ਦੂਰ ਤੋਂ ਜਗਿਆਸੂ ਜਨ ਸੁਣ-ਸੁਣ ਕੇ ਗੁਰਮਤਿ ਦੇ ਧਾਰਨੀ ਬਣਦੇ ਰਹੇ। ਗੁਰੂ ਮਹਾਹਾਜ ਜੀ ਨੇ ਅਪਾਰ ਕ੍ਰਿਪਾ ਕਰਕੇ ਉਨ੍ਹਾਂ ਨੂੰ ਭਵਸਾਗਰ ਤੋਂ ਪਾਰ ਕਰਾ ਦਿਤਾ ਅਤੇ ਗੁਰਸਿੱਖੀ ਮੰਡਲ ਤਿਆਰ ਹੋ ਗਿਆ। ਉਸ ਵੇਲੇ ਮਹਾਰਾਜ ਜੀ ਨੇ ਰਾਜਾ ਰਾਣੀ ਨੂੰ ਬੁਲਾਇਆ ਅਤੇ ਕਿਹਾ ਕਿ ਇਹ ਜੋ ਤੁਹਾਨੂੰ ਨਰ ਓਲਾਦ ਦੇ ਦਿਤੀ ਹੈ, ਇਹ ਬੱਚਾ ਗੁਰਸਿੱਖ ਬਣੇਗਾ ਅਤੇ ਗੁਰਮਤਿ ਕਮਾਈ ਕਰਕੇ ਆਪ ਵੀ ਨਾਮ ਜਪੇਗਾ ਅਤੇ ਇਸ ਰਾਜ ਵਿਚ ਭੁੱਲੇ ਭਟਕਿਆਂ ਨੂੰ ਪ੍ਰਭੂ ਦੇ ਲੜ ਲਾਉਂਦਾ ਰਹੇਗਾ। ਬੀਬਾ ਨੂੰ ਇਹ ਬਹੁਤ ਪਿਆਰ ਕਰੇਗਾ। ਸੋ ਇਸ ਕਰਕੇ ਹੁਣ ਤੁਸੀਂ ਰਾਜਕੁਮਾਰੀ ਨੂੰ ਮੰਗਣ ਵਿਆਹੁਣ ਦੀ ਕੋਈ ਗੱਲ ਨਾ ਸੋਚੋ ਤਾਂ ਚੰਗਾ ਹੀ ਰਹੇਗਾ ਕਿਉਂਕਿ ਇਸ ਦੀ ਜੋ ਅਵਸਥਾ ਹੈ, ਬੀਤਰਾਗ ਪੁਰਸ਼ਾਂ ਵਾਲੀ ਹੋ ਗਈ। ਇਹ ਸੰਗਤ ਨੂੰ ਸਾਂਭੇਗੀ ਅਤੇ ਆਪਣੇ ਜੀਵਨ ਕਾਲ ਵਿਚ ਲੱਖਾਂ ਪ੍ਰਾਣੀਆਂ ਨੂੰ ਪ੍ਰਭੂ ਦਾ ਰਸਤਾ ਦਸੇਗੀ। ਇਸ ਲਈ ਤੁਸੀਂ ਵੱਖਰਾ ਸਤਿਸੰਗ ਘਰ ਬਣਾ ਕੇ ਦੇ ਦੇਵੋ, ਆਪ ਵੀ ਸਿਮਰਨ ਕਰੋ ਅਤੇ ਪ੍ਰਜਾ ਨੂੰ ਵੀ ਇਸ ਰਸਤੇ ਤੇ ਲਾਓ। ਇਸ ਤਰ੍ਹਾਂ ਸੁਖਾਂ ਦੀ ਵਰਸ਼ਾ ਹੁੰਦੀ ਰਹੇਗੀ ਅਤੇ ਇਸ ਤਰ੍ਹਾਂ ਸਚਿਆਰ ਜੀਵਨ ਦੀ ਪ੍ਰਾਪਤੀ ਬੀਬਾ ਨੂੰ ਤਾਂ ਹੋਈ ਹੋਈ ਹੀ ਹੈ, ਇਸ ਰਾਹੀਂ ਅਨੇਕ ਪ੍ਰਾਣੀਆਂ ਨੂੰ ਵੀ ਹੋਵੇਗੀ। ਸੱਚ ਨੂੰ ਅੱਖੋਂ ਓਹਲੇ ਕਰਕੇ ਆਪਣੇ ਆਪ ਨੂੰ ਜੀਵ ਸਮਝਣਾ, ਇਹ ਕੂੜ ਦੀ ਦੀਵਾਰ ਹੈ। ਜਦੋਂ ਹੁਕਮ ਨਾਲ ਇਕ ਹੋ ਜਾਂਦਾ ਹੈ ਅਤੇ ਆਪਣੀ ਹਉਮੈ ਨੂੰ ਗਵਾ ਕੇ ਆਪਣੇ ਅੰਦਰ ਇਕ ਪ੍ਰਕਾਸ਼ ਨੂੰ ਤਕਦਾ ਹੈ, ਦੂਜਾ ਦ੍ਰਿਸ਼ਟੀ ਵਿਚ ਨਹੀਂ ਆਉਂਦਾ, ਉਸ ਵੇਲੇ ਦਾ ਜੋ ਜੀਵਨ ਹੋਇਆ ਕਰਦਾ ਹੈ ਉਸ ਨੂੰ ਸਚਿਆਰ ਜੀਵਨ ਕਿਹਾ ਜਾਂਦਾ ਹੈ, ਬ੍ਰਹਮਗਿਆਨੀ ਵੀ


Sri Satguru Jagjit Singh Ji eLibrary NamdhariElibrary@gmail.com

ਕਿਹਾ ਜਾਂਦਾ ਹੈ। ਗੁਰਮਤਿ ਕਿਸੇ ਖੇਚਲ ਭਰੇ ਸਾਧਨ ਨੂੰ ਨਹੀਂ ਅਪਣਾਉਂਦੀ, ਸਗੋਂ ਸਹਿਜ ਨਾਲ ਹੀ ਕਿਰਤ ਕਰਦਿਆਂ, ਆਪਣੇ ਸਾਰੇ ਫਰਜ਼ ਪੂਰੇ ਕਰਦਿਆਂ, ਸੱਚ ਨੂੰ ਪਛਾਣ ਕੇ, ਹੁਕਮ ਰਜ਼ਾਅ ਵਿਚ ਚਲ ਕੇ ਜੋ ਜੀਵਨ ਜੀਵਿਆ ਜਾਂਦਾ ਹੈ ਉਹ ਸਚਿਆਰ ਜੀਵਨ ਹੋਇਆ ਕਰਦਾ ਹੈ। ਸੋ ਜਦੋਂ ਅੰਦਰ ਸੱਚ ਆ ਗਿਆ, ਸੱਚਾ ਨਾਮ ਉਸ ਦੇ ਮੁੱਖ ਤੋਂ ਬੋਲਿਆ ਜਾਂਦਾ ਹੈ, ਉਹ ਆਪ ਸੱਚ ਦੇ ਮਾਰਗ ਤੇ ਚਲਦਾ ਹੈ ਅਤੇ ਹੋਰ ਸੰਸਾਰ ਨੂੰ ਵੀ ਚਲਾਉਂਦਾ ਹੈ ਜਿਵੇਂ ਕਿ ਫੁਰਮਾਨ ਹੈ -

***ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥***
***ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥***

***ਪੰਨਾ - 140***

ਬਾਬਾ ਫਰੀਦ ਜੀ ਵੀ ਫੁਰਮਾਨ ਕਰਦੇ ਹਨ -

***ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥***
***ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥***
***ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥***
***ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ॥***
***ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥***
***ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥***
***ਪਰਵਦਗਾਰ ਅਪਾਰ ਅਗਮ ਬੇਅੰਤ ਤੂ॥***
***ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥ ਪੰਨਾ - 488***

ਹੁਣ ਗੁਰੂ ਮਹਾਰਾਜ ਜੀ ਸਾਰਿਆਂ ਨੂੰ ਸੁਮੱਤ ਦੇ ਕੇ ਪਿਆਰ ਦੇ ਕੇ ਜਦੋਂ ਤੁਰਨ ਦੀ ਤਿਆਰੀ ਕਰਨ ਲੱਗੇ, ਉਸ ਵੇਲੇ ਰਾਜਕੁਮਾਰੀ ਦੀ ਹਾਲਤ ਦੇਖੀ ਨਹੀਂ ਸੀ ਜਾਂਦੀ। ਉਸ ਦੇ ਅੰਦਰ ਐਨਾ ਬੈਰਾਗ ਠਾਠਾਂ ਮਾਰ ਰਿਹਾ ਸੀ ਕਿ ਉਹ ਇਕ ਪਲ ਵਾਸਤੇ ਵੀ ਗੁਰੂ ਦੇ ਵਿਛੋੜੇ ਨੂੰ ਨਹੀਂ ਸੀ ਸਹਿਨ ਕਰ ਸਕਦੀ ਜਿਵੇਂ -

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥***

***ਪੰਨਾ - 708***

ਉਸ ਵੇਲੇ ਉਸ ਦੇ ਮੁਖ ਤੋਂ ਆਪਣੇ ਆਪ ਹੀ ਨਿਕਲ ਗਿਆ -

***ਧਾਰਨਾ - ਝੱਲਿਆ ਨਹੀਂ ਜਾਣਾ ਸਾਹਿਬਾ, ਤੇਰਾ ਵਿਛੋੜਾ-2***
***ਤੇਰਾ ਵਿਛੋੜਾ ਸਾਹਿਬਾ ਤੇਰਾ ਵਿਛੋੜਾ-2***
***ਝੱਲਿਆ ਨਹੀਂ ਜਾਣਾ ਸਾਹਿਬਾ......-2***

***ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥***
***ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ॥***

***ਪੰਨਾ - 1100***

ਸਾਰਿਆਂ ਦੇ ਨੇਤਰਾਂ ਵਿਚੋਂ ਜਲ ਵਹਿਣਾ ਸ਼ੁਰੂ ਹੋ ਗਿਆ ਕਿ ਪਤਾ ਨਹੀਂ ਫੇਰ ਕਦੋਂ ਦਰਸ਼ਨ ਹੋਣ, ਕਦੋਂ ਗੁਰੂ ਨਾਨਕ ਪਿਆਰੇ, ਪਿਆਰ ਦੇ ਖਿੱਚੇ ਹੋਏ ਆਉਣ, ਬਹੁਤ ਹੀ ਔਖਾ ਹੋ ਗਿਆ। ਵਿਛੋੜੇ ਦੀ ਗੱਲ ਸੁਣਦੇ ਸਾਰ ਹੀ ਦੁਖ ਮਹਿਸੂਸ ਹੋਣਾ ਸ਼ੁਰੂ ਹੋ ਜਾਂਦਾ ਹੈ ਪਰ ਜਿਨ੍ਹਾਂ ਦਾ ਪ੍ਰਤੱਖ ਰੂਪ ਵਿਚ ਵਿਛੋੜਾ ਹੋ ਗਿਆ ਉਹ ਸਹਿਨ ਨਹੀਂ ਕਰ ਸਕਦੇ ਕਿਉਂਕਿ ਜੋ ਬਿਰਹੀ ਪੁਰਸ਼ ਹੈ ਉਸ ਨੂੰ ਜੀਉਣਾ ਬਹੁਤ ਔਖਾ ਹੋ ਜਾਂਦਾ ਹੈ -

***ਧਾਰਨਾ - ਨਾ ਜੀਵੇ, ਕੋਈ ਰਾਮ ਦਾ ਵਿਜੋਗੀ - 2, 2.***
***ਰਾਮ ਦਾ ਵਿਜੋਗੀ, ਕੋਈ ਰਾਮ ਦਾ ਵਿਜੋਗੀ-2***
***ਨਾ ਜੀਵੇ, ਕੋਈ ਰਾਮ ਦਾ ਵਿਜੋਗੀ -2, 2.***

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥***

***ਪੰਨਾ - 1368***

ਇਸ ਤਰ੍ਹਾਂ ਦੇ ਨਾਲ ਬਿਰਹੁੰ ਦੀ ਪੀੜ ਝੱਲਣੀ ਸਭ ਤੋਂ ਔਖੀ ਹੋਇਆ ਕਰਦੀ ਹੈ। ਮੱਛੀ ਨੂੰ ਪਾਣੀ ਨਾ ਮਿਲੇ, ਪਪੀਹੇ ਨੂੰ ਸਵਾਂਤੀ ਬੂੰਦ ਨਾ ਮਿਲੇ ਤਾਂ ਉਸ ਦਾ ਅੰਤ ਹੋ ਜਾਇਆ ਕਰਦਾ ਹੈ। ਇਸ ਵੇਲੇ ਜਿਹੜੀ ਹਾਲਤ ਰਾਜਕੁਮਾਰੀ ਦੀ ਹੋ ਰਹੀ ਹੈ ਉਹ ਕਹਿਣ ਸੁਣਨ ਤੋਂ ਬਾਹਰ ਹੈ, ਉਸ ਲਈ ਜੀਉਣਾ ਹੁਣ ਔਖਾ ਹੋ ਗਿਆ -

***ਧਾਰਨਾ - ਮੈਨੂੰ ਗੁਰਾਂ ਤੋਂ ਬਗੈਰ ਜੀਉਣਾ ਔਖਾ,***
***ਕੀਹਨੂੰ ਦਸਾਂ ਦੁਖ ਆਪਣਾ - 2, 2.***
***ਕੀਹਨੂੰ ਦਸਾਂ ਦੁਖ ਆਪਣਾ........-2***
***ਮੈਨੂੰ ਗੁਰਾਂ ਤੋਂ ਬਗੈਰ ਜੀਉਣਾ ਔਖਾ-..2***

***ਸਖੀ ਸਹੇਲੀ ਗਰਬਿ ਗਹੇਲੀ॥***
***ਸੁਣਿ ਸਹ ਕੀ ਇਕ ਬਾਤ ਸੁਹੇਲੀ॥***
***ਜੋ ਮੈ ਬੇਦਨ ਸਾ ਕਿਸੁ ਆਖਾ ਮਾਈ॥***
***ਹਰਿ ਬਿਨੁ ਜੀਉ ਨ ਰਹੈ ਕੈਸੇ ਰਾਖਾ ਮਾਈ॥***

***ਪੰਨਾ - 990***

ਗੁਰੂ ਮਹਾਰਾਜ ਜੀ ਰਾਜ ਮਹਿਲਾਂ ਤੋਂ ਚਲਦੇ-ਚਲਦੇ ਸ਼ਹਿਰ ਦੀ ਜੂਹ ਤੋਂ ਬਾਹਰ ਪਹੁੰਚ ਗਏ। ਕਈ ਮੀਲ ਦਾ ਪੈਂਡਾ ਸੰਗਤਾਂ ਨੇ ਹੰਝੂ ਸੁਟਦਿਆਂ ਬੈਰਾਗ ਵਿਚ ਪੂਰਾ ਕੀਤਾ। ਗੁਰੂ ਮਹਾਰਾਜ ਜੀ ਦਾ ਕਈ ਮਹੀਨੇ ਦਾ ਕੀਤਾ ਹੋਇਆ ਸਤਿਸੰਗ ਸੁਣ ਕੇ ਵਿਛੜਨਾ ਹੁਣ ਹੱਦ ਤੋਂ ਜ਼ਿਆਦਾ ਔਖਾ ਹੋ ਗਿਆ। ਗੁਰੂ ਮਹਾਰਾਜ ਹੱਦ ਉਪਰ ਜਾ ਕੇ ਖੜ੍ਹੇ ਹੋ ਗਏ, ਸਭ ਨੇ ਬਾਰ-ਬਾਰ ਨਮਸ਼ਕਾਰ ਕੀਤੀ। ਗੁਰੂ ਮਹਾਰਾਜ ਨੇ ਸਮਝਾਇਆ ਕਿ ਇਸ ਵੇਲੇ ਸੰਸਾਰ ਵਿਚ ਕੂੜ ਦਾ ਹਨ੍ਹੇਰਾ ਛਾਇਆ ਹੋਇਆ ਹੈ, ਕਲਜੁਗ ਵਿਚ ਸਾਰੇ ਕਰਮ ਧਰਮ ਭ੍ਰਿਸ਼ਟ ਹੋ ਗਏ ਹਨ, ਅਨੇਕਾਂ ਨਿਰਾਰਥਕ ਕ੍ਰਿਆਵਾਂ ਵਿਚ ਜੀਵ ਸਮਾਂ ਗੁਆ ਰਹੇ ਹਨ, ਅਨੇਕ ਧਰਮਾਂ ਦੀਆਂ ਸੰਪਰਦਾਵਾਂ ਤੁਰ ਪਈਆਂ ਹਨ, ਕੋਈ ਕੁਛ ਕਹਿ ਰਿਹਾ ਹੈ, ਕੋਈ ਕੁਛ ਕਹਿ ਰਿਹਾ ਹੈ, ਜੀਵ ਨੂੰ ਕੋਈ ਸੋਝੀ ਨਹੀਂ ਰਹੀ। ਤੁਸੀਂ ਗੁਰਬਾਣੀ ਪੜ੍ਹਨਾ, ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ, ਫੇਰ ਇਕ ਮਨ ਇਕ ਚਿਤ ਹੋ ਕੇ ਢਾਈ ਘੰਟੇ ਸਿਮਰਨ ਕਰਨਾ, ਗੁਰਮੰਤਰ ਜੋ ਤੁਹਾਨੂੰ ਦਿਤਾ ਹੈ ਉਸ ਦਾ ਜਾਪ ਕਰਨਾ। ਫਿਰ ਧਰਮਸਾਲ ਵਿਚ ਜਾ ਕੇ ਕੀਰਤਨ ਕਰਨਾ ਅਤੇ ਸੁਣਨਾ। ਉਸ ਉਪਰੰਤ ਰਾਜਕੁਮਾਰੀ ਬਾਰੇ ਇਹ ਫੁਰਮਾਨ ਹੋਇਆ ਹੈ ਕਿ ਇਹ ਬੀਬੀ ਸਤਿ ਦਾ ਪ੍ਰਕਾਸ਼ ਤੁਹਾਡੇ ਤਕ ਪਹੁੰਚਾਉਂਦੀ ਰਹੇਗੀ। ਤੁਸੀਂ ਰਾਜਕੁਮਾਰੀ ਦਾ ਪੂਰਾ ਸਤਿਕਾਰ ਕਰਨਾ ਹੈ, ਇਸ ਤਰ੍ਹਾਂ ਆਪ ਸਿਮਰਨ ਕਰਦਿਆਂ ਇਸ ਨੇ ਦੂਸਰਿਆਂ ਨੂੰ ਇਸ ਰਾਹ ਤੇ ਚਲਾਉਣਾ

'ਆਤਮ ਮਾਰਗ', ਫਰਵਰੀ, 2000



Sri Satguru Jagjit Singh Ji eLibrary NamdhariElibrary@gmail.com

ਹੈ। ਕਲਜੁਗ ਵਿਚ ਇਕੋ ਇਕ ਸਾਧਨ ਨਾਮ ਮਾਰਗ ਹੈ ਜਿਸ ਨਾਲ ਸ਼ਬਦ ਰਾਹੀਂ ਜੀਵ ਦਾ ਪ੍ਰਮੇਸ਼ਰ ਨਾਲ ਮਿਲਾਪ ਹੋ ਜਾਂਦਾ ਹੈ। ਸ਼ਬਦ ਰਾਹੀਂ ਹੀ ਪਤਾ ਲੱਗੇਗਾ ਕਿ ਗੁਰੂ ਨਿਰਾ ਹੀ ਪਿਆਰ ਦਾ ਰੂਪ ਹੋਇਆ ਕਰਦਾ ਹੈ, ਫੇਰ ਵਿਛੋੜੇ ਦਾ ਦੁਖ ਥੋੜ੍ਹਾ ਹੋ ਜਾਵੇਗਾ। ਗੁਰੂ ਦੇ ਸਰੀਰ ਨਾਲ ਪਿਆਰ ਨਾ ਕਰੋ, ਗੁਰੂ ਜੋਤ ਨਾਲ ਪਿਆਰ ਕਰੋ। ਸਰੀਰ ਬਿਨਸਦੇ ਬਣਦੇ ਰਹਿੰਦੇ ਹਨ। ਜੋਤ ਦਾ ਵਿਨਾਸ਼ ਨਹੀਂ ਹੋਇਆ ਕਰਦਾ। ਸੋ ਇਸ ਕਰਕੇ ਤੁਸੀਂ ਸਾਡੇ ਸਰੀਰ ਦਾ ਮੋਹ ਨਾ ਕਰੋ।

ਰਾਜਕੁਮਾਰੀ ਨੂੰ ਮਹਾਰਾਜ ਜੀ ਨੇ ਪਿਆਰ ਦਿਤਾ ਅਤੇ ਉਸ ਅੰਦਰ ਪੂਰਨ ਗਿਆਨ ਦਾ ਪ੍ਰਕਾਸ਼ ਕਰਕੇ ਉਸ ਨੂੰ ਬਿਰਹੁੰ ਪੀੜਾ ਤੋਂ ਉਪਰ ਚੁਕ ਦਿਤਾ। ਸਾਰੀ ਸੰਗਤ ਦੋਵੇਂ ਹੱਥ ਬੰਨ੍ਹ ਕੇ ਖੜ੍ਹੀ ਹੈ, ਰਾਜਕੁਮਾਰੀ ਦੇ ਮਾਤਾ ਪਿਤਾ ਬਾਰ-ਬਾਰ ਨਮਸ਼ਕਾਰਾਂ ਕਰ ਰਹੇ ਹਨ, ਹੰਝੂਆਂ ਦੀ ਝੜੀ ਲੱਗੀ ਹੋਈ ਹੈ। ਗੁਰੂ ਮਹਾਰਾਜ ਜੀ ਅਸ਼ੀਰਵਾਦ ਦੇ ਕੇ ਉਸ ਥਾਂ ਤੋਂ ਚਲ ਪੈਂਦੇ ਹਨ। ਰਾਜਕੁਮਾਰੀ ਦੇ ਮਾਤਾ ਪਿਤਾ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਕੋਈ ਸਵਾਰੀ ਆਪ ਵਾਸਤੇ ਮੰਗਾ ਦਿੰਦੇ ਹਾਂ ਜਿਸ ਉਪਰ ਬੈਠ ਕੇ ਆਪ ਅਗਲਾ ਸਫਰ ਤਹਿ ਕਰ ਸਕੋ। ਆਪ ਨੇ ਰਾਜਾ ਰਾਣੀ ਨੂੰ ਕਿਹਾ ਕਿ ਅਸੀਂ ਪ੍ਰਭੂ ਦੇ ਹੁਕਮ ਵਿਚ, ਉਸ ਦੀ ਰਜ਼ਾਅ ਅਨੁਸਾਰ ਉਥੇ-ਉਥੇ ਜਾ ਰਹੇ ਹਾਂ ਜਿਥੇ-ਜਿਥੇ ਸਾਨੂੰ ਭੇਜਿਆ ਜਾ ਰਿਹਾ ਹੈ। ਸਵਾਰੀ ਦੀ ਸਾਨੂੰ ਕੋਈ ਲੋੜ ਨਹੀਂ, ਬਿਖੜੇ ਥਾਵਾਂ, ਦਰਿਆਵਾਂ, ਖੱਡਿਆਂ ਵਿਚੋਂ ਸਾਨੂੰ ਲੰਘਣਾ ਪੈਂਦਾ ਹੈ, ਸਵਾਰੀਆਂ ਉਸ ਥਾਂ ਨਹੀਂ ਜਾ ਸਕਦੀਆਂ। ਸੋ ਗੁਰੂ ਮਹਾਰਾਜ ਜੀ ਪੈਦਲ ਹੀ ਚਲੇ ਗਏ। ਸਾਰੀ ਸੰਗਤ ਉਨ੍ਹਾਂ ਵਲ ਦੇਖ ਰਹੀ ਹੈ, ਸੌ ਕੁ ਕਦਮ ਚਲਣ ਪਿਛੋਂ ਭਾਈ ਬਾਲਾ, ਮਰਦਾਨਾ ਤੇ ਗੁਰੂ ਮਹਾਰਾਜ ਨੇ ਖੜੋ ਕੇ, ਨੀਝ ਲਾ ਕੇ ਸਾਰਿਆਂ ਵਲ ਦੇਖਿਆ ਅਤੇ ਸਾਰਿਆਂ ਨੂੰ ਖੁਸ਼ੀਆਂ ਦਿੰਦੇ ਵਿਦਾ ਹੋ ਗਏ।

ਨਗਰ ਵਾਸੀਆਂ ਨੇ ਸ਼ਬਦ ਨੂੰ ਆਪਣਾ ਅਧਾਰ ਬਣਾਇਆ ਅਤੇ ਸਤਿਸੰਗ ਦੇ ਆਸਰੇ ਆਪਣੇ ਜੀਵਨ ਨੂੰ ਸੇਧ ਦਿੰਦੇ ਹੋਏ ਘਾਲ ਕਮਾਈ ਕਰਦਿਆਂ ਗੁਰੂ ਦੇ ਦੱਸੇ ਰਾਹ ਤੇ ਤੁਰਨਾ ਸ਼ੁਰੂ ਕੀਤਾ।

ਅਜਿਹੇ ਅਨੇਕ ਕੌਤਕ ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਵਿਚ ਹੋਏ ਜਿਨ੍ਹਾਂ ਦੇ ਬਾਰੇ ਲਿਖਣਾ ਬਹੁਤ ਮੁਸ਼ਕਲ ਹੈ। ਇਹ ਵੀ ਇਕ ਪ੍ਰੀਤ ਕਹਾਣੀ ਹੈ - ਸੱਚੇ ਪਿਆਰ ਦੀ, ਜਿਸ ਵਿਚ ਕਿਸੇ ਮਾੜੇ ਜਜ਼ਬੇ ਦੀ ਕੋਈ ਵੀ ਅੰਸ ਨਹੀਂ ਸੀ, ਨਿਰੀ ਸੁੱਚ ਹੀ ਸੁਚ ਸੀ, ਸੱਚੀ ਲਗਨ, ਸੱਚਾ ਪਿਆਰ, ਸੱਚੀ ਆਸ, ਸੱਚੀ ਮਰਿਆਦਾ ਸੀ, ਉਸ ਸੱਚੀ ਰਹਿਤ ਨੇ, ਸੱਚ ਦੇ ਵਾਹਦ ਸਰੂਪ ਪਾਰਬ੍ਰਹਮ ਪ੍ਰਮੇਸ਼ਰ ਸਰੂਪ ਨੇ ਗੁਰੂ ਨਾਨਕ ਪਾਤਸ਼ਾਹ ਦੇ ਸਰੀਰ ਵਿਚੋਂ ਦਰਸ਼ਨ ਕਰਾ ਦਿਤੇ। ਸੱਚ ਨੂੰ ਜਾਨਣ ਲਈ ਰਹਿਤਾਂ ਹੋਇਆਂ ਕਰਦੀਆਂ ਹਨ, ਅਸੀਂ ਵੀ ਉਸ ਸਤਿ ਨੂੰ ਜਾਨਣਾ ਹੈ, 'ਕਿਵ ਸਚਿਆਰਾ ਹੋਈਐ ?' ਦਾ ਪ੍ਰਤੱਖ ਅਨੁਭਵ ਕਰਨਾ ਹੈ ਤਾਂ ਵਿਚਾਰ ਨਾਲ ਪੜ੍ਹੋ, ਵੀਚਾਰੋ ਅਤੇ ਅਪਣਾਓ।

***ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥***
***ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥***
***ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥***
***ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥***
***ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥***
***ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥***
***ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥***
***ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥***
***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸ॥***
***ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥***
***ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥***
***ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥***

***ਪੰਨਾ - 468***

ਵਾਹਿਗੁਰੂ ਜੀ ਕ੍ਰਿਪਾ ਕਰਨ ਅਤੇ ਅਸਾਨੂੰ ਭੀ ਕੂੜ ਦੀ ਦੀਵਾਰ ਤੋੜ ਕੇ ਸਚਿਆਰ ਬਣਾ ਦੇਣ। ਇਹੋ ਅਰਦਾਸ ਹੈ।

**- ਸਮਾਪਤ -**

**LLLLLLL**

---

(ਪੰਨਾ 2 ਦੀ ਬਾਕੀ)

ਅਗਵਾਈ ਕਰਦਿਆਂ ਅੰਮ੍ਰਿਤਸਰ ਵਲ ਕੂਚ ਕੀਤਾ, ਤਰਨ-ਤਾਰਨ ਪੁੱਜਣ ਤਕ ਇਸ ਵਿਚ 5000 ਸਿੰਘ ਸ਼ਾਮਲ ਹੋ ਚੁੱਕੇ ਸਨ। ਅੰਮ੍ਰਿਤਸਰ ਤੋਂ ਅੱਠ ਮੀਲ ਦੀ ਦੂਰੀ ਤੇ ਪਿੰਡ ਗੋਹਲਵਾੜ ਵਿਖੇ ਘਮਸਾਨ ਦਾ ਯੁੱਧ ਹੋਇਆ, ਆਪ ਜੀ ਦੇ ਖੰਡੇ ਨੇ ਅਨੇਕਾਂ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਿਆ, ਆਪ ਵੀ ਬੁਰੀ ਤਰ੍ਹਾਂ ਜਖਮੀ ਹੋਏ, ਆਪਣੇ ਸੀਸ ਨੂੰ ਖੱਬੀ ਤਲੀ ਤੇ ਟਿਕਾਉਂਦੇ, ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਆਪ ਜੀ ਅੰਮ੍ਰਿਤਸਰ ਪੁੱਜੇ, ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਆਪਣਾ ਸੀਸ ਗੁਰੂ ਅਰਪਨ ਕੀਤਾ ਜਿਥੇ ਹੁਣ ਪ੍ਰਕਰਮਾ ਵਿਖੇ ਗੁਰਦਵਾਰਾ ਸਾਹਿਬ ਸਥਾਪਤ ਹੈ। ਗੁਰਦਵਾਰਾ ਰਾਮਸਰ ਦੇ ਨੇੜੇ ਸ਼ਹੀਦਗੰਜ ਬਾਬਾ ਦੀਪ ਸਿੰਘ ਸਥਿਤ ਹੈ ਜਿਥੇ ਆਪ ਜੀ ਦੇ ਸਰੀਰ ਦਾ ਸਸਕਾਰ ਕੀਤਾ ਗਿਆ। ਇਸ ਤਰ੍ਹਾਂ 75 ਸਾਲ ਦੀ ਵਡੇਰੀ ਉਮਰ ਵਿਚ ਹੁੰਦਿਆਂ ਵੀ ਆਪ ਜੀ ਨੇ ਨਾਮ-ਸਿਮਰਨ ਦੀ ਸ਼ਕਤੀ ਸਦਕਾ ਦਰਬਾਰ ਸਹਿਬ ਦੀ ਪਵਿੱਤਰਤਾ ਬਹਾਲ ਕਰਨ ਲਈ ਖੰਡਾ ਖੜਕਾਇਆ ਅਤੇ ਮਹਾਨ ਸ਼ਹੀਦੀ ਪ੍ਰਾਪਤ ਕੀਤੀ। ਸਾਡਾ ਇਸ ਮਹਾਨ ਸਿੱਖ ਯੋਧੇ ਨੂੰ ਬਾਰ-ਬਾਰ ਪ੍ਰਣਾਮ ਹੈ।

ਆਪ ਸਭ ਪਾਠਕ 'ਆਤਮ ਮਾਰਗ' ਨੂੰ ਦਿਲੋਂ ਪਸੰਦ ਕਰਦੇ ਹੋ। ਸਾਨੂੰ ਆਪ ਵਲੋਂ ਬਹੁਤ ਉਤਸ਼ਾਹ ਮਿਲ ਰਿਹਾ ਹੈ। ਬਹੁਤ ਸਾਰੇ ਵੀਰ ਭੈਣਾਂ ਲਾਈਫ-ਮੈਂਬਰ ਬਣ ਰਹੇ ਹਨ, ਅਸੀਂ ਉਨ੍ਹਾਂ ਦੇ ਨਾਮ-ਪਤੇ ਲੜੀਵਾਰ ਛਾਪ ਰਹੇ ਹਾਂ। ਆਪ ਜੀ ਵੀ ਸਾਲ 2000 ਦੀ ਸੁਗਾਤ ਲਾਈਫ ਮੈਂਬਰ ਬਣ ਕੇ ਆਪਣੇ ਪਰਿਵਾਰ ਨੂੰ ਦਿਓ ਅਤੇ ਨਾਮ-ਰਸ ਵਿਚ ਅਨੰਦਮਈ ਜੀਵਨ ਜੀਓ, ਸਾਡੀ ਅਰਦਾਸ ਹੈ।

***ਡਾ. ਜਗਜੀਤ ਸਿੰਘ***
***ਮੁੱਖ-ਸੰਪਾਦਕ***

**LLLLLLL**



Sri Satguru Jagjit Singh Ji eLibrary NamdhariElibrary@gmail.com

# ਹੱਠ ਯੋਗ ਦਰਸ਼ਨ

## Philosophy of Hatha Yoga

***ਡਾ. ਸਵਾਮੀ ਵੇਦ ਭਾਰਤੀ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ - 19)*

ਤੁਸੀਂ ਹੱਠ ਯੋਗ ਨੂੰ ਤਾਂ ਹੀ ਚੰਗੀ ਤਰ੍ਹਾਂ ਸਮਝ ਸਕਦੇ ਹੋ ਜੇ ਤੁਸੀਂ ਇਸ ਨੂੰ ਆਤਮਕ ਮੁਕਤੀ ਲਈ ਇਕ ਤਿਆਰੀ ਸਮਝੋ। ਇਸ ਪੁਸਤਕ ਵਿਚ ਹੱਠ ਯੋਗ ਦੇ ਵੱਖ-ਵੱਖ ਪੱਖ ਦੱਸੇ ਗਏ ਹਨ, ਉਨ੍ਹਾਂ ਦਾ ਵਿਸ਼ਲੇਸ਼ਨ ਕੀਤਾ ਗਿਆ ਹੈ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਇਹ ਹੱਠ ਯੋਗ ਦੀ ਫਿਲੌਸਫੀ ਵਿਚ ਕਿਥੇ ਲਾਗੂ ਹੁੰਦੇ ਹਨ ਤੇ ਇਹ ਸਾਨੂੰ ਉਚੀ ਚੇਤਨਤਾ ਤਕ ਕਿਵੇਂ ਲੈ ਜਾਂਦੇ ਹਨ। ਉਚੀ ਚੇਤਨਤਾ ਤੋਂ ਭਾਵ ਇਹ ਨਹੀਂ ਕਿ ਸਾਨੂੰ ਇਸ ਵਿਸ਼ਵ ਦਾ, ਇਸ ਜਗਤ ਦਾ ਪੂਰਾ ਪਤਾ ਲਗ ਜਾਵੇ। ਇਸ ਤੋਂ ਭਾਵ ਹੈ ਕਿ ਤੁਹਾਨੂੰ ਪ੍ਰਭੂ ਭਗਤੀ ਦਾ ਇਕ ਦਮ ਪਤਾ ਲਗ ਜਾਏ। ਇਕ ਲਾਈਨ ਹੈ 'ਸ੍ਰੀ ਰਾਮ ਆਧਮ ਖਾਲੂ ਧਰਮ-ਸਾਧਨਮ' ਭਾਵ ਸਰੀਰ ਰਾਹੀਂ ਹੀ ਤੁਸੀਂ ਪ੍ਰਭੂ ਪ੍ਰਾਪਤੀ ਕਰ ਸਕਦੇ ਹੋ। ਸਰੀਰ ਭਾਵੇਂ ਦੁਰਬਲ ਵੀ ਹੋਵੇ ਫੇਰ ਵੀ ਪ੍ਰਾਪਤੀ ਦੀ ਕਿੰਨੀ ਤੀਬਰ ਇੱਛਾ ਹੁੰਦੀ ਹੈ। ਇਹ ਕਿਵੇਂ ਹੋ ਸਕਦਾ ਹੈ। ਪੁਰਾਤਨ ਗ੍ਰੰਥਾਂ ਵਿਚ ਲਿਖਿਆ ਹੈ ਕਿ ਸਰੀਰ ਰਾਹੀਂ ਅਭਿਆਸ ਕਰਕੇ ਤੁਸੀਂ ਪ੍ਰਾਪਤੀਆਂ ਕਰ ਸਕਦੇ ਹੋ ਤਾਂ ਸਰੀਰ ਨੂੰ ਸਾਂਭਣਾ ਚਾਹੀਦਾ ਹੈ। ਹੋਰ ਤਾਂ ਕੋਈ ਕਾਰਣ ਨਹੀਂ ਹੋ ਸਕਦਾ ਜਿਸ ਕਰਕੇ ਇਸ ਸਰੀਰ ਨੂੰ ਸਾਂਭਿਆ ਜਾਵੇ, ਇਸ ਸਰੀਰ ਵਿਚ ਕੋਈ ਸੁਹੱਪਣ ਨਹੀਂ ਹੈ। ਜੇ ਤੁਸੀਂ ਆਪਣੀ ਚਮੜੀ ਨੂੰ ਛਿਲੋ, ਤੁਹਾਨੂੰ ਕੀ ਲੱਭਦਾ ਹੈ?

ਸਮੁੱਚੇ ਪੂਰੇ ਸਰੀਰ ਤੋਂ ਲੈ ਕੇ ਇਸ ਸਰੀਰ ਦੇ ਬਾਰੀਕ ਤੇ ਸੋਹਣੇ ਭਾਗ ਹਨ, ਅੰਦਰ ਦੇ ਅੰਗ, ਪ੍ਰਾਣ, ਵਾਈਟਲ ਸ਼ਕਤੀ, ਮਨ, ਇਹ ਸਭ ਸਰੀਰ ਦੇ ਹੀ ਅੰਗ ਹਨ, ਮਨ ਜਿਹੜਾ ਸਰੀਰ ਨੂੰ ਚੇਤੇ ਰਖਦਾ ਹੈ, ਸਰੀਰਕ ਘਟਨਾਵਾਂ ਨੂੰ ਚੇਤੇ ਰਖਦਾ ਹੈ ਤੇ ਅੰਤ ਵਿਚ ਹੈ ਉਚੇਰਾ ਮਨ। ਹੱਠ ਯੋਗ ਦਾ ਅਭਿਆਸ ਬਾਹਰ ਤੋਂ ਅੰਦਰ ਵਲ ਹੈ। ਇਸ ਤੋਂ ਕੀ ਭਾਵ ਹੈ? ਇਸ ਤੋਂ ਭਾਵ ਹੈ - ਸਭ ਤੋਂ ਪਹਿਲਾਂ ਸਰੀਰ ਦੇ ਵੱਖ-ਵੱਖ ਪੱਧਰਾਂ ਤੋਂ ਸੁਚੇਤ ਹੋਣਾ ਤੇ ਹੌਲੀ ਹੌਲੀ ਇਕ ਪੱਧਰ ਤੋਂ ਦੂਸਰੇ ਪੱਧਰ ਤਕ ਮਨ ਨਾਲ ਇਕ ਰੂਪ ਹੋਣਾ। ਇਸ ਤਰ੍ਹਾਂ ਹੌਲੀ ਹੌਲੀ ਤੁਸੀਂ ਸਮੁੱਚਤਾ ਦਾ ਸੂਖਮਤਾ ਉਤੇ ਕਬਜ਼ਾ ਖਤਮ ਕਰ ਲੈਂਦੇ ਹੋ ਤੇ ਸੂਖਮ ਦਾ ਕਬਜ਼ਾ ਸਮੁੱਚੀ ਹੋਂਦ ਤੇ ਕਰ ਲੈਂਦੇ ਹੋ।

ਮਿਸਾਲ ਵਜੋਂ ਅਸੀਂ ਆਪਣਾ ਸਰੀਰ ਲਈਏ, ਪਦਾਰਥੀ ਰੂਪ ਲਈਏ - ਬਾਹਰੀ ਸਰੀਰ ਜਿਸ ਨੂੰ ਅਸੀਂ ਸੋਹਣਾ ਸਮਝਦੇ ਹਾਂ, ਸਾਡਾ ਸਰੀਰ ਅੰਦਰ ਤੇ ਪ੍ਰਭਾਵ ਪਾਉਂਦਾ ਹੈ, ਅੰਦਰ ਦੇ ਸਰੀਰਕ ਕਰਮ ਤੇ ਪ੍ਰਭਾਵ ਪਾਉਂਦਾ ਹੈ। ਜੇ ਕੋਈ ਢਿੱਲਾ ਹੋ ਕੇ ਕੁੱਬ ਕੱਢ ਕੇ ਬੈਠਦਾ ਹੈ, ਉਸ ਦੇ ਅੰਦਰ ਤੇ ਅੰਗਾਂ ਵਿਚ ਵਿਘਨ ਪੈਂਦਾ ਹੈ, ਉਸ ਦੀ ਸੂਖਮ ਕ੍ਰਿਆ ਤੇ ਵੀ ਪ੍ਰਭਾਵ ਪੈਂਦਾ ਹੈ ਜਿਵੇਂ ਸ੍ਵਾਸ, ਆਤਮਕ ਕ੍ਰਿਆਵਾਂ, ਕੁੰਡਲਨੀ ਦਾ ਪ੍ਰਵਾਹ, ਇਨ੍ਹਾਂ ਸਭ ਤੇ ਪ੍ਰਭਾਵ ਪੈਂਦਾ ਹੈ। ਜੇ ਕੋਈ ਜੰਗਲ ਪਾਣੀ ਸਮੇਂ ਵੀ ਗਲਤ ਤਰ੍ਹਾਂ ਬੈਠਦਾ ਹੈ ਤਾਂ ਵੀ ਅੰਗਾਂ ਦੀ ਹਿਲਜੁਲ ਵਿਚ ਬਾਧਾ ਪੈਂਦਾ ਹੈ।

ਸਾਡੀਆਂ ਬਹੁਤ ਸਾਰੀਆਂ ਆਦਤਾਂ ਸਰੀਰ ਵਿਗਿਆਨ ਵਿਰੁੱਧ ਹਨ ਪਰ ਕਈ ਸਰੀਰ ਵਿਗਿਆਨ ਦੇ ਬਹੁਤ ਹੀ ਅਨੁਕੂਲ ਹਨ। ਪੱਛਮ ਵਿਚ ਮਰਦ ਆਮ ਤੌਰ ਤੇ ਖੜ੍ਹੇ ਹੋ ਕੇ ਹੀ ਪਿਸ਼ਾਬ ਕਰਦੇ ਹਨ, ਭਾਰਤ ਵਿਚ ਇਹ ਪੱਛਮ ਦੀ ਸੁਸਤੀ ਦਾ ਇਕ ਮਾਤਰ ਚਿੰਨ ਸਮਝਿਆ ਜਾਂਦਾ ਹੈ। ਭਾਰਤ ਵਿਚ ਬੈਠ ਕੇ ਇਹ ਕਿਰਿਆ ਕੀਤੀ ਜਾਂਦੀ ਹੈ। ਪੱਛਮੀ ਸਭਿਅਤਾ ਦੇ ਬਾਥਰੂਮ ਥੋੜ੍ਹੀ ਦੇਰ ਪਹਿਲਾਂ ਹੀ ਇਥੇ ਵਧੇਰੇ ਦੇਖਣ ਵਿਚ ਆਏ ਹਨ। ਭਾਰਤੀ ਇਹ ਮਹਿਸੂਸ ਕਰਦੇ ਹਨ ਕਿ ਖੜ੍ਹੇ ਹੋ ਕੇ ਪੇਸ਼ਾਬ ਕਰਨ ਨਾਲ ਗੁਰਦੇ ਚੰਗੀ ਤਰ੍ਹਾਂ ਸਾਫ ਨਹੀਂ ਹੁੰਦੇ, ਉਨ੍ਹਾਂ ਤੇ ਪੂਰਾ ਭਾਰ ਨਹੀਂ ਪੈਂਦਾ, ਇਹੋ ਹੀ ਨਿਯਮ ਜੰਗਲ ਪਾਣੀ ਲਈ ਲਾਗੂ ਹੁੰਦਾ ਹੈ ਜਿਵੇਂ ਕੁਰਸੀ ਤੇ ਬੈਠਦੇ ਹਨ, ਇਹ ਤਰੀਕਾ ਬਹੁਤ ਹੀ ਗਲਤ ਹੈ, ਨਿਯਮ ਵਿਰੁੱਧ ਹੈ, ਇਸ ਕਾਰਣ ਹੀ ਵਧੇਰੇ ਕਬਜ਼ ਦੀ ਤੇ ਬਵਾਸੀਰ ਦੀ ਸ਼ਿਕਾਇਤ ਹੁੰਦੀ ਹੈ।

ਬਾਹਰ ਦੇ ਸਰੀਰ ਦਾ ਪ੍ਰਭਾਵ ਅੰਦਰ ਦੇ ਸਰੀਰ ਉਤੇ ਪੈਂਦਾ ਹੀ ਪੈਂਦਾ ਹੈ, ਸਭ ਇਸ ਗੱਲ ਨੂੰ ਜਾਣਦੇ ਹਨ ਪਰ ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ ਤੇ ਜੀਵਨ ਨੂੰ ਇਹ ਸਮਝ ਕੇ ਜੀਉਣ ਦੀ ਲੋੜ ਹੈ, ਬਾਹਰ ਦੇ ਸਰੀਰ ਤੇ ਕਾਬੂ ਪਾਉਣਾ, ਸਮੁੱਚੇ ਤੇ ਕਾਬੂ ਰੱਖਣਾ, ਇਹ ਤਰੀਕਾ ਹੈ - ਸੁਚੇਤ ਹੋਣ ਦਾ, ਚੇਤਨ ਹੋਣਾ ਦਾ। ਜਦੋਂ ਹੀ ਤੁਸੀਂ ਆਪਣੇ ਸਰੀਰ ਤੋਂ ਅੱਗੇ ਜਾਣੂੰ ਹੁੰਦੇ ਹੋ, ਆਪਣੇ ਆਪ ਨੂੰ ਭੋਗਾਂ 'ਚੋਂ ਕੱਢਦੇ ਹੋ, ਇਸ ਹੱਡ ਮਾਸ ਤੋਂ ਅੱਗੇ ਦੇਖਣ ਦੀ ਕੋਸ਼ਿਸ਼ ਕਰਦੇ ਹੋ, ਤੁਹਾਡੀ ਜੀਵਨ ਫਿਲੌਸਫੀ ਬਦਲ ਜਾਂਦੀ ਹੈ। ਕਦੀ ਤੁਸੀਂ ਜਹਾਜ਼ ਦੀਆਂ ਕੁਰਸੀਆਂ ਦੇਖੋ, ਕਾਰਾਂ ਵਿਚ ਬਣੀਆਂ ਹੋਈਆਂ ਕੁਰਸੀਆਂ ਦੇਖੋ, ਉਨ੍ਹਾਂ ਤੇ ਬੈਠ ਕੇ ਦੇਖੋ, ਕਿੰਨਾ ਔਖਾ ਲਗਦਾ ਹੈ ਬੈਠਣਾ ਜਿਵੇਂ ਕੋਈ ਸਜ਼ਾ ਭੁਗਤ ਰਿਹਾ ਹੋਵੇ। ਮੈਨੂੰ ਅਜੇ ਤਕ ਕੋਈ ਵੀ ਕਾਰ ਦੀ ਸੀਟ ਜਾਂ ਜਹਾਜ਼ ਦੀ ਸੀਟ ਇਹੋ ਜਿਹੀ ਨਹੀਂ ਮਿਲੀ ਜਿਸ ਵਿਚ ਬੈਠ ਕੇ ਮੈਂ ਆਪਣੀ ਪਿੱਠ ਸਿੱਧੀ ਰੱਖ ਕੇ ਆਪਣਾ ਧਿਆਨ ਲਗਾ ਸਕਾਂ, ਮੈਨੂੰ ਸਮਝ ਨਹੀਂ ਆਉਂਦੀ, ਮੈਂ ਆਪਣੀ ਪਿੱਠ ਕਿਵੇਂ ਸਿੱਧੀ ਰੱਖਾਂ ਤਾਂ ਜੋ ਮੈਂ ਜਹਾਜ਼ਾਂ ਜਾਂ ਕਾਰ ਵਿਚ ਧਿਆਨ ਲਗਾ ਸਕਾਂ। ਕਾਰਾਂ, ਜਹਾਜ਼ਾਂ ਦੀਆਂ ਸੀਟਾਂ ਉਨ੍ਹਾਂ ਲੋਕਾਂ ਨੇ ਬਣਵਾਈਆਂ ਹਨ ਜਿਹੜੇ ਕੇਵਲ ਬਾਹਰ ਦੇ ਸਰੀਰ ਦੇ ਆਰਾਮ ਬਾਰੇ ਹੀ ਜਾਣਦੇ ਹਨ, ਸੋਝੀ ਰਖਦੇ ਹਨ, ਜਿਹੜੇ ਕੇਵਲ ਹੱਡ ਮਾਸ ਨੂੰ ਹੀ ਆਰਾਮ ਦਿੰਦੇ ਹਨ। ਜਦੋਂ ਤੁਸੀਂ ਅੰਦਰ ਦੇ ਅੰਗਾਂ ਲਈ ਸੁਚੇਤ



Sri Satguru Jagjit Singh Ji eLibrary NamdhariElibrary@gmail.com

ਹੋ ਜਾਂਦੇ ਹੋ ਤੇ ਜਾਣਨ ਲਗ ਪੈਂਦੇ ਹੋ ਕਿ ਅੰਦਰ ਕੀ ਹੋ ਰਿਹਾ ਹੈ, ਫੇਰ ਤੁਸੀਂ ਕਾਰ ਦੀ ਸੀਟ ਤੇ ਜਹਾਜ਼ ਵਿਚ ਆਰਾਮ ਨਾਲ ਨਹੀਂ ਬੈਠ ਸਕਦੇ, ਨਰਮ ਬਿਸਤਰ ਤੇ ਨਹੀਂ ਸੌਂ ਸਕਦੇ, ਅੱਜ ਦੀ ਸਭਿਅਤਾ ਦੇ ਸਾਰੇ ਗੁਣਾਂ ਬਾਰੇ ਤੁਹਾਡੀ ਧਾਰਨਾ ਹੀ ਬਦਲ ਜਾਂਦੀ ਹੈ।

ਜਦੋਂ ਅਸੀਂ ਅੰਦਰ ਦੇ ਅੰਗਾਂ ਦੀ ਲੋੜ ਮਹਿਸੂਸ ਕਰਾਂਗੇ, ਤਾਂ ਹੀ ਬਾਹਰ ਦੇ ਅੰਗਾਂ ਦੀ ਦੇਖ ਭਾਲ ਉਨ੍ਹਾਂ ਅਨੁਸਾਰ ਕਰ ਸਕਾਂਗੇ, ਇਹ ਗੱਲ ਖਾਸ ਤੌਰ ਤੇ ਸ੍ਵਾਸ ਲੈਣ ਲਈ ਕਹੀ ਜਾ ਸਕਦੀ ਹੈ। ਸ੍ਵਾਸ ਇਕ ਬਹੁਤ ਹੀ ਨਿਰੋਲ ਤੇ ਨਿਰਮਲ ਕਾਰਜ ਹੈ। ਕੋਈ ਵਿਰਲੇ ਹੀ ਬੈਠਣ ਦੇ ਇਹੋ ਜਿਹੇ ਆਸਨ ਹਨ ਜਾਂ ਇਹੋ ਜਿਹਾ ਫਰਨੀਚਰ ਹੈ ਜਿਸ ਤੇ ਬੈਠ ਕੇ ਮਨੁੱਖ ਠੀਕ ਤਰ੍ਹਾਂ ਸ੍ਵਾਸ ਲੈ ਸਕਦਾ ਹੈ। ਇਸੇ ਕਰਕੇ ਹੀ ਬਹੁਤ ਸਾਰਿਆਂ ਲੋਕਾਂ ਦੇ ਸ੍ਵਾਸ ਲੈਣ ਦੀ ਆਦਤ ਠੀਕ ਨਹੀਂ, ਬਾਅਦ ਵਿਚ ਆਪਣੀ ਪਛਾਣ ਬਦਲਣੀ ਪੈਂਦੀ ਹੈ, ਪ੍ਰਾਣਾਂ ਤੋਂ ਜਾਣੂੰ ਹੋਣਾ ਪੈਂਦਾ ਹੈ, ਮਨ ਤੋਂ ਜਾਣੂੰ ਹੋਣਾ ਪੈਂਦਾ ਹੈ, ਮਨ ਸਰੀਰ ਵਿਚ ਹੋ ਕੇ ਕੀ ਤੇ ਕਿਸ ਤਰ੍ਹਾਂ ਕਾਰਜ ਕਰਦਾ ਹੈ, ਇਸ ਪੱਖੋਂ ਸੁਚੇਤ ਹੋਣਾ ਪੈਂਦਾ ਹੈ। ਜਦੋਂ ਤਕ ਅਸੀਂ ਸੁਚੇਤ ਨਾ ਹੋ ਜਾਈਏ, ਉਦੋਂ ਤਕ ਅਸੀਂ ਸੁਪਨ ਅਵਸਥਾ ਵਿਚ ਹੀ ਰਹਿੰਦੇ ਹਾਂ।

ਬਹੁਤ ਵਾਰੀ ਅਸੀਂ ਡੂੰਘੀ ਚੇਤਨਤਾ ਨਿਸਲ ਹੋ ਕੇ ਹੀ ਮਹਿਸੂਸ ਕਰ ਸਕਦੇ ਹਾਂ ਜਿਹੜੀ ਸ਼ਵ ਆਸਨ ਵਿਚ ਹੋ ਸਕਦੀ ਹੈ (ਸ਼ਵ ਆਸਨ ਸਰੀਰ ਦੇ ਸਾਰੇ ਅੰਗਾਂ ਨੂੰ ਵਾਰੀ ਵਾਰੀ ਪੂਰੀ ਤਰ੍ਹਾਂ ਨਿਸਲ ਕਰਨ ਦੀ ਵਿਧੀ ਹੈ, ਇਕ ਇਕ ਅੰਗ ਨੂੰ ਤੁਸੀਂ ਆਦੇਸ਼ ਦਿੰਦੇ ਹੋ, ਫੇਰ ਇਸੇ ਤਰ੍ਹਾਂ ਹੀ ਆਦੇਸ਼ ਦੇ ਕੇ ਉਨ੍ਹਾਂ ਨੂੰ ਜਾਗਰੂਪ ਕਰਦੇ ਹੋ) ਇਸ ਤਰ੍ਹਾਂ ਕਰਨ ਨਾਲ ਮਨ ਦੀ ਚੇਤਨਤਾ ਵਧਦੀ ਹੈ। ਇਹ ਪਤਾ ਲਗਦਾ ਹੈ ਕਿ ਮਨ ਸਰੀਰ ਵਿਚ ਰਹਿ ਕੇ ਕਿਵੇਂ ਕੰਮ ਕਰ ਰਿਹਾ ਹੈ। ਤੁਸੀਂ ਸਿਰ ਵਿਚ ਵਸਦੇ ਮਨ ਨੂੰ ਨਿਸਲ ਕਰਦੇ ਹੋ, ਮੱਥੇ ਵਿਚ ਵਸਦੇ ਮਨ ਨੂੰ ਨਿਸਲ ਕਰਦੇ ਹੋ, ਗਲ ਵਿਚ ਵਸਦੇ ਮਨ ਨੂੰ ਨਿਸਲ ਕਰਦੇ ਹੋ, ਆਪਣੇ ਮੋਢਿਆਂ ਵਿਚ ਵਸਦੇ ਮਨ ਨੂੰ ਨਿਸਲ ਕਰਦੇ ਹੋ ਤੇ ਤੁਹਾਡੇ ਮੋਢੇ ਪੂਰੀ ਤਰ੍ਹਾਂ ਆਰਾਮ ਕਰਦੇ ਹਨ, ਨਿਸਲ ਹੁੰਦੇ ਹਨ। ਇਸੇ ਤਰ੍ਹਾਂ ਅਸੀਂ ਹੌਲੀ ਹੌਲੀ ਸਮੁੱਚੇ ਤੇ ਵਧੇਰੇ ਕੋਮਲ ਨਿਰਮਲ ਸੂਖਮ ਵਲ ਜਾਂਦੇ ਹਾਂ।

ਯੋਗ ਬਾਕੀ ਦੇ ਸਰੀਰ ਅਭਿਆਸ ਦੀ ਤਰ੍ਹਾਂ ਨਹੀਂ ਹੈ। ਯੋਗ ਵਿਚ ਗਤੀ ਬਹੁਤ ਹੀ ਹੌਲੀ ਹੁੰਦੀ ਹੈ, ਇਸ ਵਿਚ ਆਪਣੇ ਆਪ ਨੂੰ ਚੰਗੀ ਤਰ੍ਹਾਂ ਦੇਖਿਆ ਜਾਂਦਾ ਹੈ, ਆਪਣਾ ਨਰੀਖਣ ਕੀਤਾ ਜਾਂਦਾ ਹੈ। ਜੇ ਅਸੀਂ ਆਪਣਾ ਨਰੀਖਣ ਨਹੀਂ ਕਰ ਰਹੇ ਤਾਂ ਅਸੀਂ ਯੋਗ ਕਰ ਹੀ ਨਹੀਂ ਰਹੇ, ਅਸੀਂ ਹਠ ਯੋਗ ਨਹੀਂ ਕਰ ਰਹੇ। ਇਹ ਜ਼ਰੂਰੀ ਨਹੀਂ ਕਿ ਅਸੀਂ ਕੇਵਲ ਧੀਮੀ ਗਤੀ ਹੀ ਰੱਖੀਏ, ਕਰਨ ਵਾਲੀ ਗੱਲ ਇਹ ਹੈ - ਨਿਰੰਤਰ ਨਰੀਖਣ ਦੀ ਗਤੀ ਭਾਵੇਂ ਤੇਜ਼ ਵੀ ਹੋਵੇ, ਨਰੀਖਣ ਨਿਰੰਤਰ ਹੋਣਾ ਚਾਹੀਦਾ ਹੈ। ਮਿਸਾਲ ਵਜੋਂ ਜੇ ਤੁਸੀਂ ਪੂਰਾ ਧਿਆਨ ਲਗਾ ਰਹੇ ਹੋ ਤਾਂ ਤੁਸੀਂ ਆਪਣੀਆਂ ਅੱਖਾਂ ਨੂੰ ਆਪਣੀ ਉਂਗਲੀ ਦੀ ਨੋਕ ਤੇ ਪੂਰੀ ਤਰ੍ਹਾਂ ਗੱਡ ਕੇ ਰੱਖ ਸਕਦੇ ਹੋ, ਉਦੋਂ ਵੀ ਜਦੋਂ ਤੁਸੀਂ ਆਪਣੀ ਉਂਗਲੀ ਦੀ ਨੋਕ ਨੂੰ ਅੱਗੇ ਪਿਛੇ ਕਰ ਰਹੇ ਹੋ। ਜੇ ਤੁਸੀਂ ਕਦੀ ਕਿਸੇ ਭਾਰਤੀ ਨ੍ਰਿਤਕੀ ਨੂੰ ਦੇਖੋ ਤੇ ਧਿਆਨ ਨਾਲ ਉਸਦੀਆਂ ਅੱਖਾਂ ਦੀ ਗਤੀ ਦੇਖੋ, ਉਹ ਕਿਸ ਤਰ੍ਹਾਂ ਅੱਖਾਂ ਨਾਲ ਕਿੰਨਾ ਕੁਝ ਹੀ ਕਹਿ ਜਾਂਦੀ ਹੈ। ਬਹੁਤ ਵਾਰੀ ਨ੍ਰਿਤਕਾਂ ਦੀ ਸਿਖਿਆ ਬਚਪਨ ਵਿਚ ਹੀ ਸ਼ੁਰੂ ਹੋ ਜਾਂਦੀ ਹੈ, ਉਦੋਂ ਜਦੋਂ ਉਹ ਤਿੰਨ ਸਾਲ ਦੇ ਹੁੰਦੇ ਹਨ, ਇਸੇ ਤਰ੍ਹਾਂ ਹੀ ਹੱਠ ਯੋਗ ਦੇ ਆਸਨ ਵੀ ਬਹੁਤ ਹੀ ਛੋਟੀ ਉਮਰ ਵਿਚ ਸ਼ੁਰੂ ਹੋ ਜਾਂਦੇ ਹਨ।

ਸਾਡੇ ਪੱਠੇ, ਹੱਡੀਆਂ, ਨਾੜੀਆਂ, ਸ੍ਵਾਸ, ਮਨ ਸਾਰੇ ਹੀ ਇਕਸਾਰ ਹੋ ਕੇ ਕ੍ਰਿਆ ਕਰਦੇ ਹਨ, ਇਕਸਾਰ ਹੋ ਕੇ ਹੀ ਸਰੀਰ ਨੂੰ ਚਲਾਉਂਦੇ ਹਨ। ਜਦੋਂ ਤਕ ਹਠ ਯੋਗ ਦਾ ਸਾਧਕ ਇਹ ਪੰਜ ਗੁਣ ਆਪਣੇ ਮਨ ਵਿਚ ਨਹੀਂ ਰਖਦਾ, ਉਹ ਹੱਠ ਯੋਗ ਦਾ ਅਭਿਆਸ ਪੂਰੀ ਤਰ੍ਹਾਂ ਕਰ ਹੀ ਨਹੀਂ ਸਕਦਾ। ਜਦੋਂ ਵੀ ਤੁਸੀਂ ਹੱਠ ਯੋਗ ਦਾ ਅਭਿਆਸ ਕਰੋ, ਪਹਿਲਾਂ ਮਨ ਵਿਚ ਕਰੋ।

ਅੱਖਾਂ ਬੰਦ ਕਰੋ, ਮਨ ਨੂੰ ਨਿਸਲ ਕਰੋ, ਸਿਰ ਨੂੰ ਮੱਥੇ ਨੂੰ ਨਿਸਲ ਕਰੋ, ਸੋਚੋ, ਤੁਸੀਂ ਲੰਮੇ ਪਏ ਹੋ, ਮਹਿਸੂਸ ਕਰੋ ਤੁਸੀਂ ਲੰਮੇ ਪਏ ਹੋ ਕਲਪਨਾ ਕਰੋ ਤੁਸੀਂ ਲੰਮੇ ਪਏ ਹੋ, ਆਪਣੇ ਪੈਰ ਇਕੱਠੇ ਕਰੋ, ਹੱਥ ਆਪਣੇ ਪਾਸਿਆਂ ਤੇ ਰੱਖੋ, ਹੱਥਾਂ ਦੀਆਂ ਤਲੀਆਂ ਉਪਰ ਵਲ ਕਰੋ।

ਹੌਲੀ ਹੌਲੀ ਆਪਣੇ ਪੈਰ ਉਪਰ ਚੁੱਕੋ, ਗੋਡੇ ਇਕੱਠੇ ਨਹੀਂ ਕਰਨੇ; ਆਪਣਾ ਪਿੱਛਾ, ਚੂਲਾ ਮੋੜੋ ਤੇ ਹੌਲੀ ਹੌਲੀ ਲੱਤਾਂ ਉਪਰ ਚੁਕੋ, ਇਸ ਤਰ੍ਹਾਂ ਚੁੱਕੋ ਕਿ ਉਹ ਸਿੱਧੀਆਂ ਰਹਿਣ, ਹੌਲੀ ਹੌਲੀ ਸ੍ਵਾਸ ਲਓ ਤੇ ਇਸੇ ਤਰ੍ਹਾਂ ਰਹੋ।

ਹੁਣ ਇਸੇ ਤਰ੍ਹਾਂ ਹੀ ਗੋਡੇ ਇਕੱਠੇ ਕੀਤੇ ਬਿਨਾਂ ਹੀ ਇਹ ਦੇਖੋ ਕਿ ਤੁਹਾਡੇ ਪੇਟ ਤੇ ਇਸ ਦਾ ਕੀ ਪ੍ਰਭਾਵ ਪੈ ਰਿਹਾ ਹੈ, ਪੇਟ ਦੇ ਪੱਠਿਆਂ ਤੇ ਕੀ ਪ੍ਰਭਾਵ ਪੈ ਰਿਹਾ ਹੈ, ਦੇਖੋ ਤੁਹਾਡੀ ਧੁੰਨੀ ਤੇ ਇਸ ਦਾ ਕੀ ਅਸਰ ਹੋ ਰਿਹਾ ਹੈ।

ਨਿਰੰਤਰ ਦੇਖਦੇ ਰਹੋ, ਆਪਣੇ ਸ੍ਵਾਸਾਂ ਤੇ ਧਿਆਨ ਲਗਾਓ, ਸਾਰੇ ਸਰੀਰ ਤੇ ਇਸ ਦਾ ਪ੍ਰਭਾਵ ਦੇਖੋ, ਪੱਠੇ ਦੇਖੋ, ਆਪਣੇ ਗੋਡੇ ਨਹੀਂ ਮੋੜਨੇ, ਹੌਲੀ ਹੌਲੀ ਆਪਣੇ ਪੈਰ ਹੇਠਾਂ ਲੈ ਕੇ ਆਓ ਤੇ ਬੜੇ ਹੀ ਆਰਾਮ ਨਾਲ ਹੇਠਾਂ ਰੱਖੋ।

ਸਰੀਰ ਨੂੰ ਪੂਰੀ ਤਰ੍ਹਾਂ ਨਿਸਲ ਕਰੋ, ਮਹਿਸੂਸ ਕਰੋ ਕਿ ਤੁਹਾਡਾ ਸਾਰਾ ਸਰੀਰ ਹੀ ਸ੍ਵਾਸ ਲੈ ਰਿਹਾ ਹੈ, ਮਹਿਸੂਸ ਕਰੋ ਕਿ ਸਿਰ ਤੋਂ ਲੈ ਕੇ ਪੈਰ ਦੇ ਅਗੂੰਠੇ ਤਕ ਤੁਹਾਡਾ ਸ੍ਵਾਸ ਚਲ ਰਿਹਾ ਹੈ, ਤੁਸੀਂ ਜ਼ਮੀਨ ਤੇ ਲੇਟੇ ਹੋਏ ਹੋ, ਅੱਖਾਂ ਖੋਲ੍ਹੋ।

ਇਹ ਇਕ ਉਦਾਹਰਣ ਸੀ ਕਿਵੇਂ ਲੱਤਾਂ ਚੁੱਕ ਕੇ ਅਭਿਆਸ ਕਰਨਾ ਹੈ ਤੇ ਫੇਰ ਕਿਵੇਂ ਮੋਢੇ ਚੁਕਣੇ ਹਨ। ਕੋਈ ਵੀ ਦਸ਼ਾ ਕਿਉਂ ਨਾ ਹੋਵੇ, ਤੁਸੀਂ ਉਸ ਨੂੰ ਬਾਰ-ਬਾਰ ਕਰੋ ਤੇ ਦੇਖੋ, ਤੁਹਾਡੇ ਮਨ ਤੇ ਕੀ ਪ੍ਰਭਾਵ ਪੈਂਦਾ ਹੈ। ਜਿੰਨਾ ਵਧੇਰੇ ਤੁਸੀਂ ਆਰਾਮ ਕਰੋਗੇ, ਨਿਸਲ ਹੋਵੋਗੇ, ਓਨਾਂ ਹੀ ਤੁਸੀਂ ਚੰਗੀ ਤਰ੍ਹਾਂ ਦੇਖ ਸਕੋਗੇ, ਸੌਖੇ ਹੋ ਕੇ ਦੇਖ ਸਕੋਗੇ। ਤੁਸੀਂ ਕੋਈ ਵੀ ਲੇਟਣ ਬੈਠਣ ਦਾ ਤਰੀਕਾ ਅਪਣਾਅ ਸਕਦੇ ਹੋ, ਤੁਹਾਨੂੰ



Sri Satguru Jagjit Singh Ji eLibrary NamdhariElibrary@gmail.com

ਸਰੀਰ ਨੂੰ ਹਿਲਾਉਣ ਦੀ ਲੋੜ ਨਹੀਂ। ਇਸ ਨੂੰ ਸੁਸਤ ਮਨੁੱਖ ਲਈ ਹੱਠ ਯੋਗ ਕਿਹਾ ਗਿਆ ਹੈ ਜਿਥੇ ਤੁਸੀਂ ਕੇਵਲ ਆਪਣੇ ਆਪ ਨੂੰ ਇਕ ਹਾਲਤ ਵਿਚ ਕਲਪਤ ਹੀ ਕਰਨਾ ਹੈ ਤੇ ਸਭ ਕੁਝ ਤੁਸੀਂ ਮਾਨਸਿਕ ਤੌਰ ਤੇ ਹੀ ਸੰਪੂਰਨ ਕਰ ਲੈਣਾ ਹੈ। ਇਥੇ ਤੁਸੀਂ ਕੁਝ ਦੇਖਣਾ ਨਹੀਂ, ਕੁਝ ਨਹੀਂ, ਬੈਠੇ ਬੈਠੇ ਕਲਪਨਾ ਕਰਕੇ ਹੀ ਸਭ ਸੰਪੰਨ ਕਰ ਲੈਣਾ ਹੈ, ਸ਼ਰਤ ਇਕ ਹੈ - ਉਹ ਇਹ ਹੈ ਕਿ ਸਾਡੇ ਕੋਲ ਠੀਕ ਸ਼ਬਦ ਹੋਣ ਤੇ ਠੀਕ ਤਰੀਕਾ ਹੋਵੇ ਤੇ ਅਸੀਂ ਉਸ ਨੂੰ ਮਨ ਵਿਚ ਹੀ ਕਰਦੇ ਰਹੀਏ।

ਤੁਹਾਡੇ ਪੱਖੋਂ ਇਸ ਤਰ੍ਹਾਂ ਲਗੇਗਾ ਕਿ ਅਸੀਂ ਸਰੀਰ ਬਾਰੇ ਸੋਚ ਰਹੇ ਸੀ ਤੇ ਫੇਰ ਮਨ ਨੂੰ ਇਹ ਵਿਚਾਰ ਦੇ ਰਹੇ ਹਾਂ, ਜਿਥੋਂ ਤਕ ਮਨੁੱਖੀ ਚੇਤਨਤਾ ਦਾ ਸਵਾਲ ਹੈ, ਚੇਤਨਤਾ ਪਹਿਲਾਂ ਆਉਂਦੀ ਹੈ, ਸਰੀਰ ਬਾਅਦ ਵਿਚ ਹੈ; ਕੀ ਇਸ ਤਰ੍ਹਾਂ ਨਹੀਂ ਹੈ? ਜੇ ਤੁਹਾਡੀ ਚੇਤਨਤਾ ਨਾ ਹੋਵੇ ਤਾਂ ਤੁਸੀਂ ਕੀ ਕਰੋਗੇ? ਬਿਨਾਂ ਚੇਤਨਤਾ ਦੇ ਮਨੁੱਖ ਇਕ ਮੁਰਦਾ ਹੈ। ਮਨ ਹੀ ਹੈ ਜਿਹੜਾ ਸਰੀਰ ਨੂੰ ਸੋਧਦਾ ਹੈ। ਹੱਠ ਯੋਗ ਵਿਚ ਮਨ ਨੂੰ ਹੀ ਸੋਧਿਆ ਜਾਂਦਾ ਹੈ, ਪਰ ਪਹਿਲਾਂ ਸਰੀਰ ਸੋਧਿਆ ਜਾਂਦਾ ਹੈ। ਜਦੋਂ ਮਨੁੱਖ ਸਰੀਰ ਨੂੰ ਇਕ ਹਾਲਤ ਵਿਚ, ਇਕ ਦਿਸ਼ਾ ਵਿਚ ਰਖਦਾ ਹੈ, ਵਾਸਤਵ ਵਿਚ ਮਨ ਨੂੰ ਹੀ ਅਭਿਆਸ ਹੋ ਰਿਹਾ ਹੁੰਦਾ ਹੈ, ਇਹ ਮਨ ਨੂੰ ਸਿਖਿਆ ਦੇਣ ਦਾ ਇਕ ਤਰੀਕਾ ਹੈ, ਇਹ ਉਨ੍ਹਾਂ ਵਾਸਤੇ ਹੈ ਜਿਹੜੇ ਧਿਆਨ ਜਾਂ ਸਿਮਰਨ ਨਹੀਂ ਕਰਦੇ, ਜਿਹੜੇ ਕੇਵਲ ਆਪਣੇ ਆਪ ਨੂੰ ਸਰੀਰ ਹੀ ਸਮਝਦੇ ਹਨ, ਸਰੀਰ ਹੀ ਉਨ੍ਹਾਂ ਦੀ ਪਛਾਣ ਹੈ, ਮਨ ਦੀ ਕ੍ਰਿਆ ਬਾਅਦ ਵਿਚ ਆਉਂਦੀ ਹੈ।

ਜੇ ਤੁਹਾਡੀ ਪਛਾਣ ਸਰੀਰ ਹੈ, ਸਰੀਰ ਦੀ ਬਣਤਰ ਹੈ ਤਾਂ ਤੁਸੀਂ ਸਰੀਰ ਦੀ ਬਣਤਰ ਤੋਂ ਹੀ ਸ਼ੁਰੂ ਕਰੋ। ਜਿਹੜਾ ਮਨ ਸਰੀਰ ਵਿਚ ਹੈ, ਉਹ ਵਿਚਾਰਾਂ ਵਿਚ ਉਸ ਦਾ ਅਭਿਆਸ ਕਰਦਾ ਹੈ। ਜੇ ਅਸੀਂ ਆਪਣੀ ਬਾਂਹ ਖਾਸ ਤਰੀਕੇ ਨਾਲ ਰੱਖੀਏ ਅਸੀਂ ਦੋ ਗੱਲਾਂ ਕਰ ਰਹੇ ਹੁੰਦੇ ਹਾਂ, ਇਕ ਤਾਂ ਅਸੀਂ ਇਸ ਨੂੰ ਇਕ ਆਕਾਰ ਦੇ ਰਹੇ ਹਾਂ, ਇਕ ਤਰੀਕੇ ਨਾਲ ਰੱਖ ਰਹੇ ਹਾਂ ਦੂਸਰਾ ਉਸ ਦਾ ਆਕਾਰ ਤੇ ਤਰੀਕਾ ਮਨ ਵਿਚ ਉਕਰ ਰਿਹਾ ਹੈ, ਅਸੀਂ ਮਨ ਨੂੰ ਦਸ ਰਹੇ ਹਾਂ ਤੇ ਉਸ ਦਾ ਮੰਡਲ ਬਣਾ ਰਹੇ ਹਾਂ। ਮੰਡਲਾਂ ਦਾ ਸਾਰ, ਵਿਗਿਆਨ ਤੇ ਕਲਾ ਮਨ ਨੂੰ ਇਸ ਰੇਖਾ ਗਣਿਤ ਦਾ ਅਭਿਆਸ ਕਰਾ ਰਿਹਾ ਹੈ।

ਇਥੇ ਇਕ ਪ੍ਰਸ਼ਨ ਉਠਦਾ ਹੈ। ਉਹ ਇਹ ਹੈ ਕਿ ਕੀ ਮਾਨਸਿਕ ਪੱਖੋਂ ਕੀਤੇ ਅਭਿਆਸ ਓਨੇ ਹੀ ਲਾਭਦਾਇਕ ਹੋਣਗੇ ਜਿੰਨੇ ਸਰੀਰ ਨਾਲ ਕੀਤੇ ਹੋਣਗੇ? ਇਨ੍ਹਾਂ ਦਾ ਉਤਰ ਹੈ, ਹਾਂ। ਬਹੁਤ ਦੇਰ ਤਕ ਕਰਨ ਨਾਲ ਉਹੋ ਜਿਹੇ ਲਾਭ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ, ਕੁਝ ਸਰੀਰ ਦੇ ਲਾਭ ਹਨ ਜਿਹੜੇ ਬਹੁਤ ਦੇਰ ਤਕ ਉਡੀਕ ਨਹੀਂ ਕਰ ਸਕਦੇ। ਜੇ ਰੋਜ਼ ਕੁਝ ਹੋਰ ਨਾ ਕਰਕੇ ਕੇਵਲ ਦਸ ਮਿੰਟ ਰੀੜ੍ਹ ਦੀ ਹੱਡੀ ਸਿੱਧੀ ਰੱਖਣ ਦਾ ਅਭਿਆਸ, ਧਿਆਨ ਕੀਤਾ ਜਾਵੇ, ਤੁਸੀਂ ਸਿੱਧਾ ਬੈਠਣ ਲਗ ਪਵੋਗੇ, ਜਦੋਂ ਵੀ ਸਾਧਕ ਨੂੰ ਕਿਸੇ ਖਾਸ ਤਰੀਕੇ ਨਾਲ ਬੈਠਣ ਵਿਚ ਤਕਲੀਫ ਹੋ ਰਹੀ ਹੋਵੇ, ਉਸ ਲਈ ਸਭ ਤੋਂ ਚੰਗਾ ਤਰੀਕਾ ਇਹ ਹੀ ਹੋਵੇਗਾ ਕਿ ਮਨ ਵਿਚ ਉਸ ਤਰੀਕੇ ਨੂੰ ਬਾਰ-ਬਾਰ ਦਹੁਰਾਇਆ ਜਾਵੇ।

ਹੱਠ ਯੋਗ ਮਨ ਤੇ ਸਰੀਰ ਵਿਚ ਇਕ ਸੇਤੂ ਬਣਾ ਦਿੰਦਾ ਹੈ। ਉਹ ਸੇਤੂ ਗਣਿਤ ਰੇਖਾ, ਆਕਾਰ, ਯਾਦ-ਦਾਸ਼ਤ ਤੇ ਹੋਰ ਸਭ ਕੁਝ ਨੂੰ ਸ੍ਵੈਚਲਿਤ ਨਾੜੀ ਪ੍ਰਣਾਲੀ ਰਾਹੀਂ ਕੰਟਰੋਲ ਦਾ ਹੁਕਮ ਭੇਜਦਾ ਹੈ, ਇਹ ਇਕ ਪਉੜੀ ਹੈ।

ਸਰੀਰਕ ਅਭਿਆਸ ਕਰਨ ਵਿਚ ਮਨ ਦਾ ਕੀ ਕੰਮ ਹੈ, ਇਹ ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ -

ਅੱਖਾਂ ਬੰਦ ਕਰੋ, ਸਿਰ ਨੂੰ ਪੂਰੀ ਤਰ੍ਹਾਂ ਨਿਸਲ ਕਰੋ, ਸਿਰ ਦੇ ਪੱਠੇ ਤੇ ਮੱਥੇ ਦੇ ਪੱਠੇ ਪੂਰੀ ਤਰ੍ਹਾਂ ਨਿਸਲ ਕਰੋ। ਆਪਣੇ ਭਰਵੱਟੇ ਨਿਸਲ ਕਰੋ, ਅੱਖਾਂ ਢਿੱਲੀਆਂ ਛੱਡੋ, ਗੱਲ੍ਹਾਂ ਢਿੱਲੀਆਂ ਛੱਡੋ, ਆਪਣਾ ਜਬਾੜ੍ਹਾ ਢਿੱਲਾ ਛੱਡੋ। ਗਰਦਨ ਢਿੱਲੀ ਛੱਡੋ, ਮੋਢੇ ਨਿਸਲ ਕਰੋ, ਸਾਰਾ ਸਰੀਰ ਨਿਸਲ ਕਰੋ - ਉਦੋਂ ਤਕ ਜਦੋਂ ਤਕ ਤੁਹਾਡੀਆਂ ਹੱਥਾਂ ਪੈਰਾਂ ਦੀਆਂ ਉਂਗਲੀਆਂ ਤਕ ਤੁਹਾਨੂੰ ਨਿਸਲਤਾ ਮਹਿਸੂਸ ਨਾ ਹੋਵੇ। ਆਪਣੇ ਦਿਲ ਹਿਰਦੇ ਵਾਲੀ ਥਾਂ ਢਿੱਲੀ ਛੱਡੋ, ਮੋਢੇ ਢਿੱਲੇ ਛੱਡੋ, ਗਰਦਨ ਢਿੱਲੀ ਛੱਡੋ, ਜਬਾੜ੍ਹਾ ਢਿੱਲਾ ਛੱਡੋ, ਗੱਲ੍ਹਾਂ ਢਿੱਲੀਆਂ ਛੱਡੋ, ਮੱਥਾ ਢਿੱਲਾ ਛੱਡੋ।

ਆਪਣੇ ਮੱਥੇ ਦੀ ਢਿੱਲ ਛੱਡੇ ਬਿਨਾਂ ਇਹ ਕਲਪਨਾ ਕਰੋ ਕਿ ਤੁਹਾਡੇ ਮੱਥੇ ਦਾ ਪੱਠਾ ਤੇ ਚਮੜੀ ਉਪਰ ਉਠ ਰਹੇ ਹਨ। ਮੱਥਾ ਢਿੱਲਾ ਰੱਖੋ, ਕੇਵਲ ਆਪਣੇ ਮਨ ਵਿਚ ਹੀ ਤੁਸੀਂ ਇਹ ਸਭ ਕੁਝ ਸੋਚ ਰਹੇ ਹੋ, ਤੁਸੀਂ ਦੇਖੋਗੇ ਤੁਸੀਂ ਇਕ ਦਮ ਸੁਚੇਤ ਹੋ ਜਾਵੋਂਗੇ ਜੇ ਕੋਈ ਵੀ ਖਿਚਾਅ ਤੁਹਾਡੇ ਮੱਥੇ ਤੇ ਮਹਿਸੂਸ ਹੋਵੇਗਾ। ਸਾਰੇ ਚਿਹਰੇ ਨੂੰ ਢਿੱਲਾ ਛੱਡੋ, ਹੌਲੀ ਹੌਲੀ ਸਾਹ ਲਵੋ, ਇਕਸਾਰ ਸਾਹ ਲਵੋ।

ਸ੍ਵਾਸਾਂ ਨੂੰ ਮਹਿਸੂਸ ਕਰਦੇ ਹੋਏ ਕਲਪਨਾ ਕਰੋ ਕਿ ਤੁਸੀਂ ਆਪਣੀ ਗਰਦਨ ਹੌਲੀ ਹੌਲੀ ਖੱਬੇ ਮੋੜ ਰਹੇ ਹੋ, ਨਾਲ ਹੀ ਤੁਸੀਂ ਸ੍ਵਾਸ ਅੰਦਰ ਲੈ ਰਹੇ ਹੋ। ਆਪਣੀ ਗਰਦਨ ਖੱਬੇ ਪਾਸੇ ਉਥੇ ਤਕ ਲੈ ਕੇ ਆਓ ਜਿਥੇ ਤਕ ਲਿਆ ਸਕਦੇ ਹੋ ਤੇ ਗਰਦਨ ਵਿਚ ਖਿਚਾਓ ਨੂੰ ਮਹਿਸੂਸ ਕਰੋ।

ਹੌਲੀ ਹੌਲੀ ਸ੍ਵਾਸ ਬਾਹਰ ਕੱਢੋ, ਗਰਦਨ ਨੂੰ ਵਾਪਸ ਲੈ ਕੇ ਆਓ, ਦਰਮਿਆਨ ਵਿਚ ਗਰਦਨ ਰੱਖੋ, ਗਰਦਨ ਦੇ ਪੱਠੇ ਨਿਸਲ ਰੱਖੋ।

ਸ੍ਵਾਸ ਅੰਦਰ ਲਵੋ, ਹੁਣ ਕਲਪਨਾ ਕਰੋ ਕਿ ਤੁਸੀਂ ਗਰਦਨ ਸੱਜੇ ਪਾਸੇ ਲੈ ਕੇ ਜਾ ਰਹੇ ਹੋ, ਹੌਲੀ ਹੌਲੀ ਸੱਜੇ ਪਾਸੇ ਲੈ ਜਾਓ, ਨਾਲ ਹੀ ਸ੍ਵਾਸ ਲਵੋ, ਨਾਸਿਕਾ ਵਿਚ ਸ੍ਵਾਸ ਮਹਿਸੂਸ ਕਰੋ, ਪੱਠਿਆਂ ਵਿਚ ਖਿੱਚ ਮਹਿਸੂਸ ਕਰੋ ਪਰ ਗਰਦਨ ਨਿਸਲ ਰੱਖੋ, ਸੱਜੇ ਪਾਸੇ ਗਰਦਨ ਉਥੋਂ ਤਕ ਲੈ ਕੇ ਆਓ, ਜਿਥੇ ਤਕ ਤੁਸੀਂ ਲਿਆ ਸਕਦੇ ਹੋ ਜਿਵੇਂ ਤੁਸੀਂ ਸੱਜੇ ਮੋਢੇ ਤੇ ਦੇਖ ਰਹੇ ਹੋ, ਉਥੋਂ ਤਕ ਲੈ ਕੇ ਆਓ ਜਿਥੋਂ ਤਕ ਤੁਹਾਨੂੰ ਦਰਦ ਨਾ ਹੋਵੇ।

ਫੇਰ ਉਨ੍ਹਾਂ ਪੱਠਿਆਂ ਨੂੰ ਢਿੱਲੇ ਛੱਡੋ, ਹੌਲੀ ਹੌਲੀ ਸ੍ਵਾਸ



Sri Satguru Jagjit Singh Ji eLibrary NamdhariElibrary@gmail.com

ਬਾਹਰ ਕੱਢੋ ਨਾਸਕਾ ਵਿਚ ਸੁਆਸਾਂ ਨੂੰ ਮਹਿਸੂਸ ਕਰੋ, ਗਰਦਨ ਨੂੰ ਸਿੱਧੀ ਲੈ ਕੇ ਆਓ, ਹੌਲੀ ਹੌਲੀ ਸੁਆਸ ਅੰਦਰ ਕਰੋ, ਫੇਰ ਬਾਹਰ ਕੱਢੋ, ਸੁਆਸ ਇਕ ਸਾਰ ਕਰੋ ਤੇ ਅੱਖਾਂ ਖੋਲ੍ਹੋ।

ਜਦੋਂ ਤੁਸੀਂ ਉਪਰ ਲਿਖਿਆ ਸਭ ਕੁਝ ਮਾਨਸਿਕ ਤੌਰ ਤੇ ਕਰ ਲੈਂਦੇ ਹੋ ਫੇਰ ਸਰੀਰਕ ਤੌਰ ਤੇ ਕਰੋ, ਜਦੋਂ ਸਰੀਰ ਨਾਲ ਕਰ ਰਹੇ ਹੋ, ਦੇਖੋ ਮਨ ਕੀ ਕਰ ਰਿਹਾ ਹੈ, ਤੁਸੀਂ ਦੇਖੋ ਮਨ ਕਿਸ ਤਰ੍ਹਾਂ ਸਾਰੇ ਪੱਠੇ, ਸਾਰੇ ਟਿਸ਼ੂ ਬਹੁਤ ਹੀ ਬਰੀਕੀ ਨਾਲ ਦੇਖ ਰਿਹਾ ਹੈ, ਮਨ ਨੂੰ ਜਾਂਚੋ, ਪੱਠਿਆਂ ਨੂੰ ਹੁਕਮ ਦਿਓ, ਉਹ ਹੌਲੀ ਹੌਲੀ ਗਤੀਸ਼ੀਲ ਹੋਣ।

ਸੁਆਸਾਂ ਪੱਖੋਂ ਜਾਣੂੰ ਰਹੋ, ਏਸ ਪੱਖੋਂ ਵੀ ਜਾਣੂੰ ਰਹੋ ਕਿ ਮਨ ਕਿਵੇਂ ਸੁਆਸਾਂ ਨੂੰ ਦੇਖਦਾ ਹੈ, ਉਨ੍ਹਾਂ ਦਾ ਨਰੀਖਣ ਕਰਦਾ ਹੈ। ਜਿਹੜਾ ਮਨ ਸੁਆਸਾਂ ਪ੍ਰਤੀ ਸਾਵਧਾਨ ਹੈ, ਉਸ ਨੂੰ ਉਚੇਰੇ ਮਨ ਨੂੰ ਦੇਖਣ ਦਿਓ, ਇਸ ਪ੍ਰਤੀ ਸਾਵਧਾਨ ਹੋਵੋ ਕਿ ਮੈਂ ਸੁਆਸ ਪ੍ਰਤੀ ਜਾਣੂੰ ਹਾਂ, ਜਿਹੜਾ ਪੱਠਿਆਂ ਵਿਚ ਚਲ ਰਿਹਾ ਹੈ।

ਇਹ ਦੇਖਣ ਦੀ ਕੋਸ਼ਿਸ਼ ਕਰੋ ਕਿ ਉਹ ਕਿਹੜੇ ਪੱਠੇ ਹਨ, ਉਹ ਕਿਹੜੇ ਟਿਸ਼ੂ ਹਨ, ਜਿਨ੍ਹਾਂ ਲਈ ਤੁਸੀਂ ਪਹਿਲਾਂ ਸਤ੍ਰਕ ਨਹੀਂ ਸੀ ਪਰ ਹੁਣ ਹੋ, ਉਨ੍ਹਾਂ ਨੂੰ ਵੱਖ ਕਰਨ ਦੀ ਕੋਸ਼ਿਸ਼ ਕਰੋ, ਇਹ ਤੁਹਾਡੇ ਲਈ ਆਪਣੇ ਸਰੀਰ ਨੂੰ ਜਾਨਣ ਦਾ ਇਕ ਪਾਠ ਹੈ। ਦੇਖਦੇ ਰਹੋ ਕਿ ਮਨ ਸੁਆਸਾਂ ਪ੍ਰਤੀ ਸੋਝੀ ਪਾ ਕੇ ਕਿਸ ਤਰ੍ਹਾਂ ਮਹਿਸੂਸ ਕਰਦਾ ਹੈ, ਦੇਖੋ ਕਿ ਮਨ ਪੱਠਿਆਂ ਨੂੰ ਕਿਵੇਂ ਹੁਕਮ ਦਿੰਦਾ ਹੈ, ਪ੍ਰੇਰਨਾ ਦਿੰਦਾ ਹੈ।

ਇਸ ਨੂੰ ਇਕ ਮਾਨਸਿਕ ਅਭਿਆਸ ਦੇ ਰੂਪ ਵਿਚ ਦੇਖੋ ਸਰੀਰਕ ਅਭਿਆਸ ਦੀ ਤਰ੍ਹਾਂ ਨਾ ਦੇਖੋ, ਦੇਖੋ ਮਨ ਇਸ ਗਤੀ ਨੂੰ ਕਿਵੇਂ ਸੋਚ ਰਿਹਾ ਹੈ? ਗਤੀ ਨੂੰ ਦੇਖੋ - ਇਕ ਪੁਆਇੰਟ ਤੋਂ ਦੂਸਰੇ ਪੁਆਇੰਟ ਤਕ ਦੇਖੋ, ਹਰੇਕ ਗਤੀ ਨੂੰ ਧਿਆਨ ਨਾਲ ਦੇਖੋ, ਇਸ ਚੱਕਰ ਵਿਚ ਦੇਖੋ, ਜਿਹੜਾ ਉਪਰ ਦਸਿਆ ਗਿਆ ਹੈ। ਮਨ ਵਿਚ ਹੋਰ ਥਾਵਾਂ ਤੇ ਦੇਖੋ, ਜਦੋਂ ਤੁਸੀਂ ਇਹ ਸਭ ਕੁਝ ਕਰ ਰਹੇ ਹੋ।

ਆਪਣੇ ਹੱਥ ਇਧਰ ਉਧਰ ਹਿਲਾਓ, ਅੱਖਾਂ ਨਾਲ ਹੱਥਾਂ ਦੀ ਗਤੀ ਨੂੰ ਦੇਖੋ। ਹੁਣ ਅਖਾਂ ਬੰਦ ਕਰਕੇ ਗਤੀ ਨੂੰ ਦੇਖਣ ਦੀ ਕੋਸ਼ਿਸ਼ ਕਰੋ, ਕੀ ਤੁਸੀਂ ਗਤੀ ਨੂੰ ਮਹਿਸੂਸ ਕਰ ਸਕਦੇ ਹੋ?

ਸੁਆਸ ਨੂੰ ਬਾਹਰ ਕੱਢੋ ਤੇ ਨਾਲ ਹੀ ਕੋਈ ਗਤੀ ਕਰੋ। ਜਿੰਨੀ ਦੇਰ ਸੁਆਸ ਬਾਹਰ ਕੱਢੋ, ਓਨੀ ਦੇਰ ਹੀ ਗਤੀ ਕਰੋ, ਮਨ ਦਾ ਨਰੀਖਣ ਕਰੋ, ਜਾਂਚੋ। ਇਹ ਦੇਖੋ ਕਿ ਮਨ ਕਿਸ ਤਰ੍ਹਾਂ ਜਾਂਚਦਾ ਹੈ ਅਤੇ ਸੁਆਸਾਂ ਦੀ ਗਤੀ ਨੂੰ ਕਿਵੇਂ ਮਨ ਜਾਂਚਦਾ ਹੈ।

ਅਭਿਆਸ ਦੇ ਹਰ ਪੱਧਰ ਤੇ ਮਨ ਕੁਝ ਕਰਦਾ ਹੈ, ਸਰੀਰ ਕੁਝ ਕਰਦਾ ਹੈ, ਕੁੰਡਲਨੀ ਕੁਝ ਕਰਦੀ ਹੈ। ਇਹ ਸਭ ਕੁਝ ਇਸ ਗੱਲ ਤੇ ਨਿਰਭਰ ਹੈ ਕਿ ਤੁਸੀਂ ਆਪਣੇ ਮਨ ਨਾਲ ਕੀ ਕਰਦੇ ਹੋ। ਮਿਸਾਲ ਵਜੋਂ ਬਹੁਤ ਸਾਰੇ ਲੋਕੀ ਯੋਗ ਆਸਨ, ਜੋੜਾਂ ਦੀ ਵਰਜਿਸ ਸਰੀਰ ਨਾਲ ਹੀ ਕਰਦੇ ਹਨ, ਕਈ ਅਧਿਆਪਕ ਵੀ ਇਸ ਤਰ੍ਹਾਂ ਹੀ ਕਰਦੇ ਹਨ। ਜਿਹੜਾ ਸਿਧਾਂਤ ਅਸੀਂ ਬਾਰ-ਬਾਰ ਦਸਣਾ ਚਾਹੁੰਦੇ ਹਾਂ, ਉਹ ਇਹ ਹੈ ਕਿ ਸਰੀਰ ਦੀ ਗਤੀ ਕੁਝ ਵੀ ਨਹੀਂ, ਕੇਵਲ ਮਨ ਹੀ ਗਤੀ ਨੂੰ ਹੁਕਮ ਦਿੰਦਾ ਹੈ, ਮਨ ਹੀ ਗਤੀਸ਼ੀਲ ਹੁੰਦਾ ਹੈ, ਸਰੀਰ ਤਾਂ ਉਸ ਦੇ ਪਿੱਛੇ ਚਲਦਾ ਹੈ, ਉਸ ਦੇ ਅਨੁਸਾਰ ਚਲਦਾ ਹੈ। ਤੁਸੀਂ ਸਰੀਰ ਦੀ ਗਤੀ ਨੂੰ ਜਾਂਚੋ, ਦੇਖੋ ਕਿ ਉਹ ਕਿਵੇਂ ਮਨ ਦੇ ਹੁਕਮ, ਮਨ ਦੀ ਗਤੀ ਅਨੁਸਾਰ ਚਲਦਾ ਹੈ। ਸੋ ਸਰੀਰ ਦੀ ਹਰੇਕ ਵਰਜਿਸ਼ ਪਹਿਲਾਂ ਮਨ ਦੀ ਵਰਜਿਸ਼ ਹੈ, ਭਾਵੇਂ ਉਹ ਸਾਧਾਰਣ ਜੋੜਾਂ ਦੀ ਹੋਵੇ ਭਾਵੇਂ ਉਹ ਯੋਗ ਦੇ ਆਸਨ ਹੋਣ। ਇਥੇ ਅਸੀਂ ਇਕ ਉਦਾਹਰਣ ਦਿੰਦੇ ਹਾਂ, ਜਿਹੜੀ ਤੁਸੀਂ ਆਪਣੇ ਅੰਦਰ ਉਤਾਰ ਸਕਦੇ ਹੋ।

ਅੱਖਾਂ ਬੰਦ ਕਰੋ, ਮੱਥਾ ਨਿਸਲ ਕਰੋ, ਚਿਹਰੇ ਦੇ ਪੱਠੇ ਨਿਸਲ ਕਰੋ, ਮੋਢੇ ਨਿਸਲ ਕਰੋ। ਪੈਰਾਂ ਦੀਆਂ ਉਂਗਲੀਆਂ ਨੂੰ ਹੁਕਮ ਭੇਜੋ ਜਿਥੇ ਗਤੀ ਮਹਿਸੂਸ ਹੁੰਦੀ ਹੈ, ਉਂਗਲੀਆਂ ਉਠਣ ਨੂੰ ਤਿਆਰ ਹਨ ਪਰ ਉਠਦੀਆਂ ਨਹੀਂ। ਜਾਂਚੋ, ਨਿਸਲ ਕਰੋ, ਮੋਢਿਆਂ ਤੋਂ ਲੈ ਕੇ ਪੈਰਾਂ ਦੀਆਂ ਉਂਗਲੀਆਂ ਤਕ ਸਭ ਅੰਗ ਢਿੱਲੇ ਛੱਡ ਦਿਓ।

ਅੱਖਾਂ ਬੰਦ ਕਰੋ, ਬਾਹਾਂ ਨੂੰ ਹੁਕਮ ਭੇਜੋ ਕਿ ਉਹ ਗਤੀਸ਼ੀਲ ਹੋਣ, ਮਹਿਸੂਸ ਕਰੋ ਕਿ ਹੁਕਮ ਹੇਠਾਂ ਜਾ ਰਿਹਾ ਹੈ, ਮਹਿਸੂਸ ਕਰੋ ਕਿ ਕਿਵੇਂ ਮੋਢਿਆਂ ਤੋਂ ਲੈ ਕੇ ਪੈਰਾਂ ਦੀਆਂ ਉਂਗਲੀਆਂ ਤਕ ਖਿੱਚ ਪੈ ਰਹੀ ਹੈ। ਹੱਥ ਨੂੰ ਹੌਲੀ ਹੌਲੀ ਚੁੱਕੋ, ਜਿਹੜਾ ਹੱਥ ਤੁਹਾਡੀ ਲੱਤ ਤੇ ਪਿਆ ਸੀ ਉਸ ਨੂੰ ਚੁਕੋ ਤਾਂ ਜੋ ਤੁਹਾਡੀ ਲੱਤ ਤੋਂ ਭਾਰ ਚੁਕਿਆ ਜਾਵੇ। ਵਾਪਸ ਹੱਥ ਉਥੇ ਰੱਖੋ, ਢਿੱਲਾ ਛੱਡੋ, ਸਰੀਰ ਪੂਰਾ ਢਿੱਲਾ ਛੱਡੋ, ਸਿਰ ਤੋਂ ਲੈ ਕੇ ਪੈਰਾਂ ਦੀਆਂ ਉਂਗਲੀਆਂ ਤਕ ਢਿੱਲਾ ਛੱਡੋ।

ਹੁਣ ਦੇਖੋ ਕਿ ਤੁਹਾਡਾ ਹੁਕਮ ਕਿਵੇਂ ਦਿਮਾਗ ਤੋਂ ਮੋਢਿਆਂ ਤਕ, ਪੈਰਾਂ ਦੀਆਂ ਉਂਗਲੀਆਂ ਤਕ ਆਉਂਦਾ ਹੈ, ਹੱਥ ਨੂੰ ਹੌਲੀ ਹੌਲੀ ਚੁੱਕੋ, ਹੱਥ ਚੁਕੋ, ਹੱਥ ਦੀ ਗਤੀ ਦੇਖੋ, ਹੌਲੀ ਹੌਲੀ ਹੱਥ ਸਿੱਧਾ ਰੱਖੋ, ਸਿੱਧਾ ਹੁੰਦੇ ਦੇਖੋ, ਹੱਥ ਦੇ ਹਰੇਕ ਟਿਸ਼ੂ ਨੂੰ ਮਹਿਸੂਸ ਕਰੋ, ਮਹਿਸੂਸ ਕਰੋ ਕਿ ਹੱਥ ਦਾ ਹਰੇਕ ਟਿਸ਼ੂ ਨਿਸਲ ਹੋ ਰਿਹਾ ਹੈ, ਢਿੱਲਾ ਪੈ ਰਿਹਾ ਹੈ, ਹੱਥ ਹੇਠਾਂ ਜਾ ਰਿਹਾ ਹੈ, ਫੇਰ ਪਿਛੇ, ਸਾਰੇ ਪੱਠਿਆਂ ਨੂੰ ਢਿੱਲੇ ਛੱਡੋ, ਅੱਖਾਂ ਖੋਲ੍ਹੋ।

ਤੁਸੀਂ ਦੇਖੋਗੇ ਕਿ ਅਸੀਂ ਇਕ ਵੀ ਜੋੜਾਂ ਦੀ ਵਰਜਿਸ਼ ਨਹੀਂ ਕੀਤੀ ਪਰ ਤੁਸੀਂ ਸਮਝੋ ਕਿ ਦੇਖਣ ਨਾਲ, ਜਾਂਚਣ ਨਾਲ ਕੀ ਸਿਖਿਆ ਜਾ ਸਕਦਾ ਹੈ। ਜੇ ਤੁਸੀਂ ਪੂਰੀ ਗਤੀ ਜਾਂਚੀ ਹੁੰਦੀ ਫੇਰ ਕੀ ਹੁੰਦਾ, ਤੁਸੀਂ ਕੀ ਮਹਿਸੂਸ ਕਰਦੇ? ਕਈ ਅਧਿਆਪਕ ਜਿਹੜੇ ਜੋੜਾਂ ਦੀ ਵਰਜਿਸ਼ ਕਰਾਉਂਦੇ ਹਨ, ਗ੍ਰੰਥੀਆਂ (glands) ਨੂੰ ਉਨ੍ਹਾਂ ਨੇ ਪੂਰੀ ਤਰ੍ਹਾਂ ਨਹੀਂ ਸਿਖਿਆ ਹੁੰਦਾ, ਯੋਗਤਾ ਪ੍ਰਾਪਤ ਨਹੀਂ ਕੀਤੀ ਹੁੰਦੀ। ਮੈਂ ਹਰੇਕ ਗਤੀ ਦੇਖਦਾ ਹਾਂ, ਹਰੇਕ ਗਤੀ ਦਾ ਇਕ ਇਕ ਕਸ਼ਟ ਦੇਖਦਾ ਹਾਂ, ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਦੀ ਗਤੀ ਦੇਖਦਾ ਹਾਂ ਕਿ ਮੇਰੀ ਉਂਗਲੀ ਨੂੰ ਕੀ ਹੋ ਰਿਹਾ ਹੈ, ਮੇਰੇ ਪੱਠਿਆਂ ਨੂੰ ਕੀ ਹੋ ਰਿਹਾ ਹੈ, ਹੱਥਾਂ ਨੂੰ ਕੀ ਹੋ ਰਿਹਾ ਹੈ, ਹੱਥ ਕਿਵੇਂ ਸਿੱਧੇ ਹੋ ਰਹੇ ਹਨ, ਕੂਹਣੀ ਕਿਵੇਂ ਸਿੱਧੀ ਹੋ ਰਹੀ ਹੈ, ਮੈਂ ਹਰੇਕ ਪੱਠੇ ਵਿਚ ਕੀ ਮਹਿਸੂਸ ਕਰਦਾ ਹਾਂ, ਹਰੇਕ ਛੋਟੇ ਤੋਂ ਛੋਟੇ ਹਿੱਸੇ ਵਿਚ ਕੀ ਹੋ ਰਿਹਾ ਹੈ। ਇਸ ਤਰ੍ਹਾਂ ਕਰਨ ਨਾਲ



Sri Satguru Jagjit Singh Ji eLibrary NamdhariElibrary@gmail.com

ਮੈਂ ਸਰੀਰਕ ਬਣਤਰ ਵਿਗਿਆਨ ਬਾਰੇ ਸਿਖਦਾ ਹਾਂ। ਫੇਰ ਜੇ ਕਿਤੇ ਮੇਰੇ ਸਿਰ ਦਰਦ ਹੋ ਜਾਵੇ, ਮੈਨੂੰ ਇਹ ਪਤਾ ਲਗ ਸਕਦਾ ਹੈ ਕਿ ਮੇਰੇ ਸਰੀਰ ਦਾ ਕਿਹੜਾ ਹਿੱਸਾ ਸਿਰ ਦਰਦ ਨਾਲ ਪੀੜਤ ਹੈ, ਮੈਨੂੰ ਕੀ ਹੋ ਰਿਹਾ ਹੈ।

ਜਦੋਂ ਤੁਸੀਂ ਹੱਠ ਯੋਗ ਦਾ ਅਭਿਆਸ ਕਰ ਰਹੇ ਹੁੰਦੇ ਹੋ, ਉਸ ਨੂੰ ਵਿਚਾਰ ਪ੍ਰਕ੍ਰਿਆ ਦੇ ਤਰੀਕੇ ਨਾਲ ਕਰਿਆ ਕਰੋ। ਇਸ ਤਰ੍ਹਾਂ ਕਰਨ ਨਾਲ ਸਰੀਰ ਤੁਹਾਡੇ ਹੁਕਮ ਤੇ ਵਧੇਰੇ ਸੌਖੀ ਤਰ੍ਹਾਂ ਚਲੇਗਾ। ਜਦੋਂ ਵੀ ਤੁਸੀਂ ਹੱਠ ਯੋਗ ਦਾ ਅਭਿਆਸ ਕਰ ਰਹੇ ਹੋ, ਭਾਵੇਂ ਤੁਸੀਂ ਅਧਿਆਪਕ ਹੋ, ਭਾਵੇਂ ਤੁਸੀਂ ਸਾਧਕ ਹੋ, ਸਭ ਤੋਂ ਪਹਿਲਾਂ ਇਹ ਸਮਝੋ ਕਿ ਇਹ ਇਕ ਮਾਨਸਿਕ ਵਿਚਾਰ ਪ੍ਰਕ੍ਰਿਆ ਹੈ।

ਅੱਖਾਂ ਬੰਦ ਕਰੋ, ਸਿੱਧੇ ਬੈਠੋ, ਆਪਣੇ ਆਪ ਨੂੰ ਅੱਗੇ ਝੁਕੇ ਮਹਿਸੂਸ ਕਰੋ ਪਰ ਆਪਣੀ ਰੀੜ੍ਹ ਦੀ ਹੱਡੀ ਨੂੰ ਨਾ ਮੋੜੋ, ਇਹ ਸੋਚੋ ਕਿ ਹੇਠੋਂ ਲੱਕ ਤੋਂ ਤੁਸੀਂ ਮੁੜ ਰਹੇ ਹੋ, ਅੱਗੇ ਤਕ ਆ ਗਏ ਹੋ।

ਹੌਲੀ ਹੌਲੀ ਹੇਠਾਂ ਜਾਓ, ਕੇਵਲ ਮਨ ਵਿਚ ਆਪਣੇ ਆਪ ਨੂੰ ਅੱਗੇ ਮੁੜਿਆ ਦੇਖੋ, ਆਪਣੇ ਪਿਛੋਂ ਮਹਿਸੂਸ ਕਰੋ ਤੇ ਇਹ ਮਹਿਸੂਸ ਕਰੋ ਕਿ ਤੁਸੀਂ ਆਪਣੇ ਗੋਡਿਆਂ ਨੂੰ ਆਪਣੀ ਠੋਡੀ ਨਾਲ ਨੱਕ ਨਾਲ ਸਪਰਸ਼ ਕਰ ਰਹੇ ਹੋ।

ਇਸੇ ਤਰ੍ਹਾਂ ਰਹੋ, ਕੁਝ ਸੁਆਸ ਇਸ ਤਰ੍ਹਾਂ ਬੈਠੇ ਹੀ ਲਵੋ, ਫੇਰ ਹੌਲੀ ਹੌਲੀ ਬੈਠੋ, ਹੌਲੀ ਹੌਲੀ ਸਿੱਧੇ ਹੋਵੋ, ਸੁਆਸ ਅੰਦਰ ਲਵੋ ਜਦੋਂ ਤਕ ਤੁਹਾਡੀ ਰੀੜ੍ਹ ਦੀ ਹੱਡੀ ਸਿੱਧੀ ਨਾ ਹੋ ਜਾਵੇ।

ਫੇਰ ਸੁਆਸ ਬਾਹਰ ਕੱਢੋ, ਹੌਲੀ ਹੌਲੀ ਮਨ ਵਿਚ ਅੱਗੇ ਝੁਕੋ ਤੇ ਬਹੁਤ ਆਹਿਸਤਾ ਨੱਕ ਨੂੰ ਲੱਤ ਦੀ ਪਿੰਜਨੀ ਨਾਲ ਛੂਹੋ, ਉਸ ਦਾ ਸਪਰਸ਼ ਕਰੋ। ਨਰੀਖਣ ਕਰੋ, ਕੀ ਹੋ ਰਿਹਾ ਹੈ, ਤੁਹਾਡੇ ਪੇਟ ਵਿਚ ਕੀ ਹੋ ਰਿਹਾ ਹੈ, ਰੀੜ੍ਹ ਦੀ ਹੱਡੀ ਵਿਚ ਕੀ ਹੋ ਰਿਹਾ ਹੈ, ਜਦੋਂ ਤੁਸੀਂ ਇਸ ਤਰ੍ਹਾਂ ਬੈਠੇ ਹੋ ਤਾਂ ਕੀ ਹੋ ਰਿਹਾ ਹੈ।

ਮਾਨਸਿਕ ਤੌਰ ਤੇ ਆਪਣੇ ਹੱਥ ਪਿੱਠ ਪਿਛੇ ਲੈ ਕੇ ਜਾਓ ਤੇ ਆਪਣੇ ਆਪ ਨੂੰ ਦੇਖੋ ਕਿ ਹਰੇਕ ਪੱਠੇ ਵਿਚ ਕੀ ਹੋ ਰਿਹਾ ਹੈ।

ਉਠੋ, ਹੌਲੀ ਹੌਲੀ ਸੁਆਸ ਅੰਦਰ ਲਓ। ਜਿਵੇਂ ਹੀ ਤੁਸੀਂ ਉਠ ਰਹੇ ਹੋ, ਮਹਿਸੂਸ ਕਰੋ ਤੁਹਾਡੇ ਪੱਟਾਂ ਵਿਚ ਕੀ ਹੋ ਰਿਹਾ ਹੈ, ਤੁਹਾਡੇ ਪੇਟ ਦੇ ਪੱਠਿਆਂ ਵਿਚ ਕੀ ਹੋ ਰਿਹਾ ਹੈ। ਤੁਹਾਡੀਆਂ ਵੱਖੀਆਂ ਵਿਚ ਕੀ ਹੋ ਰਿਹਾ ਹੈ, ਤੁਹਾਡੇ ਫੇਫੜਿਆਂ ਵਿਚ ਕੀ ਹੋ ਰਿਹਾ ਹੈ ਤੇ ਤੁਹਾਡੇ ਸੁਆਸ ਕਿਵੇਂ ਚਲ ਰਹੇ ਹਨ।

ਮੋਢਿਆਂ ਨੂੰ ਢਿੱਲੇ ਛੱਡੋ, ਬਾਹਾਂ ਨੂੰ ਢਿਲਿਆਂ ਛੱਡੋ, ਆਪਣੇ ਮੋਢੇ ਵਿਚ ਕੋਈ ਖਿੱਚ ਲਿਆਂਦੇ ਬਿਨਾਂ ਮਾਨਸਿਕ ਤੌਰ ਤੇ ਆਪਣੀ ਸੱਜੀ ਬਾਂਹ ਨੂੰ ਚੁੱਕੋ ਤਾਂ ਜੋ ਉਹ ਤੁਹਾਡੇ ਸਿਰ ਦੇ ਪਿਛਲੇ ਪਾਸੇ, ਗਰਦਨ ਦੇ ਪਿਛਲੇ ਪਾਸੇ ਨੂੰ ਛੂਹ ਸਕੇ।

ਹੌਲੀ ਹੌਲੀ ਆਪਣੀ ਬਾਂਹ ਪਸਾਰੋ, ਅੱਗੇ ਲੈ ਆਓ ਤੇ ਆਪਣੇ ਆਪ ਨੂੰ ਇਸ ਤਰ੍ਹਾਂ ਕਰਦੇ ਦੇਖੋ। ਅੱਖਾਂ ਖੋਲ੍ਹੋ। ਇਨ੍ਹਾਂ ਸਾਰੀਆਂ ਵਰਜਿਸ਼ਾਂ ਦੀ ਗਤੀ ਨਾਲ ਜੋ ਮਾਨਸਿਕ ਗਤੀ ਹੁੰਦੀ ਹੈ, ਉਹ ਹੀ ਸਰੀਰ ਦੀ ਗਤੀ ਨੂੰ ਸ਼ੁਰੂ ਕਰਦੀ ਹੈ। ਵਿਚਾਰ ਤੋਂ ਹੀ ਗਤੀ ਸ਼ੁਰੂ ਹੁੰਦੀ ਹੈ, ਇਸ ਤੋਂ ਹੀ ਸਰੀਰ ਵਿਚ ਵਿਚਾਰ ਸ਼ੁਰੂ ਹੁੰਦਾ ਹੈ, ਇਸ ਤੋਂ ਪਹਿਲਾਂ ਤਾਂ ਮੋਢਿਆਂ ਦੀ ਹਰਕਤ ਵੀ ਨਹੀਂ ਹੁੰਦੀ। ਜਦੋਂ ਮਨ ਤੋਂ ਹੁਕਮ ਜਾਂਦਾ ਹੈ ਕਿ ਬਾਂਹ ਹਿੱਲੇ, ਇਸ ਹੁਕਮ ਤੋਂ ਬਾਅਦ ਬਾਂਹ ਦਾ ਕਿਹੜਾ ਟਿਸ਼ੂ ਸਭ ਤੋਂ ਪਹਿਲਾਂ ਹਿਲਦਾ ਹੈ। ਪੱਠੇ ਨੂੰ ਨਾ ਹਿਲਾਓ, ਮਨ ਦੀ ਗਤੀ ਨੂੰ ਦੇਖੋ, ਸਮਝੋ, ਤੁਸੀਂ ਆਪਣੇ ਮਨ ਵਿਚ ਇਸ ਨੂੰ ਹਿਲਾਓ। ਤੁਸੀਂ ਹਰ ਵਕਤ ਇਹ ਕਰਦੇ ਹੋ ਪਰ ਤੁਹਾਨੂੰ ਪਤਾ ਨਹੀਂ ਕਿ ਤੁਸੀਂ ਇਹ ਕਰ ਰਹੇ ਹੋ, ਇਹ ਸਭ ਕੁਝ ਐਨੀ ਛੇਤੀਂ ਹੋ ਜਾਂਦਾ ਹੈ ਕਿ ਤੁਹਾਨੂੰ ਪਤਾ ਹੀ ਨਹੀਂ ਲਗਦਾ ਕਦੋਂ ਹੋ ਗਿਆ।

ਆਪਣੇ ਮੋਢਿਆਂ ਨੂੰ ਢਿੱਲੇ ਛੱਡੋ ਤੇ ਬਾਕੀ ਸਭ ਕੁਝ ਵੀ ਢਿੱਲਾ ਛੱਡੋ, ਮੋਢਿਆਂ ਵਿਚ ਥੋੜ੍ਹੀ ਜਿਹੀ ਵੀ ਖਿੱਚ ਨਾ ਹੋਵੇ, ਦੇਖੋ ਕਿ ਮਨ ਕਿਵੇਂ ਹੁਕਮ ਭੇਜਦਾ ਹੈ, ਬਾਂਹ ਨੂੰ ਕਿਵੇਂ ਹੁਕਮ ਭੇਜ ਰਿਹਾ ਹੈ। ਜਦੋਂ ਵੀ ਤੁਹਾਨੂੰ ਸਰੀਰ ਵਿਚ ਕਿਤੇ ਵੀ ਖਿੱਚ ਮਹਿਸੂਸ ਹੋਵੇ, ਇਕ ਦਮ ਰੋਕ ਦਿਓ, ਦੇਖੋ ਤੁਹਾਡਾ ਹੁਕਮ ਕਿਵੇਂ ਹੇਠਾਂ ਜਾ ਰਿਹਾ ਹੈ। ਹੁਕਮ ਰੋਕ ਲਵੋ, ਉਸ ਤੋਂ ਉਲਟਾ ਹੁਕਮ ਦੇ ਦਿਓ, ਆਪਣਾ ਮੋਢਾ ਤੇ ਗਰਦਨ ਪੂਰੀ ਤਰ੍ਹਾਂ ਢਿੱਲੀ ਰੱਖੋ। ਤੁਹਾਡਾ ਮਨ ਹੁਕਮ ਭੇਜਦਾ ਹੈ। ਤੁਸੀਂ ਦੇਖੋ ਜਦੋਂ ਹੁਕਮ ਜਾਂਦਾ ਹੈ, ਜਾਂਚੋ ਪਰ ਹਿੱਲੋ ਨਾ। ਤੁਸੀਂ ਦੇਖੋ ਕਿ ਜ਼ਰਾ ਜਿੰਨੀ ਵੀ ਗਤੀ ਨਹੀਂ ਹੋਣੀ ਚਾਹੀਦੀ। ਜੇ ਤੁਸੀਂ ਧਿਆਨ ਲਗਾਉਣ ਵਿਚ ਪਰਪੱਕ ਨਹੀਂ, ਤੁਸੀਂ ਇਹ ਨਹੀਂ ਕਰ ਸਕਦੇ।

ਤੁਸੀਂ ਉਦੋਂ ਤਕ ਹੁਕਮ ਮੰਨੋ, ਹਰਕਤ ਕਰੋ ਜਦੋਂ ਤਕ ਖਿੱਚ ਮਹਿਸੂਸ ਨਹੀਂ ਹੁੰਦੀ। ਜਦੋਂ ਤੁਸੀਂ ਸਰੀਰਕ ਤੌਰ ਤੇ ਇਸ ਤਰ੍ਹਾਂ ਕਰੋਗੇ ਤੁਹਾਨੂੰ ਪੂਰਨ ਗਿਆਨ ਪ੍ਰਾਪਤ ਹੋ ਜਾਵੇਗਾ।

ਫੇਰ ਅੱਖਾਂ ਬੰਦ ਕਰੋ, ਚਿਹਰੇ ਨੂੰ ਨਿਸਲ ਕਰੋ। ਮੱਥੇ ਨੂੰ ਢਿੱਲਾ ਛੱਡੋ, ਚਿਹਰੇ ਨੂੰ ਨਿਸਲ ਕਰੋ, ਆਪਣੇ ਜਬਾੜ੍ਹੇ ਨੂੰ ਢਿੱਲਾ ਛੱਡੋ।

ਆਪਣੇ ਮੋਢੇ ਢਿੱਲੇ ਛੱਡੋ, ਆਪਣੇ ਹਿਰਦੇ ਦੇ ਹਿੱਸੇ ਨੂੰ ਢਿੱਲਾ ਛੱਡੋ। ਹੌਲੀ ਹੌਲੀ ਸੁਆਸ ਲਵੋ, ਸੌਖੇ ਹੋ ਕੇ ਸੁਆਸ ਲਵੋ ਤੇ ਕਲਪਨਾ ਕਰੋ ਕਿ ਤੁਸੀਂ ਪੈਰ ਨਖੇੜ ਕੇ ਖੜ੍ਹੇ ਹੋ, ਸੋਚੋ ਕਿ ਤੁਸੀਂ ਹੱਥ ਜੋੜੇ ਹਨ, ਆਪਣੇ ਹਿਰਦੇ ਦੇ ਸਾਮ੍ਹਣੇ ਹੱਥ ਜੋੜੋ ਤੇ ਆਪਣੇ ਹਿਰਦੇ ਨੂੰ ਦੱਬੋ, ਆਪਣੇ ਹੱਥ ਦੇ ਅਗੂੰਠੇ ਦੀ ਹੱਡੀ ਨਾਲ ਦੱਬੋ।

ਆਪਣੇ ਸੁਆਸ ਜਾਂਚੋ, ਜਦੋਂ ਖੜ੍ਹੇ ਹੁੰਦੇ ਹੋ ਆਪਣੀ ਰੀੜ੍ਹ ਦੀ ਹੱਡੀ ਲਈ ਸਤਰਕ ਰਹੋ, ਆਪਣੀਆਂ ਬਾਹਾਂ ਉਚੀਆਂ ਕਰੋ ਤਾਂ ਜੋ ਤੁਹਾਡੇ ਕੰਨ ਤੁਹਾਡੀਆਂ ਬਾਹਾਂ ਦੇ ਵਿਚਕਾਰ ਆ ਜਾਣ।

ਖੜ੍ਹੇ ਹੋ ਜਾਓ, ਸੂਰਜ ਵਲ ਦੇਖੋ, ਮਹਿਸੂਸ ਕਰੋ ਕਿ

(ਬਾਕੀ ਪੰਨਾ 20 ਤੇ)



Sri Satguru Jagjit Singh Ji eLibrary NamdhariElibrary@gmail.com

ਸੰਪੂਰਨ ਮਨੁੱਖ

ਪ੍ਰਕ੍ਰਿਤੀ ਦੀਆਂ ਤਾਕਤਾਂ

ਬਾਹਰੀ ਜੀਵਨ

# Book of Wisdom
# ਵਿਵੇਕ ਬੋਧ

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

## ਜੀਵਨ : ਇਕ ਤਿਕੋਨ

ਸਾਧਨਾ ਦੇ ਪੱਖੋਂ ਜੀਵਨ ਇਕ ਤਿਕੋਨੀ ਆਕਾਰ ਦੀ ਨਿਆਈਂ ਹੈ - A. B. & C. ਇਥੇ A ਤੋਂ ਭਾਵ ਹੈ ਸੰਪੂਰਨ ਮਨੁੱਖ, ਉਸ ਦਾ ਅੰਦਰ ਬਾਹਰ ਸਭ ਕੁਝ। B ਸੰਕੇਤਕ ਹੈ ਉਸ ਜੀਵਨ ਦਾ ਜਿਹੜਾ ਅਸੀਂ ਆਪਣੇ ਪਰਿਵਾਰ, ਗੁਆਂਢ, ਸਮਾਜ ਤੇ ਹੋਰ ਸ੍ਰਿਸ਼ਟੀ ਵਿਚ ਬਿਤਾਉਂਦੇ ਹਾਂ, ਸਾਡਾ ਰੋਜ਼ ਦਾ ਜੀਵਨ ਬਾਹਰੀ ਜੀਵਨ C ਵਾਲਾ ਕੋਨ ਸਾਡਾ ਸਰੀਰ ਅਤੇ ਪ੍ਰਕ੍ਰਿਤੀ ਦੀਆਂ ਤਾਕਤਾਂ ਹਨ। ਮਨੁੱਖ ਕਦੇ ਵੀ ਬਾਹਰੀ ਜੀਵਨ ਦੀ ਤਾਕਤ ਤੇ ਸੰਪੂਰਨ ਨਹੀਂ ਹੋ ਸਕਦਾ, ਨਾ ਹੀ ਉਹ ਰੋਜ਼ ਦੇ ਜੀਵਨ ਤੇ ਅਤੇ ਨਾ ਹੀ ਉਹ ਬਾਹਰ ਦੇ ਸਰੀਰ ਤੇ ਪੂਰੀ ਤਰ੍ਹਾਂ ਜੀਅ ਸਕਦਾ ਹੈ, ਨਾ ਹੀ ਕੇਵਲ ਅੰਦਰ ਦੇ ਸਹਾਰੇ ਉਸ ਦੀ ਪੂਰੀ ਹੋਂਦ ਹੈ। ਜੀਵਨ ਇਨ੍ਹਾਂ ਸਾਰਿਆਂ ਦੇ ਪੂਰਨ ਤਾਲਮੇਲ ਤੋਂ ਬਿਨਾਂ ਸੰਭਵ ਹੀ ਨਹੀਂ। ਜੇ ਪ੍ਰਕ੍ਰਿਤੀ ਦੇ ਗੁਣ ਮੁੱਕ ਜਾਣ, ਕੋਈ ਵੀ ਜੀਵ ਜੰਤੂ ਆਪਣੇ ਸਰੀਰ ਨੂੰ ਨਹੀਂ ਰੱਖ ਸਕੇਗਾ। ਜੇ ਸੂਰਜ ਚਾਨਣ ਅਤੇ ਗਰਮੀ ਦੇਣ ਤੋਂ ਹਟ ਜਾਵੇ, ਪਾਣੀ ਪਿਆਸ ਬੁਝਾਉਣ ਤੋਂ ਹਟ ਜਾਵੇ, ਹਵਾ ਆਪਣੀ ਗਤੀ ਬੰਦ ਕਰ ਦੇਵੇ, ਮਨੁੱਖ ਦਾ ਜੀਵਨ ਰਹਿ ਹੀ ਨਹੀਂ ਸਕਦਾ। ਇਨ੍ਹਾਂ ਨਿਯਮਾਂ ਕਾਰਨ ਮਨੁੱਖ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਜੀਵਨ ਦੀ ਅੰਦਰ ਦੀ ਹੋਂਦ, ਸੰਸਾਰਕ ਜੀਵਨ ਦੇ ਕੰਮ ਕਾਜ, ਪ੍ਰਾਕ੍ਰਿਤੀ ਦੇ ਤੱਤ ਜੋ ਜੀਵਨ ਨੂੰ ਸਥਿਰ ਕਰਦੇ ਹਨ ਇਨ੍ਹਾਂ ਸਭ ਦਾ ਸੰਤੁਲਨ ਰੱਖੇ ਤਾਂ ਜੋ ਸਰੀਰ ਦੀ ਹੋਂਦ ਕਾਇਮ ਰਹਿ ਸਕੇ।

ਬਹੁਤ ਵਾਰੀ ਅਸੀਂ ਸਾਰੀ ਸ਼ਕਤੀ ਜੀਵਨ ਦਾ ਇਕ ਪਾਸਾ ਵਿਸਤ੍ਰਿਤ ਕਰਨ ਲਈ ਹੀ ਲਾ ਦਿੰਦੇ ਹਾਂ। ਤੁਸੀਂ ਕਿਸੇ ਵੀ ਮਨੁੱਖ ਦਾ ਜੀਵਨ ਕਿਸੇ ਵੀ ਸਮਾਜ ਵਿਚ ਮਿਸਾਲ ਵਜੋਂ ਲੈ ਲਓ, ਤੁਸੀਂ ਦੇਖੋਗੇ ਕਿ ਸਮਾਚਿਤਤਾ ਕਿਤੇ ਹੈ ਹੀ ਨਹੀਂ, ਕਿਸੇ ਦੇ ਜੀਵਨ ਵਿਚ ਹੀ ਨਹੀਂ ਹੈ। ਜਿਹੜੇ ਪ੍ਰਤਿਭਾਸ਼ਾਲੀ, ਗੁਣਵਾਨ ਹਨ ਉਹ ਸਰੀਰ ਪੱਖੋਂ ਬਿਮਾਰ ਹਨ, ਪੀੜਤ ਹਨ ਉਹ ਅੰਤਰ ਦੇ ਜੀਵਨ ਨੂੰ ਵਿਸਤ੍ਰਿਤ ਕਰਨਾ ਹੀ ਆਪਣੇ ਜੀਵਨ ਦਾ ਉਦੇਸ਼ ਸਮਝਦੇ ਹਨ, ਦੂਸਰੇ ਜਿਨ੍ਹਾਂ ਦਾ ਸਰੀਰ ਰਿਸ਼ਟ ਪੁਸ਼ਟ ਹੈ ਉਨ੍ਹਾਂ ਦਾ ਰੂਹਾਨੀ ਜੀਵਨ ਕੋਈ ਹੈ ਹੀ ਨਹੀਂ। ਜੇ ਕੋਈ ਵਿਰਲੇ ਦੋਨੋਂ ਪੱਖੋਂ ਠੀਕ ਹਨ ਵੀ, ਸਰੀਰਕ ਪੱਖੋਂ ਤੇ ਰੂਹਾਨੀ ਪੱਖੋਂ ਅਸੀਂ ਦੇਖਦੇ ਹਾਂ, ਉਹ ਲੋਭੀ ਹਨ ਜਾਂ ਜੀਵਨ ਵਿਚ ਕੋਈ ਹੋਰ ਊਣਤਾਈ ਹੈ। ਸੋ ਇਹ ਬਹੁਤ ਘੱਟ ਹੀ ਦੇਖਣ ਵਿਚ ਆਉਂਦਾ ਹੈ ਕਿ ਕੋਈ ਪੂਰੀ ਤਰ੍ਹਾਂ ਜੀਵਨ ਵਿਚ ਵਿਸਤ੍ਰਿਤ ਹੋਵੇ, ਸੰਪੂਰਨ ਹੋਵੇ, ਹਰ ਪੱਖੋਂ ਪੂਰਨਤਾ ਰਖਦਾ ਹੋਵੇ। ਜੀਵਨ ਦਾ ਇਕ ਪਾਸਾ ਪੂਰਨ ਕਰ ਲੈਣਾ, ਵਿਸਤ੍ਰਿਤ ਕਰ ਲੈਣਾ ਕਾਫੀ ਨਹੀਂ। ਅੱਜ ਦੇ ਸਮੇਂ ਵਿਚ ਜਿਸ ਵਿਚ ਅਸੀਂ ਰਹਿ ਰਹੇ ਹਾਂ, ਰੌਲਾ ਰੱਪਾ, ਮਾਰ ਕੁਟਾਈ, ਜਿਥੇ ਜੀਵ ਪੂਰੀ ਤਰ੍ਹਾਂ ਕਲਜੁਗ ਦੇ ਪ੍ਰਭਾਵ ਵਿਚ ਗ੍ਰਸਿਆ ਪਿਆ ਹੈ, ਅਸ਼ਾਂਤ ਹੈ, ਹਰ ਪਾਸੇ ਹਨ੍ਹੇਰਾ ਹੈ। ਸਾਡੀ ਭਾਲ, ਸਾਡੀ ਢੂੰਡ ਇਕ ਓਹੋ ਜਿਹੀ ਪ੍ਰਤਿਮਾ ਲਈ ਬੇਅਰਥ ਜਾਪਦੀ ਹੈ ਜਿਹੜੀ ਸੰਪੂਰਨ ਹੋਵੇ, ਪ੍ਰਕਾਸ਼ਮਈ ਹੋਵੇ, ਨੂਰਾਨੀ ਹੋਵੇ, ਮਨੁੱਖ ਦੀ ਚੇਤਨਤਾ ਦਾ ਵਿਕਾਸ ਕਰਨ ਵਾਲੀ ਹੋਵੇ, ਸਮਾਜ ਦੀ ਚੇਤਨਤਾ ਜਗਾਉਣ ਵਾਲੀ ਹੋਵੇ ਤੇ ਸਮੁੱਚੀ ਮਨੁੱਖਤਾ ਦਾ ਮਾਰਗ ਦਰਸ਼ਨ ਕਰਨ ਵਾਲੀ ਹੋਵੇ।

ਜੀਵਨ ਵਿਚ ਸਥਿਰਤਾ ਤਾਂ ਹੀ ਹੋ ਸਕਦੀ ਹੈ ਜੇ ਜੀਵਨ ਦੀ ਨੀਂਹ ਚੰਗੇ ਸੁਥਰੇ ਨਿਯਮਾਂ ਤੇ ਰੱਖੀ ਹੋਵੇ। ਚੰਗੇ ਸਮਾਜ ਦਾ ਨਿਰਮਾਣ ਚੰਗੇ ਮਨੁੱਖਾਂ ਦੇ ਨਿਰਮਾਣ ਤੋਂ ਹੀ ਹੋ ਸਕਦਾ ਹੈ ਅਤੇ ਨਿਜੀ ਜੀਵਨ ਦੇ ਅਸੂਲ ਨਿਯਮ ਸਮਾਜ ਨੂੰ ਵਿਸਤ੍ਰਿਤ ਕਰਨ ਵਿਚ, ਸਮਾਜ ਦੇ ਉਥਾਨ ਲਈ ਤੇ ਸਮਾਜ ਦੀ ਭਲਾਈ ਲਈ ਤਾਂ ਹੀ ਕ੍ਰਿਆਸ਼ੀਲ ਹੋ ਸਕਦੇ ਹਨ ਜੇ ਵਿਅਕਤੀਗਤ ਜੀਵਨ ਇਨ੍ਹਾਂ ਲੀਹਾਂ ਤੇ ਚਲਾਏ ਗਏ ਹੋਣ। ਮੁੱਢ ਤੋਂ ਹੀ ਮਨੁੱਖ ਨੇ ਹਰ ਤਰ੍ਹਾਂ ਦੇ ਅਨੁਭਵ ਕੀਤੇ ਹਨ, ਹਰ ਤਰ੍ਹਾਂ ਦੇ ਤਜਰਬੇ ਕੀਤੇ ਹਨ ਤਾਂ ਜੋ ਉਹ ਦੂਸਰਿਆਂ ਨਾਲ ਪਰਸਪਰ ਰਿਸ਼ਤੇ, ਆਪਣੇ ਆਪ ਨਾਲ ਸਮਤਾ ਤੇ ਸਥਿਰਤਾ, ਆਪਣੇ ਅੰਤਰ ਦੇ ਜੀਵਨ ਦੀ ਸੰਤੁਲਨਤਾ ਤੇ ਬਾਹਰ ਦਾ ਜੀਵਨ, ਇਸ ਸਭ ਕੁਝ ਨੂੰ ਇਕ ਸੁਰ ਤੇ ਇਕਸਾਰ ਕਰ ਸਕੇ। ਜੇ ਅਸੀਂ ਮਨੁੱਖ ਦੇ ਪਛੋਕੜ ਦੇ ਇਤਿਹਾਸ ਨੂੰ ਦੇਖੀਏ, ਸਭਿਅਤਾ ਨੂੰ ਦੇਖੀਏ ਤੇ ਉਸ ਨੂੰ ਨਿਯਮਬੱਧ ਕਰਕੇ ਪੜ੍ਹੀਏ ਕਿ ਮਨੁੱਖ ਨੇ ਕਿਵੇਂ ਤਰੱਕੀ ਕੀਤੀ, ਅਸੀਂ ਦੇਖਦੇ ਹਾਂ ਕਿ ਮਨੁੱਖ ਨੇ ਬੜੀਆਂ ਘਾਲਣਾ ਘਾਲੀਆਂ, ਅਣਥੱਕ ਮਿਹਨਤ ਕੀਤੀ ਤਾਂ ਜੋ ਉਹ ਪੂਰਨਤਾ ਪ੍ਰਾਪਤ ਕਰ ਸਕੇ। ਇਹ ਹੀ ਸਾਡੇ ਸਮੇਂ ਦੀ ਪੁਕਾਰ ਹੈ। ਧਿਆਨ ਨਾਲ ਖੋਜਿਆਂ, ਦੇਖਿਆਂ ਪਤਾ ਲਗਦਾ ਹੈ ਕਿ ਜਦੋਂ ਤਕ ਇਕਸਾਰਤਾ ਨਹੀਂ ਪੈਦਾ ਕਰਦੇ, ਆਪਣੇ ਅੰਤਰੀ ਤੇ ਬਾਹਰੀ ਜੀਵਨ ਵਿਚ ਸੰਤੁਲਨਤਾ ਨਹੀਂ ਲਿਆਉਂਦੇ, ਪੂਰਨਤਾ ਤੇ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ।

ਜੀਵਨ ਦੇ ਤਿੰਨਾਂ ਕੋਨਿਆਂ ਵਿਚ ਸੰਤੁਲਤਾ ਲਿਆਉਣੀ, ਸਮਤਾ ਲਿਆਉਣੀ, ਇਹ ਹੀ ਜੀਵਨ ਦਾ ਉਦੇਸ਼ ਹੋਣਾ ਚਾਹੀਦਾ ਹੈ। ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਅਵਸ਼ਕ ਹੈ। ਕੀ ਕੋਈ ਇਹੋ ਜਿਹਾ ਹੈ ਜਿਹੜਾ ਜੀਵਨ ਵਿਚ ਇਕਸੁਰਤਾ, ਇਕਸਾਰਤਾ ਨਹੀਂ ਚਾਹੁੰਦਾ? ਭਾਰਤੀ ਫਿਲੌਸਫੀ, ਮਜ਼ਹਬ, ਅਧਿਆਤਮਕ ਅਭਿਆਸ ਇਹ ਸਾਰੇ ਤੇ ਹੋਰ ਵੀ ਅਨੇਕਾਂ ਸਾਨੂੰ ਜੀਵਨ ਦਾ ਮਾਰਗ ਦਰਸ਼ਨ ਕਰਾਉਂਦੇ ਹਨ,



Sri Satguru Jagjit Singh Ji eLibrary NamdhariElibrary@gmail.com

ਜੀਵਨ ਵਿਚ ਇਕਸੁਰਤਾ ਇਕਸਾਰਤਾ ਲਿਆਉਂਦੇ ਹਨ ਅਤੇ ਦਸਦੇ ਹਨ ਕਿ ਜੀਵਨ ਦੀਆਂ ਵੱਖ-ਵੱਖ ਦਿਸ਼ਾਵਾਂ ਨੂੰ ਕਿਵੇਂ ਇਕਸੁਰ ਕੀਤਾ ਜਾ ਸਕਦਾ ਹੈ। ਗੀਤਾ ਦਾ ਸਭ ਤੋਂ ਉਤਮ ਉਪਦੇਸ਼ ਹੈ 'ਸਾਮਤੱਵਮ ਯੋਗ ਏਕਤੇ' ਭਾਵ ਸਮਚਿਤਤਾ ਹੀ ਯੋਗ ਦਾ ਦੂਸਰਾ ਨਾਮ ਹੈ। ਜਦੋਂ ਯੁੱਧ ਦੇ ਮੈਦਾਨ ਵਿਚ ਡੋਲੇ ਹੋਏ ਅਰਜਨ ਨੂੰ ਕ੍ਰਿਸ਼ਨ ਜੀ ਉਪਦੇਸ਼ ਦਿੰਦੇ ਹਨ ਤੇ ਦਸਦੇ ਹਨ ਕਿ ਠੀਕ ਕੀ ਹੈ ਤੇ ਗਲਤ ਕੀ ਹੈ। ਬੜੀ ਹੀ ਦਿਆਲਤਾ ਵਿਚ ਆ ਕੇ, ਬੜੇ ਹੀ ਕ੍ਰਿਪਾਲੂ ਹੋ ਕੇ ਅਰਜਨ ਦੇ ਸਾਰੇ ਸ਼ੰਕੇ ਨਵਿਰਤ ਕਰਦੇ ਹਨ ਤੇ ਇਹ ਸਿਧਾਂਤ ਦਿੰਦੇ ਹਨ 'ਯੋਗ ਕਰਮਾਸੋ ਕੋਸ਼ਲਮ' ਭਾਵ ਸੁਚੱਜੀ ਤਰ੍ਹਾਂ ਕਰਮ ਕਰਨ ਨੂੰ ਹੀ ਯੋਗ ਕਹਿੰਦੇ ਹਨ। ਕੀ ਅਰਜਨ ਦੇ ਸ਼ੰਕੇ ਤੇ ਕ੍ਰਿਸ਼ਨ ਜੀ ਦੇ ਉਤਰ ਸਾਡੇ ਉਤੇ ਨਹੀਂ ਘਟਦੇ? ਅਰਜਨ ਇਕ ਬਹੁਤ ਹੀ ਦਲੇਰ ਹਿੰਮਤ ਵਾਲਾ ਸਾਧਕ ਸੀ ਜਿਹੜਾ ਸਤਿ ਦੀ ਖੋਜ ਵਿਚ ਪੂਰੀ ਤਰ੍ਹਾਂ ਲੱਗਾ ਹੋਇਆ ਸੀ। ਉਸ ਦੀ ਜਗਿਆਸਾ ਤੇ ਸਾਡੀ ਜਗਿਆਸਾ ਵਿਚ ਕੋਈ ਅੰਤਰ ਨਹੀਂ। ਇਕ ਵਾਰੀ ਨਹੀਂ, ਹਜ਼ਾਰਾਂ ਵਾਰੀ ਅਸੀਂ ਹਾਲਾਤਾਂ ਦੀਆਂ ਘੁੰਮਣ ਘੇਰੀਆਂ ਵਿਚ ਫਸ ਜਾਂਦੇ ਹਾਂ, ਸਾਨੂੰ ਠੀਕ ਦਿਸਣਾ ਬੰਦ ਹੋ ਜਾਂਦਾ ਹੈ, ਸਾਡਾ ਮਾਰਗ ਧੁੰਦਲਾ ਪੈ ਜਾਂਦਾ ਹੈ। ਕਿਸੇ ਨਾ ਕਿਸੇ ਹਾਲਤ ਵਿਚ, ਹਾਲਾਤ ਦੇ ਮੋੜ ਤੇ ਅਸੀਂ ਸਾਰੇ ਹੀ ਅਰਜਨ ਦੀ ਭਾਂਤੀ ਹੁੰਦੇ ਹਾਂ। ਸਾਡੇ ਸ਼ੰਕੇ, ਅਰਜਨ ਵਾਲੇ ਸ਼ੰਕੇ ਹੀ ਹੁੰਦੇ ਹਨ। ਅਸੀਂ ਕਿੱਡੇ ਵਡਭਾਗੇ ਹਾਂ ਕਿ ਸਾਨੂੰ ਅੱਜ ਵੀ ਕ੍ਰਿਸ਼ਨ ਜੀ ਦੇ ਅਮੋਲਕ ਬਚਨ ਗੀਤਾ ਵਿਚ ਉਸੇ ਤਰ੍ਹਾਂ ਉਪਲਬਧ ਹਨ ਜਿਵੇਂ ਉਨ੍ਹਾਂ ਨੇ ਅਰਜਨ ਨੂੰ ਕੀਤੇ। ਉਹ ਸਾਡੇ ਲਈ ਮਾਰਗ ਦਰਸ਼ਕ ਹਨ, ਚਾਨਣ ਮੁਨਾਰਾ ਹਨ; ਸਾਰੀ ਮਨੁੱਖਤਾ ਲਈ ਉਹ ਇਕ ਮਿਸਾਲ ਵਜੋਂ ਸਥਿਰ ਹਨ। ਅੱਜ ਵੀ ਸਾਡੀਆਂ ਓਹੀ ਸਮੱਸਿਆਵਾਂ ਹਨ ਜਿਹੜੀਆਂ ਉਦੋਂ ਸਨ ਅਤੇ ਅੱਜ ਵੀ ਗੀਤਾ ਦਾ ਸਥਾਈ ਗਿਆਨ ਉਸ ਤਰ੍ਹਾਂ ਹੀ ਸਾਡੀ ਤ੍ਰਿਪਤੀ ਕਰਦਾ ਹੈ, ਸਾਡੇ ਸ਼ੰਕੇ ਨਵਿਰਤ ਕਰਦਾ ਹੈ।

ਸਾਨੂੰ ਇਕ ਨਿਰਲਿਪਤ ਕਰਮ ਯੋਗੀ ਦੀ ਤਰ੍ਹਾਂ ਇਸ ਸੰਸਾਰ ਵਿਚ ਵਿਚਰਨਾ ਚਾਹੀਦਾ ਹੈ। ਸਾਨੂੰ ਸ਼ਰਧਾ ਤੇ ਭਰੋਸੇ ਦੀ ਲਾਟ ਸਦਾ ਹੀ ਅੰਦਰ ਜਲਦੀ ਰਖਣੀ ਪਵੇਗੀ, ਉਹ ਅੰਤਰ ਜੋ ਅਸੀਂ ਸਾਫ ਕਰ ਚੁੱਕੇ ਹਾਂ, ਜੋ ਅਸੀਂ ਪਵਿੱਤਰ ਕਰ ਚੁੱਕੇ ਹਾਂ। ਵਿਵੇਕ ਤੋਂ ਬਿਨਾਂ ਜੀਵਨ ਬੇਅਰਥ ਹੈ। ਵਿਵੇਕੀ ਜੀਵਨ ਹੀ ਇਕ ਮਨੋਰਥ ਭਰਪੂਰ ਜੀਵਨ ਹੈ। ਗੀਤਾ ਜੀਵਨ ਦੇ ਤਿੰਨਾਂ ਪਾਸਿਆਂ ਤੇ ਚਾਨਣ ਪਾਉਂਦੀ ਹੈ, ਜੀਵਨ ਦੇ ਤਿਕੋਨ ਤੇ ਸਾਨੂੰ ਸੋਝੀ ਦਿੰਦੀ ਹੈ ਤੇ ਨਾਲ ਹੀ ਇਨ੍ਹਾਂ ਤਿੰਨਾਂ ਨਿਯਮਾਂ ਨੂੰ ਇਕਸੁਰਤਾ ਤੇ ਇਕਸਾਰਤਾ ਵਿਚ ਲਿਆਉਣ ਬਾਰੇ ਗਿਆਨ ਦਿੰਦੀ ਹੈ। ਬਹੁਤ ਵਾਰੀ ਜਦੋਂ ਅਸੀਂ ਗੀਤਾ ਪੜ੍ਹਦੇ ਹਾਂ ਤੇ ਉਪਨਿਸ਼ਦ ਪੜ੍ਹਦੇ ਹਾਂ ਤਾਂ ਸਾਡੀ ਬੁੱਧੀ ਪੱਖਪਾਤੀ ਹੋਣ ਕਰਕੇ ਸਾਨੂੰ ਗਲਤ ਵਿਸ਼ਲੇਸ਼ਨ ਕਰਨ ਲਈ ਮਜ਼ਬੂਰ ਕਰ ਦਿੰਦੀ ਹੈ। ਅਸੀਂ ਜਦੋਂ ਇਸ ਤਰ੍ਹਾਂ ਕਰਦੇ ਹਾਂ, ਅਸੀਂ ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਲੱਭ ਰਹੇ ਹੁੰਦੇ ਹਾਂ, ਉਨ੍ਹਾਂ ਵਿਚਾਰਾਂ ਦੀ ਜਿਹੜੇ ਅਸੀਂ ਬਣਾ ਚੁੱਕੇ ਹਾਂ। ਕ੍ਰਿਸ਼ਨ ਜੀ ਨੇ ਉਪਨਿਸ਼ਦਾਂ ਦਾ ਤੱਤ ਗਿਆਨ, ਗੀਤਾ ਵਿਚ ਦਿਤਾ ਹੋਇਆ ਹੈ। ਜੇ ਅਸੀਂ ਇਕ ਸਿਧਾਂਤ ਨੂੰ ਦੂਸਰੇ ਨਾਲੋਂ ਵਖਰਾ ਕਰਾਂਗੇ, ਸਾਨੂੰ ਤੱਤ ਨਹੀਂ ਲੱਭ ਸਕਦਾ। ਗੀਤਾ ਦਾ ਸਾਰ ਹੈ - ਕਰਮ, ਗਿਆਨ ਤੇ ਸ਼ਰਧਾ। ਇਨ੍ਹਾਂ ਤਿੰਨਾਂ ਦਾ ਮਿਸ਼ਰਨ ਵਿਵੇਕ ਵਿਚ ਹੁੰਦਾ ਹੈ। ਹਰੇਕ ਮਨੁੱਖ ਆਪਣੀ ਝੋਲੀ ਅਨੁਸਾਰ, ਆਪਣੀ ਸਮਝ ਅਨੁਸਾਰ ਬਚਨ ਸੰਭਾਲਦਾ ਹੈ।

ਕਈ ਲੋਕ ਕਰਮ ਯੋਗ ਨੂੰ ਹੀ ਮਹੱਤਵ ਦਿੰਦੇ ਹਨ ਤੇ ਗੀਤਾ ਦਾ ਤੱਤ ਉਸ ਨੂੰ ਹੀ ਲੈਂਦੇ ਹਨ। ਦੂਸਰੇ ਦਸਦੇ ਹਨ ਕਿ ਗੀਤਾ ਦਾ ਤੱਤ ਭਗਤੀ ਯੋਗ ਹੈ, ਸ਼ਰਧਾ ਹੈ ਕੁਝ ਐਸੇ ਵੀ ਹਨ ਜਿਹੜੇ ਗੀਤਾ ਨੂੰ ਗਿਆਨ ਯੋਗ ਦਾ ਹੀ ਤੱਤ ਮੰਨਦੇ ਹਨ ਭਾਵ ਗਿਆਨ ਹੀ ਮੁਕਤੀ ਦਾ ਮਾਰਗ ਹੈ, ਗਿਆਨ ਹੀ ਚੌਰਾਸੀ ਦੇ ਗੇੜ ਤੋਂ ਛੁਟਕਾਰਾ ਕਰਾ ਸਕਦਾ ਹੈ। ਦਰਅਸਲ ਗੀਤਾ ਦੇ ਸਾਰੇ ਤੱਤ ਆਪਸ ਵਿਚ ਜੁੜੇ ਹੋਏ ਹਨ; ਸਭ ਦੀ ਜੜ੍ਹ ਹੈ - ਅਭਿਆਸ ਤੇ ਨਿਰਲੇਪਤਾ, ਨਿਰਲੇਪ ਹੋ ਕੇ ਕਰਮ ਕਰਨੇ। ਭਾਵੇਂ ਤੁਸੀਂ ਸ਼ਰਧਾਲੂ ਹੋਵੋ, ਭਾਵੇਂ ਕਰਮ ਯੋਗੀ ਹੋਵੋ, ਭਾਵੇਂ ਇਕ ਸੰਤ, ਜੇ ਤੁਸੀਂ ਨਿਰਲਿਪਤ ਨਹੀਂ, ਜੇ ਤੁਸੀਂ ਮੋਹ ਤੋਂ ਮੁਕਤ ਨਹੀਂ, ਜੇ ਤੁਸੀਂ ਅਧਿਆਤਮਕ ਅਨੁਭਵ ਦਾ ਮੁੱਲ ਹੀ ਨਹੀਂ ਜਾਣਿਆ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਤੁਸੀਂ ਗੀਤਾ ਦੇ ਡੂੰਘੇ ਤੱਤ ਤੋਂ ਵਾਂਝੇ ਹੋ। ਨਿਰਲੇਪਤਾ ਤੋਂ ਬਿਨਾਂ, ਆਤਮਕ ਅਭਿਆਸ ਤੋਂ ਬਿਨਾਂ ਤੁਸੀਂ ਇਕ ਪਿਆਸੇ ਦੀ ਤਰ੍ਹਾਂ ਹੋ ਜੋ ਪਿਆਸ ਨਾਲ ਵਿਆਕੁਲ ਹੋ ਕੇ ਕਾਈ ਲੱਗਿਆ ਛੱਪੜ ਦਾ ਪਾਣੀ ਆਪਣੀ ਪਿਆਸ ਬੁਝਾਉਣ ਲਈ ਪੀ ਲੈਂਦਾ ਹੈ। ਗੀਤਾ ਦੀ ਫਿਲੌਸਫੀ ਨੂੰ ਸਮਝਣਾ ਤਾਂ ਹੀ ਸੰਭਵ ਹੈ ਜੇ ਤੁਸੀਂ ਉਸ ਤੇ ਖੋਜ ਕਰੋ - ਆਤਮ ਮਾਰਗ ਤੇ ਚੱਲਣ ਦੀ ਖੋਜ, ਫਿਰ ਉਸ ਦਾ ਅਭਿਆਸ ਕਰਕੇ ਅਨੁਭਵ ਕਰੋ। ਇਹ ਗੱਲ ਸਭ ਜਾਣਦੇ ਹਨ ਕਿ ਅਰਜਨ ਮੋਹ ਵਿਚ ਫਸਿਆ ਪਿਆ ਸੀ ਕਿਉਂਕਿ ਅਰਜਨ ਮੋਹ ਮਾਇਆ ਵਿਚ ਪੂਰੀ ਤਰ੍ਹਾਂ ਲਿਪਤ ਸੀ ਤਦ ਹੀ ਉਹ ਕਮਜ਼ੋਰ ਦੁਰਬਲ ਦੀ ਭਾਂਤੀ ਉਤਸ਼ਾਹ ਰਹਿਤ ਹੋ ਗਿਆ ਸੀ। ਕਾਇਰ ਉਹ ਹੈ ਜਿਸ ਦੀਆਂ ਸ਼ਕਤੀਆਂ ਖਤਮ ਹੋ ਜਾਂਦੀਆਂ ਹਨ ਜਾਂ ਉਹ ਆਪਣੀਆਂ ਸ਼ਕਤੀਆਂ ਦਾ ਪੂਰਾ ਪ੍ਰਯੋਗ ਨਹੀਂ ਕਰ ਸਕਦਾ। ਅਸੀਂ ਵੀ ਅਰਜਨ ਦੀ ਭਾਂਤੀ ਆਪਣੀਆਂ ਸ਼ਕਤੀਆਂ ਬਾਰੇ ਅਣਜਾਣ ਹਾਂ। ਅਰਜਨ ਤੋਂ ਭਾਵ ਹੈ ਉਹ ਪ੍ਰਾਣੀ ਜਿਹੜਾ ਕੋਸ਼ਿਸ਼ ਕਰਕੇ ਆਪਣੇ ਮੰਤਵ ਦੀ ਪੂਰਤੀ ਕਰਨਾ ਚਾਹੁੰਦਾ ਹੈ। ਕ੍ਰਿਸ਼ਨ ਜੀ ਨੇ ਕ੍ਰਿਪਾ ਕਰਕੇ ਦਿਆਲਤਾ ਨਾਲ ਉਸ ਦੀ ਅੰਤਰ ਦੀ ਸ਼ਕਤੀ ਨੂੰ ਜਾਗਰਣ ਕੀਤਾ, ਉਹ ਸ਼ਕਤੀ ਜਿਸ ਬਾਰੇ ਅਰਜਨ ਅਣਜਾਣ ਸੀ। ਗੀਤਾ ਦੀ ਫਿਲੌਸਫੀ ਈਸ਼ ਉਪਨਿਸ਼ਦ ਦੇ ਸਿਧਾਂਤ ਦਾ ਸਪਸ਼ਟੀਕਰਨ ਹੈ। ਇਸ ਤਰ੍ਹਾਂ ਦੇ ਸਿਧਾਂਤ 'ਤੇਨਾ ਤਕਤੇਨਾ ਭੁੰਜਿਤਾ ਕੁਰਵਾਨੇਵਾਹਾ ਕਰਮਾਨੀ ਇਸ਼ ਵਾਸਿਆਮ ਇਦਮ ਸਰਵਮ' ਭਾਵ ਸਾਰੀਆਂ ਇਛਾਵਾਂ ਦਾ ਤਿਆਗ ਕਰਕੇ ਆਪਣੀ ਡਿਊਟੀ ਕਰਨੀ, ਆਪਣੇ ਕਰਮ ਕਰਨੇ। ਸਾਰੀ ਰਚਨਾ ਈਸ਼ ਦੀ ਹੈ - ਜੋ ਸਰਵ ਸ਼ਕਤੀਮਾਨ ਹੈ। ਗੀਤਾ ਇਸ ਤਰ੍ਹਾਂ ਹੈ ਜਿਵੇਂ ਈਸ਼ ਉਪਨਿਸ਼ਦ ਦੇ ਅਠਾਰ੍ਹਾਂ ਸ਼ਲੋਕ ਲੈ ਕੇ ਅਠਾਰ੍ਹਾਂ ਅਧਿਆਇ ਹੋਣ।

ਅਸੀਂ ਸਾਰੇ ਅਰਜਨ ਦੀ ਤਰ੍ਹਾਂ ਹਾਂ, ਜੀਵਨ ਨਾਲ ਜੂਝ ਰਹੇ ਹਾਂ। ਇਹ ਜੀਵਨ ਸੰਘਰਸ਼ ਜੀਵਨ ਵਿਚ ਇਕਸੁਰਤਾ ਅਤੇ



Sri Satguru Jagjit Singh Ji eLibrary NamdhariElibrary@gmail.com

ਇਕਸਾਰਤਾ ਲਿਆਉਣ ਲਈ ਹੀ ਕੀਤਾ ਜਾ ਰਿਹਾ ਹੈ, ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਇਕੱਠਾ ਕਰਨ ਲਈ ਕੀਤਾ ਜਾ ਰਿਹਾ ਹੈ। ਸਾਡਾ ਮੰਤਵ ਹੈ ਜੀਵਨ ਦੇ ਅੰਤਹਕਰਨ ਨੂੰ ਵਿਕਸਿਤ ਕਰਨਾ ਭਾਵ ਮਨ, ਬੁੱਧੀ, ਚੇਤਨਤਾ ਤੇ ਖੁਦੀ ਤੇ ਇਸ ਸਾਰੇ ਵਿਚ ਆਪੇ ਨੂੰ ਲੱਭਣਾ ਤੇ ਨਾਲ ਹੀ ਆਪਣੀਆਂ ਡਿਊਟੀਆਂ, ਆਪਣੇ ਕਰਮ ਨਿਰਲਿਪਤ ਹੋ ਕੇ ਕਰਨੇ।

ਜੀਵਨ ਦੇ ਤਿੰਨਾਂ ਕੋਨਿਆਂ ਨੂੰ ਇਕਸਾਰ ਕਰਨਾ ਭਾਵ ਅੰਤਰੀਵ ਜੀਵਨ, ਸ੍ਰਿਸ਼ਟੀ, ਅਤੇ ਬਾਹਰੀ ਜੀਵਨ, ਇਨ੍ਹਾਂ ਸਭ ਨੂੰ ਇਕ ਸਾਰ ਕਰਨ ਲਈ ਨਿਰਲੇਪਤਾ ਦੀ ਹੀ ਲੋੜ ਹੈ। ਮੋਹ ਤੋਂ ਰਹਿਤ ਹੋਣਾ, ਮੁਕਤ ਹੋਣਾ ਹੀ ਜੀਵਨ ਦੀ ਵਿਜੈ ਹੈ। ਈਸ਼ ਉਪਨਿਸ਼ਦ ਨੂੰ ਚੰਗੀ ਤਰ੍ਹਾਂ ਪੜ੍ਹਨ ਨਾਲ, ਸਮਝਣ ਨਾਲ ਸਾਨੂੰ ਪਤਾ ਲਗਦਾ ਹੈ ਕਿ ਨਿਰਲਿਪਤ ਹੋਣ ਦੀ, ਮੋਹ ਤੋਂ ਮੁਕਤ ਹੋਣ ਦੀ ਸੰਪੂਰਨ ਫਿਲੌਸਫੀ ਕੀ ਹੈ?

ਉਪਰ ਦਿਤੇ ਸਾਰੇ ਵਿਚਾਰਾਂ ਨੂੰ ਅਸੀਂ ਇਕ ਸੂਤਰ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਸਾਡੇ ਪੁਰਾਤਨ ਗ੍ਰੰਥ - ਈਸ਼ ਉਪਨਿਸ਼ਦ ਵਿਚ ਉਹ ਸਭ ਕੁਝ ਹੈ, ਉਹ ਸਾਰਾ ਗੁੱਝਾ ਵਿਗਿਆਨ ਹੈ ਜਿਸ ਦੇ ਗਿਆਨ ਨਾਲ ਜੀਵਨ ਨੂੰ ਸੁਖੀ, ਅਨੰਦਮਈ ਤੇ ਸਕਾਰਥਾ ਬਣਾਇਆ ਜਾ ਸਕਦਾ ਹੈ। ਮਨੁੱਖੀ ਜੀਵਨ ਇਕ ਰਹੱਸ ਹੈ ਤੇ ਇਸ ਰਹੱਸ ਨੂੰ ਸੁਲਝਾਉਣ ਦੀ ਕੁੰਜੀ ਈਸ਼ ਉਪਨਿਸ਼ਦ ਵਿਚ ਹੈ, ਈਸ਼ ਉਪਨਿਸ਼ਦ ਦੇ ਗਿਆਨ ਵਿਚ ਹੈ। ਸਾਰੇ ਉਪਨਿਸ਼ਦਾਂ ਦਾ ਵਿਸ਼ਾ ਹੈ - ਇਹ ਪਤਾ ਲਗਾਉਣਾ, ਇਹ ਜਾਨਣਾ ਕਿ ਅਸੀਂ ਕੌਣ ਹਾਂ, ਕਿਥੋਂ ਆਏ ਹਾਂ? ਸਾਡੇ ਜੀਵਨ ਦਾ ਕੀ ਮਨੋਰਥ ਹੈ, ਇਸ ਸਾਰੇ ਸੰਸਾਰ ਦਾ ਕੀ ਮਨੋਰਥ ਹੈ? ਆਉ ਅਸੀਂ ਉਪਨਿਸ਼ਦਾਂ ਦੇ ਗਿਆਨ ਨੂੰ ਅਪਣਾਈਏ। ਉਪਨਿਸ਼ਦਾਂ ਦਾ ਗਿਆਨ ਚਿਰ ਸਥਾਈ ਹੈ, ਸਦਾ ਰਹਿਣ ਵਾਲਾ ਹੈ। ਉਪਨਿਸ਼ਦ ਸਾਰਿਆਂ ਦਾ ਹੀ ਮਾਰਗ ਦਰਸ਼ਨ ਕਰਦੇ ਹਨ; ਭਾਵੇਂ ਕੋਈ ਵਿਸ਼ਵਾਸ਼ ਰਖਦਾ ਹੋਵੇ, ਭਾਵੇਂ ਨਾ ਰਖਦਾ ਹੋਵੇ; ਚਾਹੇ ਕੋਈ ਪਦਾਰਥਵਾਦੀ ਹੋਵੇ ਭਾਵੇਂ ਆਦਰਸ਼ਵਾਦੀ, ਸਭ ਨੂੰ ਇਕ ਉਹ ਤਰੀਕਾ ਦਸਣਾ ਜਿਸ ਨਾਲ ਜੀਵਨ ਸੁਚੱਜਾ ਹੋ ਸਕੇ। ਕੇਵਲ ਇਕ ਵਿਵੇਕਸ਼ੀਲ ਆਤਮ ਮਾਰਗ ਹੀ ਸਾਡੀ ਆਤਮਕ ਖੋਜ ਪੂਰੀ ਕਰ ਸਕਦਾ ਹੈ ਅਤੇ ਅੱਜ ਦੇ ਆਧੁਨਿਕ ਸਮੇਂ ਦੇ ਵਿਗਿਆਨਕ ਯੁੱਗ ਵਿਚ ਸਾਡੀ ਜਗ੍ਹਾ ਬਣਾ ਸਕਦਾ ਹੈ। ਉਪਨਿਸ਼ਦਾਂ ਦਾ ਸਭ ਤੋਂ ਉਤਮ ਗਿਆਨ ਪ੍ਰਾਪਤ ਕਰਕੇ ਜੀਵਨ ਨੂੰ ਭਰਪੂਰ ਕੀਤਾ ਜਾ ਸਕਦਾ ਹੈ। ਉਪਨਿਸ਼ਦਾਂ ਦੀ ਫਿਲੌਸਫੀ ਵੇਦਾਂਤ ਦੀ ਫਿਲੌਸਫੀ ਹੈ। ਉਪਨਿਸ਼ਦਾਂ ਨੂੰ ਪੜ੍ਹ ਕੇ ਤੇ ਉਨ੍ਹਾਂ ਤੇ ਧਿਆਨ ਲਗਾ ਕੇ ਮਨੁੱਖ ਪੂਰੀ ਭਰਪੂਰਤਾ ਅਤੇ ਸੰਪੂਰਣਤਾ ਪ੍ਰਾਪਤ ਕਰ ਸਕਦਾ ਹੈ ਪਰ ਇਸ ਲਈ ਪਹਿਲਾਂ ਇਕ ਸ਼ਰਤ ਹੈ। ਉਹ ਇਹ ਹੈ ਕਿ ਆਪਣੇ ਆਪ ਨੂੰ ਪੂਰੀ ਤਰ੍ਹਾਂ ਜਾਣਨ ਤੋਂ ਪਹਿਲਾਂ, ਆਪਣਾ ਅੰਤਰ ਜਾਣਨ ਤੋਂ ਪਹਿਲਾਂ, ਵੇਦਾਂ ਦੀ, ਵੇਦਾਂਤ ਦੀ ਖੋਜ ਤੋਂ ਪਹਿਲਾਂ ਲੋੜ ਹੈ - ਆਪਾ ਚੀਨਣ ਦੀ।

**L L L L L L**

(ਪੰਨਾ 17 ਦੀ ਬਾਕੀ)

ਸਾਰੇ ਵਿਸ਼ਵ ਦੀ ਸ਼ਕਤੀ ਤੁਹਾਡੇ ਅੰਦਰ ਜਾ ਰਹੀ ਹੈ। ਤੁਹਾਡੇ ਅੰਦਰ ਉਹ ਹੀ ਸ਼ਕਤੀ ਤੇ ਰੋਸ਼ਨੀ ਹੈ ਜਿਹੜੀ ਸੂਰਜ ਵਿਚ ਹੈ, ਤੁਸੀਂ ਸੋਚੋ ਤੁਸੀਂ ਸੂਰਜ ਹੋ। ਹੌਲੀ ਜਿਹੇ ਅੱਗੇ ਹੋਵੋ, ਆਪਣੀ ਰੀੜ੍ਹ ਦੀ ਹੱਡੀ ਨਾ ਮੋੜੋ, ਆਪਣਾ ਪਿੱਛਾ ਮੋੜੋ, ਅੱਗੇ ਝੁਕੋ, ਉਦੋਂ ਤਕ ਝੁਕੋ ਜਦੋਂ ਤਕ ਤੁਸੀਂ ਆਪਣੇ ਮੱਥੇ ਨਾਲ ਆਪਣੀਆਂ ਲੱਤਾਂ ਦੀਆਂ ਪਿੰਜਣੀਆਂ ਨੂੰ ਨਹੀਂ ਛੋਹ ਲੈਂਦੇ ਤੇ ਤੁਹਾਡੇ ਹੱਥ ਤੁਹਾਡੇ ਪੈਰਾਂ ਦੇ ਪਾਸਿਆਂ ਤੇ ਨਹੀਂ ਲਗ ਜਾਂਦੇ।

ਇਸੇ ਤਰ੍ਹਾਂ ਰਹੋ ਤੇ ਦੇਖੋ ਕਿ ਰੀੜ੍ਹ ਦੀ ਹੱਡੀ ਨੂੰ ਕੀ ਹੋ ਰਿਹਾ ਹੈ, ਤੁਹਾਡੇ ਸੁਆਸਾਂ ਨੂੰ ਕੀ ਹੋ ਰਿਹਾ ਹੈ, ਖਿੱਚ ਕਿਥੇ ਪੈ ਰਹੀ ਹੈ, ਔਖੇ ਕਿਥੋਂ ਹੋ ਰਹੇ ਹੋ - ਮੋਢਿਆਂ ਤੋਂ ਜਾਂ ਪਿੰਜਣੀਆਂ ਤੋਂ?

ਹੌਲੀ ਹੌਲੀ ਉਪਰ ਉਠੋ ਤੇ ਲੱਕ ਨੂੰ ਸਿੱਧੇ ਕਰੋ, ਅੱਖਾਂ ਖੋਲ੍ਹੋ। ਇਸ ਤੇ ਮਹਾਰਤ ਪ੍ਰਾਪਤ ਕਰੋ, ਇਸ ਦੇ ਮਾਸਟਰ ਬਣ ਜਾਓ, ਮਾਨਸਿਕ ਪ੍ਰਕ੍ਰਿਆ ਦੇ ਰੂਪ ਵਿਚ ਇਸੇ ਦੇ ਮਾਸਟਰ ਬਣੋ, ਤੁਹਾਨੂੰ ਪਤਾ ਲਗ ਜਾਵੇਗਾ ਕਿ ਤੁਹਾਨੂੰ ਸਰੀਰ ਨਾਲ ਕੀ ਕਰਨਾ ਚਾਹੀਦਾ ਹੈ, ਤੁਹਾਨੂੰ ਅਧਿਆਪਕ ਦੀ ਵੀ ਲੋੜ ਨਹੀਂ ਰਹੇਗੀ। ਸਰੀਰ ਦੀ ਗਤੀ ਕੁਝ ਵੀ ਨਹੀਂ, ਕੇਵਲ ਇਕ ਮਾਤਰ ਮਨ ਦੀ ਗਤੀ ਹੈ।

ਹਰੇਕ ਗਤੀ ਜਿਹੜੀ ਤੁਸੀਂ ਪੂਰੇ ਦਿਨ ਵਿਚ ਕਰਦੇ ਹੋ, ਜੇ ਤੁਸੀਂ ਉਸ ਲਈ ਸੁਚੇਤ ਹੋ ਤਾਂ ਤੁਸੀਂ ਇਸ ਤਰ੍ਹਾਂ ਤੁਰੋਗੇ ਜਿਵੇਂ 24 ਘੰਟੇ ਤੁਸੀਂ ਨਚਦੇ ਰਹੇ ਹੋਵੋ। ਇਹ ਹੀ ਰਾਜ਼ ਹੈ ਜਿਸ ਨਾਲ ਪੁਰਾਤਨ ਭਾਰਤੀ ਨ੍ਰਿਤਕੀਆਂ ਮੰਦਰਾਂ ਦੀ ਪੂਜਾ ਅਰਚਨਾ ਸਮੇਂ ਕਰਦੀਆਂ ਸੀ। ਇਹ ਸਿਖਾਇਆ ਜਾਂਦਾ ਸੀ ਕਿ ਕਿਵੇਂ ਸੁਚੇਤ ਹੋਣਾ ਹੈ, ਉਦਾਹਰਣ ਲਈ ਚਰਣਾਮ੍ਰਿਤ ਪੀਣਾ ਮੰਦਰ ਦੀ ਇਕ ਮਰਿਆਦਾ ਹੈ, ਰਹੁਰੀਤ ਹੈ, ਚਰਣਾਮ੍ਰਿਤ ਹੱਥ ਵਿਚ ਲੈ ਕੇ ਪੀਤਾ ਜਾਂਦਾ ਹੈ ਤੇ ਫੇਰ ਦੋਬਾਰਾ ਪੀਤਾ ਜਾਂਦਾ ਹੈ। ਸਾਰੇ ਸਮੇਂ ਸਰੀਰ ਨੂੰ ਦੇਖੋ, ਜਾਂਚੋ ਕਿ ਚਰਣਾਮ੍ਰਿਤ ਕਿਥੇ ਜਾ ਰਿਹਾ ਹੈ। ਪਾਣੀ ਖੱਬੇ ਹੱਥ ਵਿਚ ਲਿਆ ਜਾਂਦਾ ਹੈ ਤੇ ਸਾਰੇ ਅੰਗਾਂ ਨੂੰ ਲਗਾਇਆ ਜਾਂਦਾ ਹੈ, ਉਂਗਲੀ ਨਾਲ ਲਗਾਇਆ ਜਾਂਦਾ ਹੈ, ਇਸ ਗਤੀ ਨੂੰ ਜਾਂਚੋ, ਸਰੀਰ ਦੇ ਹਿੱਸੇ ਦੇਖੋ, ਇੰਦ੍ਰੀਆਂ ਨੂੰ ਦੇਖੋ ਤੇ ਜਾਂਚੋ, ਇੰਦ੍ਰੀਆਂ ਕਿਵੇਂ ਅਨੁਭਵ ਲੈਂਦੀਆਂ ਹਨ, ਕਿਵੇਂ ਪਾਣੀ ਦੀ ਛੋਹ ਦੀ ਅਨੁਕ੍ਰਿਆ ਕਰਦੇ ਹਨ, ਕਿਵੇਂ ਇਕ ਥਾਂ ਤੋਂ ਦੂਸਰੀ ਥਾਂ ਪਾਣੀ ਦੀ ਛੋਹ ਜਾ ਰਹੀ ਹੈ, ਕਿਵੇਂ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਪ੍ਰਭਾਵਿਤ ਕਰ ਰਹੀ ਹੈ ਤੇ ਉਹ ਮਰਿਆਦਾ ਹੀ ਇਕ ਨ੍ਰਿਤ ਬਣ ਜਾਂਦੀ ਹੈ। ਸਰੀਰ ਦੀ ਕੋਈ ਵੀ ਗਤੀ ਨ੍ਰਿਤ ਹੀ ਹੈ, ਇਹ ਨ੍ਰਿਤ ਕੋਈ ਨ੍ਰਿਤ ਦੇ ਸਕੂਲ ਜਾ ਕੇ ਨਹੀਂ ਸਿਖਿਆ ਜਾਂਦਾ, ਇਹ ਨ੍ਰਿਤ ਸਰੀਰ ਨੂੰ ਜਾਂਚ ਕੇ, ਦੇਖ ਕੇ ਸਰੀਰ ਦਾ ਨਰੀਖਣ ਕਰਕੇ ਹੁੰਦਾ ਹੈ।

**'ਚਲਦਾ'**

**L L L L L L**



Sri Satguru Jagjit Singh Ji eLibrary NamdhariElibrary@gmail.com

# ਸਾਈ ਨਾਮੁ ਅਮੋਲੁ

## (ਨਾਮ ਦੀ ਮਹਿਮਾ ਤੇ ਪ੍ਰਤੀਤ)

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ - ਪ੍ਰੋ. ਗੁਰਦੇਵ ਸਿੰਘ***

*(ਲੜੀ ਜੋੜਨ ਲਈ ਦੇਖੋ, ਅੰਕ ਅਗਸਤ 99, ਪੰਨਾ - 56)*

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***

***ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ-2, 2***
***ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ,***
***ਮਹਿਮਾ ਨਾ ਤੇਰੀ ਬੇਦ ਜਾਣਦੇ -2, 2.***
***ਮਹਿਮਾ ਤੇਰੀ ਨਾ ਬੇਦ ਜਾਣਦੇ........-2.***

***ਮਹਿਮਾ ਨ ਜਾਨਹਿ ਬੇਦ॥***
***ਬ੍ਰਹਮੇ ਨਹੀ ਜਾਨਹਿ ਭੇਦ॥***
***ਅਵਤਾਰ ਨ ਜਾਨਹਿ ਅੰਤੁ॥***
***ਪਰਮੇਸਰੁ ਪਾਰਬ੍ਰਹਮ ਬੇਅੰਤੁ॥***
***ਅਪਨੀ ਗਤਿ ਆਪਿ ਜਾਨੈ॥***
***ਸੁਣਿ ਸੁਣਿ ਅਵਰ ਵਖਾਨੈ॥***
***ਸੰਕਰਾ ਨਹੀ ਜਾਨਹਿ ਭੇਵ॥***
***ਖੋਜਤ ਹਾਰੇ ਦੇਵ॥***
***ਦੇਵੀਆ ਨਹੀ ਜਾਨੈ ਮਰਮ॥***
***ਸਭ ਊਪਰਿ ਅਲਖ ਪਾਰਬ੍ਰਹਮ॥***
***ਅਪਨੈ ਰੰਗਿ ਕਰਤਾ ਕੇਲ॥***
***ਆਪਿ ਬਿਛੋਰੈ ਆਪੇ ਮੇਲ॥ ਪੰਨਾ - 894***

***ਧਾਰਨਾ - ਵਾਹਿਗੁਰੂ! ਮਹਿਮਾ ਨਾ ਤੇਰੀ ਵੇਦ ਜਾਣਦੇ -2, 2.***
***ਤੇਰਾ ਬ੍ਰਹਮਾ ਨੇ ਅੰਤ ਨ ਪਾਇਆ -2, 2.***
***ਵਾਹਿਗੁਰੂ! ਮਹਿਮਾ ਨਾ ਤੇਰੀ ਵੇਦ ਜਾਣਦੇ-2***

***ਸੰਤਨ ਕੀ ਸੁਣਿ ਸਾਚੀ ਸਾਖੀ॥***
***ਸੋ ਬੋਲਹਿ ਜੋ ਪੇਖਹਿ ਆਖੀ॥***
***ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥***
***ਨਾਨਕ ਕਾ ਪ੍ਰਭੁ ਆਪੇ ਆਪਿ॥ ਪੰਨਾ - 894***

***ਧਾਰਨਾ - ਨਾਮ ਅਮੋਲਾ ਜੀ, ਮੇਰੇ ਸਾਹਿਬ ਦਾ - 2, 2.***
***ਨਾਮ ਅਮੋਲਾ, ਨਾਮ ਅਮੋਲਾ -2, 2.***
***ਨਾਮ ਅਮੋਲਾ ਜੀ,.................. -2.***

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਪੰਨਾ - 81***

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਪਿਛਲੇ ਕਈ ਹਫਤਿਆਂ ਤੋਂ ਆਪਾਂ ਵਿਚਾਰ ਕਰ ਰਹੇ ਹਾਂ ਕਿ ਕੀ ਦੁਨੀਆਂ ਦੇ ਅੰਦਰ ਕੋਈ ਐਸਾ ਤਰੀਕਾ ਵੀ ਹੈ ਜਿਹੜਾ ਕ੍ਰੋੜਾਂ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਦੇ ਨਾਲ ਮਿਲਾ ਦੇਵੇ। ਜੇਕਰ ਕਿਸੇ ਜਗਿਆਸੂ ਦੇ ਮਨ ਦੇ ਅੰਦਰ ਤੀਬਰ ਇੱਛਾ ਤੇ ਲੋਚਾ ਉਠ ਖੜ੍ਹੇ, ਉਹ ਤਲਾਸ਼ ਵਾਸਤੇ ਜਾਂਦਾ ਹੈ ਜਿਵੇਂ ਭਾਈ ਚੰਦਾ ਸਿੰਘ ਗਜ਼ਨੀ ਤੋਂ ਬਾਬਾ ਸਾਹਿਬ ਸਿੰਘ ਜੀ ਊਨਾ ਵਾਲਿਆਂ ਪਾਸ ਪਹੁੰਚਦੇ ਹਨ ਅਤੇ ਬਾਬਾ ਜੀ ਵਿਸਥਾਰ ਨਾਲ ਉਨ੍ਹਾਂ ਨੂੰ ਜ਼ਹਿਨਸ਼ੀਨ ਕਰਵਾਉਂਦੇ ਹਨ ਕਿਉਂਕਿ ਉਸ ਨੂੰ ਪਤਾ ਲਗ ਜਾਂਦਾ ਹੈ ਕਿ ਜੋ ਬਾਕੀ ਦੁਨੀਆਂਦਾਰੀ ਹੈ, ਇਹ ਸਾਰੀ ਕੁਛ ਨਹੀਂ ਹੈ, ਕਿਸੇ ਲੇਖੇ ਵਿਚ ਨਹੀਂ ਹੈ ਅਤੇ ਇਹ ਸਾਰੇ worthless (ਫਜ਼ੂਲ) ਕੰਮ ਹਨ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਪੰਨਾ - 12***

ਫੁਰਮਾਨ ਹੈ ਕਿ ਸੰਗਤ ਵਿਚ ਆ ਕੇ ਨਾਮ ਜਪ, ਇਹੋ ਚੀਜ਼ ਤੇਰੇ ਲੇਖੇ ਵਿਚ ਪੈਣੀ ਹੈ, ਬਾਕੀ ਸੰਸਾਰ ਦੇ ਕੰਮ ਤਾਂ ਹੁੰਦੇ ਹੀ ਰਹਿਣਗੇ। ਬਹੁਤ ਉਚੇ ਉਚੇ ਵੀ ਹੋ ਜਾਣਗੇ, ਮਾਨਤਾ ਵੀ ਪ੍ਰਾਪਤ ਹੋ ਜਾਵੇਗੀ, ਸੁਖ ਦੇ ਸਾਧਨ ਵੀ ਪ੍ਰਾਪਤ ਹੋ ਜਾਣਗੇ, ਭਲੇ ਬੰਦਿਆਂ ਵਿਚ, ਰਾਜਸੀ ਬੰਦਿਆਂ ਵਿਚ ਤੇ ਸਮਾਜ ਦੇ ਅੰਦਰ ਇਜ਼ਤ ਹਾਸਲ ਕਰ ਲਵੇਂਗਾ। ਹੋਰ ਵੀ ਬੇਅੰਤ ਜਿਹੜੀਆਂ ਗੱਲਾਂ ਦਾ ਪਤਾ ਨਹੀਂ, ਉਹ ਵੀ ਪ੍ਰਾਪਤ ਹੋ ਜਾਣਗੀਆਂ। ਪਰ ਜੇਕਰ ਵਾਹਿਗੁਰੂ ਦਾ ਮਿਲਾਪ ਨਾ ਹੋਇਆ ਤਾਂ ਇਹ ਸਾਰਾ ਕੁਝ ਕਿਸੇ ਵੀ ਲੇਖੇ ਵਿਚ ਨਹੀਂ ਪਵੇਗਾ।



Sri Satguru Jagjit Singh Ji eLibrary NamdhariElibrary@gmail.com

***ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥***
***ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥***
***ਪੰਨਾ - 2***

ਜਿਹੜੇ ਕੁੱਤਿਆਂ ਦੇ ਕੀੜੇ ਪੈਂਦੇ ਹਨ, ਇਨ੍ਹਾਂ ਕੀੜਿਆਂ ਵਿਚ ਫੇਰ ਕੀੜੇ ਪੈਂਦੇ ਹਨ, ਸੋ ਜੋ ਇਨ੍ਹਾਂ ਕੀੜਿਆਂ ਵਿਚ ਕੀੜੇ ਪੈਂਦੇ ਹਨ, ਉਸ ਦੀ ਤੁਲਨਾ ਹੈ, ਉਸ ਦਾ ਐਡਾ ਵੱਡਾ ਦੋਸ਼ ਹੈ ਕਿ ਉਸ ਨੂੰ ਇਹ ਕੀੜਾ ਬਣਾ ਦਿਤਾ ਜਾਂਦਾ ਹੈ ਜੇਕਰ ਉਹ ਪ੍ਰਮੇਸ਼ਰ ਦਾ ਨਾਮ ਨਹੀਂ ਜਪਦਾ ਅਤੇ ਪ੍ਰਮੇਸ਼ਰ ਦੇ ਪਿਆਰਿਆਂ ਦੀ ਨਜ਼ਰ ਦਾ ਪਾਤਰ ਨਹੀਂ ਬਣਦਾ। ਆਦਮੀ ਆਪਣੇ ਆਪ ਨੂੰ ਸਮਝਦਾ ਹੈ ਕਿ ਮਾਇਆ ਦੇ ਵਿਚ ਮੈਂ ਬਹੁਤ ਵੱਡਾ ਹਾਂ, ਅਕਲ ਦੇ ਵਿਚ ਬਹੁਤ ਵੱਡਾ ਹਾਂ, ਪੜ੍ਹਾਈ ਲਿਖਾਈ ਮੈਂ ਬਹੁਤ ਕੀਤੀ ਹੋਈ ਹੈ, ਸਰਕਾਰੇ ਦਰਬਾਰੇ ਮੇਰਾ ਬਹੁਤ ਰੋਅਬ ਦਾਬ ਹੈ, ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੈ ਲੇਕਿਨ ਪ੍ਰਮੇਸ਼ਰ ਦੇ ਦਰ ਉਤੇ ਉਸ ਦੀ ਕੁਝ ਵੀ ਕੀਮਤ ਨਹੀਂ ਹੈ ਕਿਉਂਕਿ ਉਸ ਨੇ ਮਾਨਸ ਜਨਮ ਪਾ ਕੇ ਕੋਈ ਪ੍ਰਾਪਤੀ ਨਹੀਂ ਕੀਤੀ। ਇਥੋਂ ਦੀਆਂ ਚੌਧਰਾਂ ਤੇ ਵਡਿਆਈਆਂ ਇਥੇ ਹੀ ਰਹਿ ਜਾਇਆ ਕਰਦੀਆਂ ਹਨ ਕਿਉਂਕਿ ਇਹ ਅੱਗੇ ਨਾਲ ਨਹੀਂ ਜਾਂਦੀਆਂ। ਅੱਗੇ ਤਾਂ ਨਾਲ ਸਿਰਫ ਪ੍ਰਮੇਸ਼ਰ ਦਾ ਨਾਮ ਜਾਂਦਾ ਹੈ।

ਇਸੇ ਤਰ੍ਹਾਂ ਜੋ ਬਹੁਤ ਦਿਨਾਂ ਤੋਂ ਬਚਨ ਕਰ ਰਹੇ ਹਾਂ ਕਿ ਪ੍ਰੇਮੀ ਚੰਦਾ ਸਿੰਘ, ਜਿਸ ਦੇ ਮਨ ਵਿਚ ਬਹੁਤ ਹੀ ਜਗਿਆਸਾ ਹੈ, ਮਨ ਦੇ ਅੰਦਰ ਬੈਰਾਗ ਹੈ, ਬਾਬਾ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮਹਾਰਾਜ ਮੈਨੂੰ ਪ੍ਰਮੇਸ਼ਰ ਮਿਲਾ ਦਿਓ। ਬਾਬਾ ਜੀ ਕਹਿਣ ਲੱਗੇ, "ਭਾਈ! ਪ੍ਰਮੇਸ਼ਰ ਨੂੰ ਮਿਲਣਾ ਹੈ?" ਕਹਿਣ ਲੱਗਾ, "ਮਹਾਰਾਜ! ਸਚਮੁੱਚ ਮਿਲਣਾ ਹੈ।" ਬਾਬਾ ਜੀ ਕਹਿਣ ਲੱਗੇ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਇਹ ਕਰਨਾ ਪੈਂਦਾ ਹੈ ਕਿ-

***ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥***
***ਪੰਨਾ - 657***

ਇਹ ਉਲਟੀ ਚਾਲ ਹੈ; ਜਿਧਰ ਨੂੰ ਪਾਣੀ ਦਾ ਵਹਿਣ ਹੈ, ਸੰਸਾਰ ਉਧਰ ਨੂੰ ਰੁੜ੍ਹਿਆ ਜਾ ਰਿਹਾ ਹੈ। ਜੇ ਤੂੰ ਪ੍ਰਮੇਸ਼ਰ ਨੂੰ ਮਿਲਣਾ ਹੈ ਤਾਂ ਉਪਰ ਨੂੰ ਤਰਨਾ ਪਵੇਗਾ। ਮਾਨ ਸਰੋਵਰ ਝੀਲ ਵਿਚੋਂ ਦਰਿਆ ਨਿਕਲਦੇ ਹਨ, ਦੂਰ ਦਰਾਜ਼ ਦਾ ਸਫਰ ਕਰਕੇ ਨੀਚੇ ਨੂੰ ਵਧਦੇ ਜਾ ਰਹੇ ਹਨ। ਜੇ ਤੂੰ ਆਪਣੇ ਮੂਲ (source) ਨੂੰ ਮਿਲਣਾ ਹੈ ਤਾਂ ਪੁੱਠੀ ਤਾਰੀ ਤਰਨੀ ਪਵੇਗੀ। ਪਿਛੇ ਨੂੰ ਵਾਪਸ ਜਾਣਾ ਪਵੇਗਾ। ਜਦੋਂ ਤੂੰ ਪਿਛੇ ਨੂੰ ਵਾਪਸ ਜਾਵੇਂਗਾ ਤਾਂ ਦੁਨੀਆਂ ਨਾਲੋਂ ਤੇਰਾ ਰਸਤਾ ਉਲਟਾ ਹੋ ਜਾਵੇਗਾ ਤੇ ਸੰਸਾਰ ਦੇ ਨਾਲ ਜੋੜ ਨਹੀਂ ਆਵੇਗਾ। ਦੇਖ ਲੈ ਸਾਰਾ ਹੀ ਰਸਤਾ ਉਲਟਾ ਤਹਿ ਕਰਨਾ ਪਵੇਗਾ। ਚੰਗੀ ਤਰ੍ਹਾਂ ਸੋਚ ਵਿਚਾਰ ਲੈ ਕਿ ਐਡੀ ਕੁਰਬਾਨੀ ਕਰ ਸਕਦਾ ਹੈਂ ਕਿ ਨਹੀਂ ਕਿਉਂਕਿ ਇਸ ਦਾ ਅਸੂਲ ਇਹ ਹੈ ਕਿ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ - 1102***

ਸੰਸਾਰ ਵਲੋਂ ਮਰਨਾ ਕਬੂਲਣਾ ਪਵੇਗਾ ਤਾਂ ਤੈਨੂੰ ਪ੍ਰਮੇਸ਼ਰ ਮਿਲ ਜਾਵੇਗਾ। ਤੈਨੂੰ ਪੁੱਠਾ ਤਰਨਾ ਪੈਣਾ ਹੈ। ਜਿਧਰੋਂ ਤੂੰ ਆਇਆ ਹੈਂ ਉਧਰ ਨੂੰ ਹੀ ਵਾਪਸ ਜਾਣਾ ਪਵੇਗਾ ਕਿਉਂਕਿ ਤੂੰ ਪ੍ਰਮੇਸ਼ਰ ਤੋਂ ਵਿਛੜ ਗਿਆ ਹੈਂ ਅਤੇ ਤੈਨੂੰ ਵਿਛੜੇ ਨੂੰ ਬਹੁਤ ਦੇਰ ਹੋ ਗਈ ਹੈ, ਬਹੁਤ ਸਮਾਂ ਲੰਘ ਗਿਆ ਹੈ। ਉਸ ਦੇ ਨਾਲ ਲੱਗਣ ਲਈ ਫੇਰ ਜੁੜਨ ਲਈ ਜੋ ਸਾਧਨ ਹਨ ਉਸ ਉਤੇ ਵਿਚਾਰ ਕਰਦੇ ਹਾਂ। ਪਿਛਲੇ ਦਿਨਾਂ ਤੋਂ ਵਿਚਾਰ ਕਰਦੇ ਆ ਰਹੇ ਹਾਂ। ਬਾਬਾ ਜੀ ਨੇ ਸਭ ਤੋਂ ਪਹਿਲਾਂ ਇਹ ਗੱਲ ਦੱਸੀ ਕਿ ਪਹਿਲਾਂ ਤੁਸੀਂ ਆਪਣੇ ਮਨ ਨੂੰ ਸਮਝਾਓ ਕਿਉਂਕਿ ਜਿੰਨੀ ਦੇਰ ਮਨ ਸਾਥ ਨਹੀਂ ਦਿੰਦਾ ਤਾਂ ਇਹ ਕੇਵਲ ਜਾਣਕਾਰੀ ਹੀ ਰਹੇਗੀ, ਰੱਬ ਦੇ ਰਸਤੇ ਦੀ ਇਕ ਵਾਕਫੀਅਤ ਹੀ ਬਣ ਕੇ ਰਹਿ ਜਾਏਗੀ, ਲੇਕਿਨ ਚੜ੍ਹਾਈ ਨਹੀਂ ਹੋਵੇਗੀ; ਚੜ੍ਹਾਈ ਤਾਂ ਹੁੰਦੀ ਹੈ ਜੇਕਰ ਮਨ ਸਾਥ ਦਿੰਦਾ ਹੋਵੇ। ਸੋ ਇਸ ਕਰਕੇ ਪਹਿਲਾਂ ਮਨ ਨੂੰ ਮਨਾ ਲੈਣਾ ਚਾਹੀਦਾ ਹੈ। ਸੋ ਪਹਿਲੇ ਦਿਨ ਇਹ ਵਿਚਾਰ ਸੀ ਕਿ ਪਰਤੀਤ ਮਨ ਵਿਚ ਵਸਾ ਲੈਣੀ ਚਾਹੀਦੀ ਹੈ।

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ - 283***

ਇਹ ਪ੍ਰਤੀਤ ਕਿਹੋ ਜਿਹੀ ਹੋਣੀ ਚਾਹੀਦੀ ਹੈ, ਇਸ ਸਬੰਧ ਵਿਚ ਧੰਨੇ ਦੀ ਮਿਸਾਲ ਦਿਤੀ ਗਈ ਸੀ। ਇਕ ਸਾਧਾਰਨ ਮੁੰਡਾ ਵੱਡੇ ਵੱਡੇ ਪੰਡਤਾਂ, ਕਰਮਕਾਂਡੀਆਂ ਨੂੰ ਮਾਤ ਪਾ ਕੇ ਇਕੋ ਦਿਨ ਵਿਚ ਪ੍ਰਮੇਸ਼ਰ ਨੂੰ ਮਿਲ ਲਿਆ ਸੀ। ਦੂਸਰੀ ਵਿਚਾਰ ਸੀ ਉਸ ਦੇ ਨਾਮ ਦੀ ਸੱਤਤਾ ਤੇ ਮਹੱਤਤਾ ਤੇ ਵਿਚਾਰ। ਨਾਮ ਦੇ ਬਾਰੇ 1430 ਪੰਨੇ ਦੇ ਅੰਦਰ ਗੁਰੂ ਨਾਨਕ ਸਾਹਿਬ ਨੇ ਕੇਵਲ ਨਾਮ ਦੀ ਹੀ ਵਿਆਖਿਆ ਕੀਤੀ ਹੈ ਕਿਉਂਕਿ ਜਿਤਨਾ ਵੱਡਾ ਉਹ ਹੈ, ਉਤਨੀ ਵੱਡੀ ਹੀ ਉਸ ਦੀ ਵਿਆਖਿਆ ਹੈ। ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਵਿਚੋਂ ਕੋਈ ਵੀ ਦੇਵਤਾ ਉਸ ਦੀ ਮਹਿਮਾ ਨੂੰ ਜਾਣ ਨਹੀਂ ਸਕਦਾ ਅਤੇ ਕੋਈ ਵੀ ਉਸ ਦੀ ਮਹਿਮਾ ਨੂੰ ਵਰਨਣ ਨਹੀਂ ਕਰ ਸਕਦਾ ਕਿਉਂਕਿ ਉਹ ਬਹੁਤ ਵੱਡਾ ਹੈ। ਇਸ ਕਰਕੇ ਮਨ ਦੇ ਅੰਦਰ ਨਾਮ ਦੀ ਮਹਿਮਾ ਦਾ ਵਸ ਜਾਣਾ ਬਹੁਤ ਹੀ ਜ਼ਰੂਰੀ ਚੀਜ਼ ਹੈ। ਨਹੀਂ ਤਾਂ ਇਸ ਮਾਰਗ ਤੇ ਚੱਲਣਾ ਮੁਸ਼ਕਲ ਹੈ। ਕਿਸੇ ਰਸਤੇ ਤੇ ਚੱਲਣ ਵਾਸਤੇ ਸਬਕ ਪਕਾਉਣਾ ਪੈਂਦਾ ਹੈ। ਸਬਕ ਪਕਾਏ ਬਗੈਰ ਇਹ ਕੇਵਲ ਬੁੱਧੀ ਮੰਡਲ (intelectual) ਤੱਕ ਹੀ ਸੀਮਤ ਰਹਿ ਜਾਏਗਾ। ਜਿਸ ਤਰ੍ਹਾਂ ਕੋਠੀ ਬਣਾਉਣ ਵਾਸਤੇ ਨਕਸ਼ਾ ਬਣਾਇਆ ਜਾਂਦਾ ਹੈ, ਕੇਵਲ ਨਕਸ਼ਾ ਬਣ ਕੇ ਹੀ ਰਹਿ ਜਾਵੇਗਾ, ਕੋਠੀ ਨਹੀਂ ਬਣੇਗੀ। ਕੋਠੀ ਤਾਂ ਬਣੇਗੀ ਜੇਕਰ ਉਸ ਤੇ ਲੱਗਣ ਵਾਲਾ ਸਮਾਨ, ਸੀਮਿੰਟ, ਰੇਤਾ, ਸਰੀਆ, ਬਜਰੀ, ਇੱਟਾਂ ਆਦਿ ਲਿਆ ਕੇ ਫੇਰ ਉਸ ਨੂੰ ਅਮਲੀ ਤੌਰ ਤੇ ਮਜ਼ਦੂਰ, ਮਿਸਤਰੀ ਲਾ ਕੇ ਮਿਹਨਤ ਨਾਲ ਬਣਾਵੇ। ਫੇਰ ਉਸ ਬਣੇ ਹੋਏ ਨਕਸ਼ੇ ਅਨੁਸਾਰ ਕੋਠੀ ਬਣ ਜਾਇਆ ਕਰਦੀ ਹੈ। ਇਸੇ ਤਰ੍ਹਾਂ ਦੇ ਨਾਲ ਜਿਹੜਾ ਪ੍ਰਮੇਸ਼ਰ ਦਾ ਰਾਹ ਹੈ, ਜੇਕਰ ਇਸ ਨੂੰ ਕੇਵਲ ਸੁਣਦੇ ਸੁਣਦੇ ਹੀ ਚਲੇ ਜਾਈਏ ਅਤੇ ਇਸ ਤੇ ਚੱਲਣ ਦੀ ਕੋਸ਼ਿਸ਼ ਨਾ ਕਰੀਏ ਤਾਂ ਤਰੱਕੀ ਨਹੀਂ ਹੋਇਆ ਕਰਦੀ ਜਿਸ ਤਰ੍ਹਾਂ ਕਿ -



Sri Satguru Jagjit Singh Ji eLibrary NamdhariElibrary@gmail.com

***ਪੂਛਕ ਪੱਥਕ ਕਾਹੇ ਮਾਰਗ ਨਾ ਧਰੇ ਪਗ***
***ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਏ।***

ਸੋ ਗੱਲਾਂ ਦੇ ਨਾਲ ਕਿਵੇਂ ਜਾਵੇਂਗਾ ਜਦ ਤਕ ਮਾਰਗ ਉਤੇ, ਰਸਤੇ ਉਤੇ ਪੈਰ ਹੀ ਨਹੀਂ ਧਰਦਾ। ਰੋਗ ਕਿਸ ਤਰ੍ਹਾਂ ਦੇ ਨਾਲ ਦੂਰ ਹੋਵੇਗਾ ਜੇਕਰ ਦਵਾਈ ਨਹੀਂ ਖਾਵੇਂਗਾ, ਜੇਕਰ ਖਾਂਦਾ ਹੈਂ ਤਾਂ ਸੰਜਮ ਨਾਲ ਨਹੀਂ ਖਾਂਦਾ ਜਾਂ ਵਿਚਾਲੇ ਹੀ ਛੱਡ ਦਿੰਦਾ ਹੈਂ, ਇਸ ਤਰ੍ਹਾਂ ਨਾਲ ਬੀਮਾਰੀ ਦੂਰ ਨਹੀਂ ਹੋ ਸਕੇਗੀ। ਜੋ ਪ੍ਰਮੇਸ਼ਰ ਦਾ ਰਸਤਾ ਹੈ ਇਹ ਇਕ ਕਰਨੀ (practical) ਦਾ ਰਸਤਾ ਹੈ ਅਤੇ ਇਹ ਗੱਲਾਂ ਬਾਤਾਂ ਵਾਲਾ (Theoratical) ਗੱਲਾਂ ਬਾਤਾਂ ਵਾਲਾ ਨਹੀਂ ਹੈ ਕਿ ਦਿਮਾਗ ਨਾਲ ਸਾਰਾ ਕੁਝ ਸਮਝ ਲਿਆ ਪਰੰਤੂ ਕਮਾਈ ਨਹੀਂ ਕੀਤੀ ਤਾਂ ਇਸ ਦੇ ਸਮਝਣ ਦਾ ਕੋਈ ਵੀ ਲਾਭ ਨਹੀਂ ਹੋਵੇਗਾ। ਇਸ ਕਰਕੇ ਨਾਮ ਦੀ ਮਹਿਮਾ ਵਿਚ ਵਿਸ਼ਵਾਸ਼ ਹੋਣਾ ਬਹੁਤ ਜ਼ਰੂਰੀ ਹੈ। ਜਿੰਨੀ ਦੇਰ ਤਕ ਮਨ ਨਾਮ ਨੂੰ ਨਹੀਂ ਮੰਨਦਾ, ਉਨੀ ਦੇਰ ਤਕ ਅੰਦਰ ਰੁਚੀ ਨਹੀਂ ਜਾਗਿਆ ਕਰਦੀ, ਨਾਮ ਜਪ ਨਹੀਂ ਸਕਿਆ ਕਰਦਾ, ਕੇਵਲ ਕੰਨਾਂ ਦਾ ਵਿਸ਼ਾ ਬਣ ਕੇ ਰਹਿ ਜਾਂਦਾ ਹੈ। ਰਸਤੇ ਤੇ ਨਾ ਟੁਰਨ ਕਰਕੇ ਸਮਾਂ ਨਸ਼ਟ ਹੋ ਜਾਇਆ ਕਰਦਾ ਹੈ। ਸਾਧਸੰਗਤ ਜੀ! ਸਮਾਂ ਲੰਘਦਾ ਤੁਰਿਆ ਜਾਂਦਾ ਹੈ, ਸਭ ਲੰਘ ਜਾਣਾ ਹੈ। ਮੈਨੂੰ ਇਥੇ ਆਏ ਨੂੰ ਕਿੰਨੇ ਹੀ ਸਾਲ ਹੋ ਗਏ, ਸਮਾਂ ਪਿਛੇ ਰਹਿ ਗਿਆ, ਦੂਰ ਰਹਿ ਗਿਆ –

***ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥***
***ਅਗਹੁ ਨੇੜੇ ਆਇਆ ਪਿਛਾ ਰਹਿਆ ਦੂਰਿ॥***
***ਪੰਨਾ – 1378***

***ਧਾਰਨਾ – ਤੇਰਾ ਅੱਗਾ ਨੇੜੇ ਆਇਆ,***
***ਪਿੱਛਾ ਦੂਰ ਰਹਿ ਗਿਆ –2, 2.***
***ਪਿੱਛਾ ਦੂਰਿ ਰਹਿ ਗਿਆ –2, 2.***
***ਤੇਰਾ ਅੱਗਾ ਨੇੜੇ ਆਇਆ, ........ –2.***

ਬਚਪਨ ਤੋਂ ਬੁਢੇਪੇ ਤਕ ਦਾ ਸਮਾਂ ਦੂਰ ਲੰਘ ਗਿਆ ਤੇ ਲੰਘਦਾ ਜਾ ਰਿਹਾ ਹੈ। ਮਨੁੱਖ ਆਪਣੇ ਜਨਮ ਦਿਨ ਮਨਾਉਂਦਾ ਹੈ, ਖੁਸ਼ੀਆਂ ਮਨਾਉਂਦਾ ਹੈ, ਤੋਹਫੇ ਆ ਰਹੇ ਹਨ ਪਰ ਇਸ ਦੇ ਸਮਝ ਵਿਚ ਅਸਲੀ ਗੱਲ ਨਹੀਂ ਆਈ। ਇਕ ਲੜਕੀ ਹੁਣ ਆਗਰੇ ਪੜ੍ਹਦੀ ਹੈ। ਜਦੋਂ ਅਸੀਂ ਯੂ.ਪੀ. ਵਿਚ ਹੁੰਦੇ ਸੀ, ਛੋਟੀ ਜਿਹੀ ਹੁੰਦੀ ਬਚਪਨ ਤੋਂ ਹੀ ਸਤਿਸੰਗ ਸੁਣਿਆ ਕਰਦੀ ਸੀ। ਸਾਡੇ ਦੇਖਦਿਆਂ ਦੇਖਦਿਆਂ ਹੀ ਵੱਡੀ ਹੋਈ। ਮੈਂ ਤਾਂ ਉਸ ਨੂੰ ਭੁਲ ਭੁਲਾ ਗਿਆ ਸੀ, ਪਰ ਉਸ ਨੇ ਮੈਨੂੰ ਚਿੱਠੀ ਲਿਖੀ, ਕਹਿਣ ਲੱਗੀ, ਬਾਪੂ ਜੀ! ਤੁਸੀਂ ਸ਼ਾਇਦ ਮੈਨੂੰ ਨਾ ਜਾਣਦੇ ਹੋਵੋ ਪਰ ਮੈਂ ਤੁਹਾਨੂੰ ਯਾਦ ਕਰਵਾਉਂਦੀ ਹਾਂ ਕਿ ਮੈਂ ਛੋਟੀ ਜਿਹੀ ਹੁੰਦੀ, ਬੀਜੀ ਦੀ ਗੋਦੀ ਵਿਚ ਆ ਕੇ ਬੈਠਿਆ ਕਰਦੀ ਸੀ ਤੇ ਹੁਣ ਮੈਂ ਆਗਰੇ ਪੜ੍ਹਦੀ ਹਾਂ। ਚਿੱਠੀ ਵਿਚ ਲਿਖਿਆ ਕਿ ਬਾਪੂ ਜੀ! ਮੈਨੂੰ ਬੜਾ ਅਫਸੋਸ ਹੈ ਕਿ ਮੇਰੀ ਅੱਜ ਉਮਰ ਦਾ ਇਕ ਸਾਲ ਹੋਰ ਘੱਟ ਗਿਆ। ਕਿੰਨੀ ਸੋਝੀ ਹੈ ਉਸ ਬੱਚੀ ਨੂੰ ਕਿ ਉਮਰ ਤਾਂ ਲੰਘਦੀ ਜਾ ਰਹੀ ਹੈ ਲੇਕਿਨ ਸਾਨੂੰ ਇਸ ਗੱਲ ਦਾ ਕੋਈ ਖਿਆਲ ਨਹੀਂ ਕਿ ਸਮਾਂ ਲੰਘਦਾ ਜਾ ਰਿਹਾ ਹੈ, ਸਮੇਂ ਦੀ ਸੰਭਾਲ ਕਰੀਏ ਕਿਉਂਕਿ ਕੋਈ ਪਤਾ ਨਹੀਂ ਕਿ ਕਾਲ ਦਾ ਗੁਲੇਲਾ ਕਿਹੜੇ ਵੇਲੇ ਕਿਸ ਨੂੰ ਲਗ ਜਾਵੇ। ਉਸ ਤੋਂ ਪਹਿਲਾਂ ਪਹਿਲਾਂ ਜੇ ਕੰਮ ਕਿਸੇ ਨੇ ਬਣਾ ਲਿਆ, ਫੇਰ ਤਾਂ ਠੀਕ ਹੈ, ਨਹੀਂ ਤਾਂ ਦੁਨੀਆਂ ਜਿਸ ਕੰਮ ਤੇ ਲੱਗੀ ਹੋਈ ਹੈ ਇਹ ਸਾਰਾ ਇਕ ਛਲਾਵਾ ਤੇ ਭੁਲੇਖਾ ਹੈ।

ਮਹਾਰਾਜ ਫੁਰਮਾਨ ਕਰਦੇ ਹਨ ਕਿ ਨਾਮ ਦੀ ਕੀਮਤ ਨੂੰ ਕੋਈ ਜਾਣਦਾ ਨਹੀਂ ਹੈ। ਐਨੀ ਕੀਮਤੀ ਚੀਜ਼ ਹੈ ਕਿ ਜੇ ਮਨ ਵਿਚ ਵਿਸ਼ਵਾਸ਼ ਆ ਜਾਵੇ ਕਿ ਨਾਮ ਐਨਾ ਕੀਮਤੀ ਹੈ ਤਾਂ ਹੋ ਨਹੀਂ ਸਕਦਾ ਕਿ ਨਾਮ ਨਾ ਜਪਿਆ ਜਾਵੇ। ਮਰਦਾਨਾ ਕਹਿਣ ਲੱਗਿਆ, "ਹੇ ਗੁਰੂ ਨਾਨਕ ਪਾਤਸ਼ਾਹ! ਤੁਸੀਂ ਹਮੇਸ਼ਾ ਨਾਮ ਦੀ ਹੀ ਗੱਲ ਕਰਦੇ ਹੋ। ਆਪ ਨੇ ਨਾ ਹੀ ਕਦੇ ਕਿਸੇ ਬਾਦਸ਼ਾਹ ਨੂੰ ਪੁਛਿਐ ਕਿ ਤੇਰਾ ਕਿੱਡਾ ਵੱਡਾ ਇਲਾਕਾ ਹੈ, ਕਿੰਨੀ ਤੇਰੀ ਆਮਦਨ ਹੈ, ਕਿੰਨੀ ਤੇਰੀ ਫੌਜ ਹੈ। ਮੈਂ ਜਦੋਂ ਵੀ ਆਪ ਦੇ ਬਚਨ ਸੁਣਦਾ ਹਾਂ, ਆਪ ਹਮੇਸ਼ਾ ਨਾਮ ਦੀ ਹੀ ਗੱਲ ਕਰਦੇ ਹੋ ਅਤੇ ਦੂਜੀ ਗੱਲ ਕਦੇ ਵੀ ਨਹੀਂ ਕਰਦੇ। ਮਹਾਰਾਜ ਕਹਿਣ ਲੱਗੇ, "ਮਰਦਾਨਿਆਂ! ਇਸ ਸੰਸਾਰ ਵਿਚ ਨਾਮ ਤੋਂ ਬਿਨਾਂ ਹੋਰ ਕੋਈ ਵੀ ਚੀਜ਼ ਨਹੀਂ ਹੈ, ਇਹ ਕੇਵਲ ਨਾਮ ਹੀ ਹੈ ਜੋ ਅਨੇਕਾਂ ਰੂਪਾਂ ਵਿਚ ਪਸਰਿਆ ਹੋਇਆ ਹੈ।

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਪੰਨਾ – 284***

ਇਹ ਸਾਰਾ ਕੇਵਲ ਨਾਮ ਹੀ ਨਾਮ ਹੈ। ਮਰਦਾਨਾ ਕਹਿਣ ਲੱਗਾ ਕਿ ਮਹਾਰਾਜ! ਮੈਨੂੰ ਤਾਂ ਇਹ ਨਜ਼ਰ ਨਹੀਂ ਆ ਰਿਹਾ, ਕੇਵਲ ਆਪ ਨੂੰ ਹੀ ਨਜ਼ਰ ਆ ਰਿਹਾ ਹੈ ਪਰ ਮੈਨੂੰ ਇਸ ਦਾ ਪਤਾ ਨਹੀਂ ਲਗਦਾ। ਮਹਾਰਾਜ ਕਹਿਣ ਲੱਗੇ, "ਮਰਦਾਨਿਆਂ! ਜਦੋਂ ਤੂੰ ਰਬਾਬ ਨੂੰ ਸੁਰ ਕਰਦੈਂ ਤਾਂ ਤੈਨੂੰ ਕਿਵੇਂ ਪਤਾ ਲਗਦੈ ਕਿ ਤੂੰ ਭੈਰਵੀ ਗਾ ਰਿਹੈਂ, ਹੁਣ ਧਨਾਸਰੀ ਗਾ ਰਿਹੈਂ, ਹੁਣ ਆਸਾ ਗਾ ਰਿਹੈਂ, ਹੁਣ ਸੋਰਠਿ ਗਾ ਰਿਹੈਂ ਅਤੇ ਮਲ੍ਹਾਰ ਦੀਆਂ ਸੁਰਾਂ ਨੂੰ ਤੂੰ ਕਿਵੇਂ ਜਾਣ ਲੈਂਦਾ ਹੈਂ?" ਕਹਿਣ ਲੱਗਿਆ, "ਮਹਾਰਾਜ! ਉਹ ਤਾਂ ਮੈਨੂੰ ਅੰਦਰੋਂ ਅੰਦਰੀ ਪਤਾ ਲਗ ਜਾਂਦੈ।" "ਕਿਵੇਂ ਪਤਾ ਲਗ ਜਾਂਦੈ ਕਿਤੇ ਲਿਖ ਕੇ ਰੱਖਿਐ?" "ਨਹੀਂ ਮਹਾਰਾਜ! ਇਹ ਸੋਝੀ ਸਾਰਿਆਂ ਨੂੰ ਹੁੰਦੀ ਹੈ ਜਿਵੇਂ ਮਹਿਮਾਨ ਆ ਗਏ, ਚਾਰ ਪੰਜ ਸੌ ਬੰਦੇ ਦਾ ਲੰਗਰ, ਪ੍ਰਸ਼ਾਦਾ ਬਣਾਉਣੈ ਤਾਂ ਕਦੇ ਕਿਸੇ ਨੇ ਤੋਲਿਆ ਨਹੀਂ ਹੁੰਦਾ ਅਤੇ ਦਾਲ ਸਬਜ਼ੀ ਵਿਚ ਨਮਕ ਆਦਿ ਪਾਉਣਾ ਹੋਵੇ, ਬੀਬੀਆਂ ਨੂੰ ਆਪਣੇ ਆਪ ਅੰਦਰੋਂ ਪਤਾ ਲਗ ਜਾਂਦੈ ਕਿ ਇਹਦੇ ਵਿਚ ਇੰਨਾ ਕੁ ਨਮਕ ਪਾਉਣੈ, ਇੰਨੀਆਂ ਕੁ ਮਿਰਚਾਂ ਪਾਉਣੀਆਂ ਹਨ, ਕਦੇ ਕਿਸੇ ਨੇ ਤੋਲਿਆ ਨਹੀਂ ਹੈ। ਜੇਕਰ ਜ਼ਿਆਦਾ ਪੈਣ ਲੱਗੇ ਤਾਂ ਆਪਣੇ ਆਪ ਹੀ ਅੰਦਰੋਂ ਆ ਜਾਂਦੈ ਕਿ ਰੁਕ ਜਾ, ਨਮਕ ਜ਼ਿਆਦਾ ਹੋ ਜਾਏਗਾ, ਮਿਰਚ ਮਿਸਾਲਾ ਜ਼ਿਆਦਾ ਹੋ ਜਾਏਗਾ। ਮਰਦਾਨਿਆ! ਸਮਝ ਗਿਆ ਇਸ ਤਰ੍ਹਾਂ ਕਿਉਂ ਹੁੰਦੈ ਤੇ ਇਸ ਨੂੰ ਕੀ ਕਹਿੰਦੇ ਹਨ?" ਕਹਿਣ ਲੱਗਿਆ, "ਨਹੀਂ ਮਹਾਰਾਜ! ਆਪ ਹੀ ਕ੍ਰਿਪਾ ਕਰੋ।" ਮਹਾਰਾਜ ਨੇ ਫੁਰਮਾਇਆ, "ਮਰਦਾਨਿਆਂ! ਇਸ ਨੂੰ ਅਨੁਭਵ ਆਖਦੇ ਹਨ। ਇਕ ਬੁੱਧੀ ਹੁੰਦੀ ਹੈ, ਉਹ ਕਾਰਨ ਭਾਲਦੀ ਹੈ ਕਿ ਘਟਨਾਵਾਂ ਕਿਉਂ ਹੋਈਆਂ? ਲੇਕਿਨ ਅਨੁਭਵ, ਕਾਰਨ ਤੋਂ ਉਪਰੋਂ ਦੀ ਹੁੰਦਾ ਹੈ, ਉਸ ਨੂੰ ਆਪਣੇ ਆਪ ਹੀ ਸਾਰਾ ਪਤਾ ਲਗ ਜਾਂਦੈ। ਇਸੇ ਤਰ੍ਹਾਂ ਜਦੋਂ ਅਨੁਭਵ ਖੁਲ੍ਹ ਜਾਂਦਾ ਹੈ ਉਸ ਵੇਲੇ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਹਰ ਪਾਸੇ ਨਾਮ ਹੀ ਨਾਮ ਨਜ਼ਰ



Sri Satguru Jagjit Singh Ji eLibrary NamdhariElibrary@gmail.com

ਆਉਂਦਾ ਹੈ, ਹੋਰ ਦੂਸਰੀ ਕੋਈ ਵੀ ਚੀਜ਼ ਨਜ਼ਰ ਨਹੀਂ ਆਇਆ ਕਰਦੀ।" ਮਰਦਾਨਾ ਕਹਿਣ ਲੱਗਿਆ, "ਮਹਾਰਾਜ! ਫੇਰ ਸੰਸਾਰ ਇਸ ਗੱਲ ਨੂੰ ਕਿਉਂ ਨਹੀਂ ਸਮਝਦਾ? ਮੈਂ ਆਪ ਦੀ ਸੰਗਤ ਕਰਦਾ ਹਾਂ ਅਤੇ ਮੇਰੇ ਮਨ ਵਿਚ ਘੱਟੋ ਘੱਟ ਇਹ ਵਿਸ਼ਵਾਸ਼ ਤਾਂ ਹੈ ਕਿ ਨਾਮ ਵਰਗੀ ਹੋਰ ਕੋਈ ਵੀ ਕੀਮਤੀ ਚੀਜ਼ ਨਹੀਂ ਹੈ। ਮੈਂ ਅੰਮ੍ਰਿਤ ਵੇਲੇ ਉਠਦਾ ਹਾਂ ਤੇ ਬੈਠਾ ਰਹਿੰਦਾ ਹਾਂ ਪਰ ਤੁਹਾਡੀਆਂ ਤਾਂ ਬਹੁਤ ਲੰਮੀਆਂ ਸਮਾਧੀਆਂ ਲਗਦੀਆਂ ਹਨ ਪਰ ਮੈਂ ਵੀ ਪੂਰੀ ਕੋਸ਼ਿਸ਼ ਕਰਦਾ ਹਾਂ ਕਿ ਮੈਂ ਬੈਠਾ ਹੀ ਰਹਾਂ। ਜਦੋਂ ਭੁੱਖ ਵਗੈਰਾ ਲਗਦੀ ਹੈ ਫੇਰ ਹੀ ਉਠਣਾ ਪੈਂਦਾ ਹੈ ਅਤੇ ਮਹਾਰਾਜ! ਮੈਨੂੰ ਰਸ ਵੀ ਬਹੁਤ ਆਉਂਦਾ ਹੈ, ਸਰੀਰ ਵਿਚ ਝੁਣਝੁਣੀਆਂ ਆਉਂਦੀਆਂ ਹਨ ਤੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਮੇਰਾ ਇਸ ਰਸ ਨੂੰ ਛੱਡਣ ਨੂੰ ਜੀਅ ਨਹੀਂ ਕਰਦਾ।''

''ਮਹਾਰਾਜ ਕਹਿਣ ਲੱਗੇ, ''ਮਰਦਾਨਿਆਂ ਇਸ ਨੂੰ ਹੀ ਨਾਮ ਦਾ ਰਸ ਆਖਦੇ ਹਨ।"

''ਪਰ ਮਹਾਰਾਜ! ਨਾਮ ਦਾ ਪ੍ਰਕਾਸ਼ ਮੇਰੀ ਸਮਝ ਵਿਚ ਨਹੀਂ ਆਇਆ।'' ਮਹਾਰਾਜ ਕਹਿਣ ਲੱਗੇ, ''ਉਹ ਵੀ ਤੈਨੂੰ ਹੌਲੀ ਹੌਲੀ ਸਮਝਾ ਦਿਆਂਗੇ। ਬਾਕੀ ਜੋ ਤੂੰ ਸਵਾਲ ਕੀਤਾ ਹੈ ਕਿ ਸੰਸਾਰ ਇਸ ਚੀਜ਼ ਨੂੰ ਕਿਉਂ ਨਹੀਂ ਸਮਝਦਾ, ਉਸ ਦਾ ਉਤਰ ਹੈ ਕਿ ਸੰਸਾਰ ਇਸ ਚੀਜ਼ ਦੀ ਕਦਰ ਨਹੀਂ ਕਰਦਾ, ਕਦਰਦਾਨਾਂ ਤੋਂ ਬਗੈਰ ਕੀਮਤੀ ਚੀਜ਼ ਦਾ ਮੁੱਲ ਕੋਈ ਪਾ ਨਹੀਂ ਸਕਿਆ ਕਰਦਾ।" ਇਸ ਤਰ੍ਹਾਂ ਗੱਲਬਾਤ ਹੋਈ ਪਰ ਮਰਦਾਨੇ ਦਾ ਸ਼ੰਕਾ ਦੂਰ ਨਹੀਂ ਹੋਇਆ।

ਇਸ ਤਰ੍ਹਾਂ ਚਲਦੇ ਚਲਦੇ ਦੂਸਰੇ ਦਿਨ ਮਹਾਰਾਜ ਕਹਿਣ ਲੱਗੇ, ਦੇਖ ਮਰਦਾਨਿਆ! ਉਹ ਸ਼ਹਿਰ ਦੀਆਂ ਮੰਮਟੀਆਂ ਤੇ ਗੁੰਬਦ ਨਜ਼ਰ ਆ ਰਹੇ ਹਨ ਤੇ ਇਸ ਸ਼ਹਿਰ ਨੂੰ ਵਿਸ਼ੰਬਰ ਨਗਰ ਕਹਿੰਦੇ ਹਨ, ਇਸ ਦਾ ਨਾਉਂ ਪਾਟਲੀਪੁਤਰ ਤੇ ਪਟਨਾ ਵੀ ਹੈ। ਅਸੀਂ ਇਥੇ ਸਾਫ ਸੁਥਰੇ ਥਾਂ ਤੇ ਬੈਠਦੇ ਹਾਂ ਤੇ ਤੂੰ ਸ਼ਹਿਰ ਜਾ ਕੇ ਪ੍ਰਸ਼ਾਦਾ ਆਦਿ ਛਕ ਕੇ ਆ ਜਾਵੀਂ। ਇੰਨੀ ਗੱਲ ਸੁਣ ਕੇ ਮਰਦਾਨਾ ਹੱਸਣ ਲਗ ਪਿਆ ਤੇ ਕਹਿਣ ਲੱਗਿਆ, ਮਹਾਰਾਜ! ਆਪ ਜੀ ਨੇ ਤਾਂ ਇਸ ਤਰ੍ਹਾਂ ਬਚਨ ਕੀਤੈ ਜਿਵੇਂ ਇਥੇ ਮੇਰੇ ਵਾਕਫਕਾਰ ਰਹਿੰਦੇ ਹੋਣ ਪਰ ਮਹਾਰਾਜ! ਕਈ ਘਰਾਂ ਵਿਚ ਸਤਿ ਕਰਤਾਰ ਦਾ ਆਵਾਜ਼ਾ ਦੇਣਾ ਪੈਂਦੈ ਤੇ ਫੇਰ ਜੇ ਕੋਈ ਚੰਗਾ ਬੰਦਾ ਮੂੰਹ ਮੱਥੇ ਲੱਗੇ ਤਾਂ ਫੇਰ ਉਸ ਨੂੰ ਪਛਾਣ ਕੇ, ਜੇ ਉਸ ਦੇ ਮਨ ਵਿਚ ਆਵੇ ਤੇ ਪੁੱਛ ਲਵੇ, ਨਹੀਂ ਤਾਂ ਸੰਸਾਰ ਝੁੰਝਲਾਹਟ ਵਿਚ ਪਿਆ ਹੋਇਆ ਹੈ। ਆਦਮੀ ਦਾ ਜੋ ਚਿਹਰਾ ਹੁੰਦਾ ਹੈ ਉਸ ਉਤੇ ਬੰਦੇ ਦੇ ਅੰਦਰਲੇ ਕਿਰਦਾਰ ਬਾਰੇ ਲਿਖਿਆ ਹੁੰਦਾ ਹੈ, ਚਿਹਰਾ ਮਨ ਦਾ ਸ਼ੀਸ਼ਾ ਹੁੰਦਾ ਹੈ। ਉਸ ਨੂੰ ਦੇਖਦੇ ਸਾਰ ਹੀ ਪਤਾ ਲਗ ਜਾਂਦਾ ਹੈ ਕਿ ਕਿਹੋ ਜਿਹਾ ਬੰਦਾ ਹੈ। ਸੋ ਮਹਾਰਾਜ ਆਪ ਦੀ ਸੰਗਤ ਕਰਕੇ ਮੈਨੂੰ ਮਨੁੱਖਾਂ ਦੇ ਚਿਹਰੇ ਪੜ੍ਹਨੇ ਆ ਗਏ ਹਨ ਤੇ ਮੈਂ ਪਛਾਣ ਲੈਂਦਾ ਹਾਂ ਕਿ ਇਹ ਕਿਹੋ ਜਿਹਾ ਬੰਦਾ ਹੈ। ਜਿਸ ਦਾ ਮੱਥਾ ਖਿੜਿਆ ਹੁੰਦਾ ਹੈ, ਬੁਲ੍ਹਾਂ ਤੇ ਮੁਸਕਰਾਹਟ ਹੁੰਦੀ ਹੈ ਮੈਂ ਉਹੋ ਜਿਹੇ ਬੰਦੇ ਨੂੰ ਬੁਲਾਉਂਦਾ ਹਾਂ ਕਿਉਂਕਿ ਉਹ ਜੋ ਵੀ ਬੋਲੇਗਾ, ਹਿਰਦੇ ਨੂੰ ਠੰਢ ਪਾਉਣ ਵਾਲੀ ਗੱਲ ਕਰੇਗਾ। ਮਹਾਰਾਜ! ਜਾਂ ਤਾਂ ਉਹ ਮੈਨੂੰ ਆਪ ਹੀ ਬੁਲਾ ਲੈਂਦਾ ਹੈ, ਨਹੀਂ ਤਾਂ ਮੈਂ ਆਪ ਹੀ ਬੁਲਾ ਕੇ ਪ੍ਰਸ਼ਾਦ ਪਾਣੀ ਦਾ ਸਵਾਲ ਕਰਦਾ ਹਾਂ। ਜੇਕਰ ਇਹੋ ਜਿਹਾ ਨਾ ਮਿਲੇ ਤਾਂ ਦੋ ਚਾਰ ਘਰਾਂ ਦੇ ਬੂਹੇ ਅੱਗੇ ਜਾ ਕੇ ਸਤਿ ਕਰਤਾਰ ਦਾ ਆਵਾਜ਼ਾ ਦੇ ਕੇ ਸਵਾਲ ਪਾਉਂਦਾ ਹਾਂ; ਨਤੀਜਾ ਇਹ ਹੁੰਦਾ ਹੈ ਕਿ ਕੋਈ ਬੁਰਾ ਭਲਾ ਕਹਿੰਦੈ ਤੇ ਕਿਸੇ ਦੇ ਮਨ ਵਿਚ ਮਿਹਰ ਪੈਂਦੀ ਹੈ ਤਾਂ ਦੇ ਦਿੰਦਾ ਹੈ। ਸੋ ਮਹਾਰਾਜ! ਮੰਗਣਾ ਪੈਂਦਾ ਹੈ, ਨਹੀਂ ਤਾਂ ਮੰਗੇ ਬਗੈਰ ਕੋਈ ਵਿਰਲਾ ਹੀ ਦਿੰਦਾ ਹੈ ਤੇ ਪੁੱਛਗਿੱਛ ਕਰਦਾ ਹੈ। ਮਹਾਰਾਜ ਕਹਿਣ ਲੱਗੇ, ''ਮਰਦਾਨਿਆ! ਨਿਰੰਕਾਰ ਦੇ ਚਾਕਰ ਹੋ ਕੇ ਆਪਾਂ ਸੰਸਾਰ ਦੇ ਅੱਗੇ ਹੱਥ ਅੱਡੀਏ? ਇਹ ਤਾਂ ਠੀਕ ਨਹੀਂ ਹੈ।" ਮਹਾਰਾਜ ਜੀ ਨੇ ਆਪਣੇ ਪੈਰ ਦਾ ਅੰਗੂਠਾ ਜ਼ਮੀਨ ਤੇ ਮਾਰਿਆ ਤੇ ਇਕ ਕੀਮਤੀ ਲਾਲ ਕੱਢ ਕੇ ਮਰਦਾਨੇ ਨੂੰ ਕਹਿਣ ਲੱਗੇ ਕਿ ਇਹ ਚੁੱਕ ਲੈ, ਇਹ ਬੜਾ ਕੀਮਤੀ ਲਾਲ ਹੈ। ਸ਼ਹਿਰ ਦੇ ਵਿਚ ਜਾ ਕੇ ਇਸ ਦੀ ਕੀਮਤ ਪੁੱਛ ਕੇ ਆ ਤੇ ਨਾਲ ਹੀ ਤੂੰ ਪ੍ਰਸ਼ਾਦਾ ਵਗੈਰਾ ਛਕ ਕੇ ਵਾਪਸ ਆ ਜਾਵੀਂ।

ਮਰਦਾਨਾ ਲਾਲ ਲੈ ਕੇ ਤੁਰ ਪਿਆ ਤੇ ਮਹਾਰਾਜ ਨੇ ਸਾਵਧਾਨ ਕੀਤਾ ਕਿ ਕਿਤੇ ਐਵੇਂ ਹੀ ਨਾ ਕੌਡੀਆਂ ਦੇ ਭਾਅ ਸੁੱਟ ਦੇਵੀਂ, ਬੜਾ ਕੀਮਤੀ ਹੈ। ਮਰਦਾਨਾ ਸਬਜ਼ੀ ਫਰੋਸ਼ਾਂ ਦੇ ਬਜ਼ਾਰ ਚਲਾ ਗਿਆ ਤੇ ਕਿਸੇ ਚੰਗੀ ਦੁਕਾਨ ਤੇ ਜਾ ਕੇ ਦੁਕਾਨਦਾਰ ਨੂੰ ਕਹਿਣ ਲੱਗਿਆ, ''ਭਾਈ! ਮੇਰੇ ਕੋਲ ਆਹ ਬੜਾ ਕੀਮਤੀ ਲਾਲ ਹੈ ਤੇ ਇਸ ਦਾ ਕਿੰਨਾ ਕੁ ਮੁੱਲ ਹੋਵੇਗਾ?


Sri Satguru Jagjit Singh Ji eLibrary NamdhariElibrary@gmail.com

ਮੈਨੂੰ ਇਕ ਸੇਰ ਫਲ ਦੇ ਦੇ ਤੇ ਬਾਕੀ ਪੈਸੇ ਵਾਪਸ ਕਰ ਦਿਓ।" ਦੁਕਾਨਦਾਰ ਦੇਖ ਕੇ ਹੱਸ ਪਿਆ ਤੇ ਕਹਿਣ ਲੱਗਾ, "ਆਹ ਪੱਥਰ ਦਾ ਮੁੱਲ; ਤੇਰਾ ਦਿਮਾਗ ਠੀਕ ਹੈ? ਪਰ ਫੇਰ ਵੀ ਦੇਖਣ ਨੂੰ ਸੋਹਣਾ ਲਗਦੈ, ਆਹ ਲੈ ਦੋ ਮੂਲੀਆਂ ਲੈ ਜਾ।" ਮਰਦਾਨਾ ਕਹਿਣ ਲੱਗਾ, "ਸਿਰਫ ਦੋ ਮੂਲੀਆਂ?" ਦੁਕਾਨ ਤੇ ਹੋਰ ਵੀ ਕਈ ਗਾਹਕ ਖੜ੍ਹੇ ਸੀ। ਦੁਕਾਨਦਾਰ ਉਨ੍ਹਾਂ ਨੂੰ ਦਿਖਾ ਕੇ ਕਹਿਣ ਲੱਗਿਆ ਕਿ ਇਹ ਇਸ ਪੱਥਰ ਨੂੰ ਬਹੁ-ਮੁੱਲਾ ਦੱਸ ਰਿਹਾ ਹੈ। ਮਰਦਾਨਾ ਕਹਿਣ ਲੱਗਿਆ, ਭਾਈ! ਵਾਪਸ ਕਰ ਦਿਓ ਤੇ ਲਾਲ ਲੈ ਕੇ ਅੱਗੇ ਹਲਵਾਈ ਦੀ ਦੁਕਾਨ ਤੇ ਦੁਕਾਨਦਾਰ ਨੂੰ ਵਿਖਾ ਕੇ ਇਸ ਦਾ ਮੁੱਲ ਪੁਛਿਆ ਤੇ ਉਸ ਨੇ ਅੱਧ ਸੇਰ ਮਠਿਆਈ ਮੁੱਲ ਪਾਇਆ। ਅੱਗੇ ਬਜਾਜ਼ ਦੀ ਦੁਕਾਨ ਤੇ ਗਿਆ ਤੇ ਉਸ ਨੇ ਦੋ ਗਜ਼ ਕਪੜਾ ਮੁੱਲ ਪਾਇਆ। ਪੁਛਦਾ-ਪੁਛਦਾ ਭਾਈ ਮਰਦਾਨਾ ਜੌਹਰੀਆਂ ਦੇ ਬਜ਼ਾਰ ਪਹੁੰਚਿਆ, ਉਥੇ ਇਕ ਜੌਹਰੀ ਨੂੰ ਦਿਖਾਇਆ, ਉਸ ਨੇ ਦਸ ਰੁਪਏ ਮੁੱਲ ਪਾਇਆ ਪਰ ਮਰਦਾਨੇ ਨੇ ਕਿਹਾ ਕਿ ਭਾਈ, ਮੈਨੂੰ ਸਭ ਤੋਂ ਵੱਡਾ ਜੌਹਰੀ ਦਸ। ਉਸ ਨੇ ਸਾਲਸਰਾਇ ਜੌਹਰੀ ਦੀ ਦਸ ਪਾਈ ਤੇ ਉਸ ਦੀ ਦੁਕਾਨ ਤੇ ਪਹੁੰਚ ਗਿਆ। ਉਥੇ ਉਸ ਦਾ ਨੌਕਰ ਅਧਰੱਕਾ ਸੀ ਜੋ ਉਸ ਨੂੰ ਸਾਲਸਰਾਇ ਪਾਸ ਲੈ ਗਿਆ ਤੇ ਲਾਲ ਦੇਖਦੀ ਸਾਰ ਉਸ ਨੇ ਆਪਣੇ ਨੌਕਰ ਨੂੰ ਕਿਹਾ, "ਬੇਟਾ ਅਧਰੱਕਾ! ਗੱਲੇ ਵਿਚੋਂ ਸੌ ਰੁਪਿਆ ਲੈ ਕੇ ਆ।" ਮਰਦਾਨਾ ਹੈਰਾਨੀ ਨਾਲ ਵੇਖਣ ਲਗ ਪਿਆ ਕਿ ਸ਼ਾਇਦ ਇਹ ਵੀ ਸੌ ਰੁਪਿਆ ਹੀ ਕੀਮਤ ਪਾ ਰਿਹਾ ਹੈ ਤਾਂ ਉਸ ਨੇ ਮਰਦਾਨੇ ਦੇ ਚਿਹਰੇ ਦੇ ਭਾਵਾਂ ਨੂੰ ਦੇਖ ਕੇ ਤਾੜ ਲਿਆ ਤੇ ਕਹਿਣ ਲੱਗਿਆ, "ਭਾਈ! ਦੇਖਣ ਨੂੰ ਤੂੰ ਪਰਦੇਸੀ ਲਗਦਾ ਹੈਂ, ਤੇਰਾ ਨਾਮ ਕੀ ਹੈ ਤੇ ਇਹ ਵੀ ਦੱਸ ਕਿ ਲਾਲ ਤੇਰਾ ਹੈ ਜਾਂ ਕਿਸੇ ਹੋਰ ਦਾ ਹੈ?" ਕਹਿਣ ਲੱਗਿਆ, "ਜੌਹਰੀ ਸਾਹਿਬ! ਮੇਰਾ ਨਾਮ ਮਰਦਾਨਾ ਹੈ ਅਤੇ ਮੈਂ ਗੁਰੂ ਨਾਨਕ ਪਾਤਸ਼ਾਹ ਦਾ ਢਾਡੀ, ਸੇਵਾਦਾਰ ਹਾਂ ਤੇ ਇਹ ਲਾਲ ਵੀ ਮੇਰੇ ਪਾਤਸ਼ਾਹ ਦਾ ਹੀ ਹੈ, ਮੈਨੂੰ ਤਾਂ ਉਨ੍ਹਾਂ ਨੇ ਇਸ ਦਾ ਮੁੱਲ ਪੁੱਛਣ ਵਾਸਤੇ ਘੱਲਿਆ ਹੈ। ਮੈਂ ਹੈਰਾਨ ਤਾਂ ਹੋਇਆਂ ਕਿ ਤੁਸੀਂ ਇਸ ਕੀਮਤੀ ਲਾਲ ਦਾ ਇਹ ਮੁੱਲ ਪਾਇਆ?" ਸਾਲਸਰਾਇ ਜੌਹਰੀ ਕਹਿਣ ਲੱਗਿਆ ਕਿ ਮੈਂ ਇਸ ਦੀ ਕੀਮਤ ਨਹੀਂ, ਕੇਵਲ ਦਰਸ਼ਨ ਭੇਟ ਦੇ ਰਿਹਾ ਹਾਂ। ਉਹ ਆਪਣੇ ਨੌਕਰ ਅਧਰੱਕੇ ਨੂੰ ਮੁਖਾਤਬ ਕਰਕੇ ਕਹਿਣ ਲੱਗਾ ਕਿ ਇਹ ਲਾਲ ਕਿਸੇ ਕਿਸਮਤ ਵਾਲੇ ਨੂੰ ਵੇਖਣ ਨੂੰ ਮਿਲਦਾ ਹੈ, ਇਹ ਬੇਮੁੱਲਾ ਲਾਲ ਹੈ ਇਸ ਦੀ ਕੋਈ ਕੀਮਤ ਨਹੀਂ ਪਾ ਸਕਦਾ। ਸਾਡੇ ਉਸਤਾਦ ਸਾਨੂੰ ਦੱਸਿਆ ਕਰਦੇ ਸੀ ਕਿ ਜੇਕਰ ਕਦੇ ਜ਼ਿੰਦਗੀ ਵਿਚ ਐਸਾ ਲਾਲ ਦੇਖਣਾ ਨਸੀਬ ਹੋ ਜਾਵੇ ਤਾਂ ਗੱਲ ਕਰਨ ਤੋਂ ਪਹਿਲਾਂ ਸੌ ਰੁਪਿਆ ਦਰਸ਼ਨੀ ਭੇਟ ਦੇ ਕੇ ਫੇਰ ਗੱਲ ਕਰਿਓ। ਮਰਦਾਨਾ ਹੈਰਾਨ ਹੋ ਰਿਹਾ ਹੈ ਕਿ ਕਿਸੇ ਨੇ ਦੋ ਮੂਲੀਆਂ ਮੁੱਲ ਪਾਇਆ, ਕਿਸੇ ਨੇ ਅੱਧ ਸੇਰ ਮਠਿਆਈ ਮੁੱਲ ਪਾਇਆ ਤੇ ਕੋਈ ਦੋ ਗਜ਼ ਕਪੜਾ ਦਿੰਦਾ ਹੈ ਤੇ ਕਿਸੇ ਨੇ ਦਸ ਰੁਪਏ ਮੁੱਲ ਪਾਇਆ ਹੈ ਤੇ ਇਕ ਕੇਵਲ ਦੇਖਣ ਦਾ ਹੀ ਸੌ ਰੁਪਿਆ ਦੇ ਰਿਹਾ ਹੈ। ਸਾਲਸਰਾਇ ਕਹਿਣ ਲੱਗਿਆ, "ਭਾਈ ਮਰਦਾਨਾ! ਜੇ ਤੁਸੀਂ ਵੇਚਣਾ ਹੈ ਤਾਂ ਤੁਹਾਨੂੰ ਦੋ ਤਿੰਨ ਮਹੀਨੇ ਠਹਿਰਨਾ ਪਵੇਗਾ। ਹਿੰਦੋਸਤਾਨ ਦੇ ਵੱਡੇ ਜੌਹਰੀਆਂ ਨੂੰ ਬੁਲਵਾ ਕੇ ਇਸ ਦਾ ਮੁੱਲ ਪਵਾਉਣਾ ਪਵੇਗਾ, ਨਹੀਂ ਤਾਂ ਤੁਸੀਂ ਆਹ ਲਾਲ ਵਾਪਸ ਲੈ ਲਵੋ ਤੇ ਆਹ ਸੌ ਰੁਪਿਆ ਇਸ ਦੀ ਦਰਸ਼ਨ ਭੇਟ ਰੱਖ ਲਵੋ ਅਤੇ ਅਸੀਂ ਆਪ ਦੇ ਧੰਨਵਾਦੀ ਹਾਂ ਕਿ ਤੁਸੀਂ ਸਾਨੂੰ ਐਨੇ ਕੀਮਤੀ ਲਾਲ ਦੇ ਦਰਸ਼ਨ ਕਰਵਾ ਦਿਤੇ।" ਮਰਦਾਨਾ ਕਹਿਣ ਲੱਗਿਆ ਕਿ ਮੇਰੇ ਸਤਿਗੁਰੂ ਜੀ ਨੇ ਸੌ ਰੁਪਿਆ ਨਹੀਂ ਲੈਣਾ, ਇਹ ਤੁਸੀਂ ਰੱਖ ਲਵੋ। ਸਾਲਸਰਾਇ ਕਹਿਣ ਲੱਗਿਆ, "ਇਹ ਤੁਸੀਂ ਰੱਖੋ ਤੇ ਮੈਨੂੰ ਇਹ ਦੱਸੋ ਕਿ ਤੁਹਾਡੇ ਸਤਿਗੁਰੂ ਜੀ ਦਾ ਨਾਮ ਕੀ ਹੈ?" ਕਹਿਣ ਲੱਗਾ, "ਗੁਰੂ ਨਾਨਕ ਨਿਰੰਕਾਰੀ।" ਅੱਛਾ ਇਹ ਓਹੀ ਗੁਰੂ ਨਾਨਕ ਜੀ ਹਨ ਜਿਹੜੇ ਕਲਜੁਗੀ ਜੀਵਾਂ ਨੂੰ ਤਾਰਨ ਲਈ ਸੰਸਾਰ ਦਾ ਉਧਾਰ ਕਰ ਰਹੇ ਹਨ। ਮਰਦਾਨਾ ਕਹਿਣ ਲੱਗਾ, "ਹਾਂ! ਇਹ ਉਹ ਹੀ ਹਨ।" "ਮੈਂ ਨਾਉਂ ਤਾਂ ਉਨ੍ਹਾਂ ਦਾ ਉਡਦਾ ਉਡਦਾ ਸੁਣਿਆ ਹੈ ਕਿ ਕਲਜੁਗ ਵਿਚ ਤਾਰਨ ਵਾਲਾ ਗੁਰੂ ਅਵਤਾਰ ਆ ਗਿਆ ਹੈ, ਤੇ ਸਾਰੀਆਂ ਸ਼ਕਤੀਆਂ ਲੈ ਕੇ ਠਾਕੁਰ ਆਪ ਮਨੁੱਖ ਜਾਮੇ ਵਿਚ ਪ੍ਰਗਟ ਹੋਇਆ ਹੈ। ਇਹ ਦੱਸੋ ਕਿ ਉਨ੍ਹਾਂ ਨਾਲ ਹੋਰ ਕਿੰਨੇ ਕੁ ਸੰਤ ਹਨ?" ਮਰਦਾਨਾ ਕਹਿਣ ਲੱਗਿਆ ਕਿ ਕਦੀ ਕਦੀ ਤਾਂ ਸੈਂਕੜੇ ਵੀ ਹੋ ਜਾਂਦੇ ਹਨ ਪਰ ਹੁਣ ਤਾਂ ਅਸੀਂ ਤਿੰਨੇ ਹਾਂ, ਮੈਂ ਹਾਂ, ਭਾਈ ਬਾਲਾ ਹੈ ਤੇ ਗੁਰੂ ਮਹਾਰਾਜ ਜੀ ਹਨ। ਸਾਲਸਰਾਇ ਨੇ ਆਪਣੇ ਨੌਕਰ ਨੂੰ ਕਿਹਾ ਕਿ ਬੇਟਾ ਅਧਰੱਕਾ, ਘਰ ਜਾ ਕੇ ਪੰਜ ਸੱਤ ਬੰਦਿਆਂ ਦਾ ਆਹਾਰ ਤਿਆਰ ਕਰਵਾ, ਬਜ਼ਾਰ ਜਾ ਕੇ ਸ਼ੁੱਧ ਮਠਿਆਈ ਲੈ ਕੇ ਆਵੀਂ ਤੇ ਬਾਗ ਵਿਚੋਂ ਤਾਜੇ ਫਲ ਤੋੜ ਕੇ ਲਿਆਵੀਂ। ਇਧਰੋਂ ਇਹ ਤਿਆਰੀ ਕਰਨ ਲਗ ਪਏ ਤੇ ਉਧਰ ਭਾਈ ਮਰਦਾਨਾ ਗੁਰੂ ਮਹਾਰਾਜ ਜੀ ਪਾਸ ਪਹੁੰਚ ਗਿਆ। ਨਮਸ਼ਕਾਰ ਕਰਕੇ ਕਹਿਣ ਲੱਗਿਆ, "ਮਹਾਰਾਜ! ਮੈਂ ਤਾਂ ਹੈਰਾਨ ਹੋਈ ਜਾਂਦਾ ਹਾਂ ਕਿ ਆਪ ਕੀ ਕੌਤਕ ਵਰਤਾ ਰਹੇ ਹੋ?" ਮਹਾਰਾਜ ਕਹਿਣ ਲੱਗੇ, "ਮਰਦਾਨਿਆ! ਆਹ ਕੀ ਲੈ ਆਇਆਂ; ਨਾਲੇ ਲਾਲ ਤੇ ਨਾਲ ਸੌ ਰੁਪਿਆ?" ਕਹਿਣ ਲੱਗਾ, "ਮਹਾਰਾਜ! ਇਸ ਲਾਲ ਦੀ ਕੀਮਤ ਕੋਈ ਦੋ ਮੂਲੀਆਂ, ਕੋਈ ਅੱਧ ਸੇਰ ਮਠਿਆਈ ਤੇ ਕੋਈ ਦੋ ਗਜ਼ ਕਪੜਾ ਦੇ ਰਿਹਾ ਸੀ ਤੇ ਕੋਈ ਦੱਸ ਰੁਪਏ ਦੇ ਰਿਹਾ ਸੀ, ਆਹ ਦਰਸ਼ਨ ਕਰਨ ਦੀ ਭੇਟਾ ਸੌ ਰੁਪਿਆ ਹੈ। ਮੈਂ ਉਦੋਂ ਦਾ ਹੀ ਹੈਰਾਨ ਹੋ ਰਿਹਾ ਹਾਂ ਕਿ ਦੁਨੀਆਂ ਦੀ ਅਕਲ ਨੂੰ ਕੀ ਹੋ ਗਿਆ।" ਮਹਾਰਾਜ ਕਹਿਣ ਲੱਗੇ, "ਮਰਦਾਨਿਆ! ਇਸੇ ਕਰਕੇ ਅਸੀਂ ਤੈਨੂੰ ਕਿਹਾ ਕਰਦੇ ਹਾਂ ਕਿ ਸੰਸਾਰ ਨੂੰ ਨਾਮ ਦੀ ਕੀਮਤ ਦਾ ਪਤਾ ਨਹੀਂ ਹੈ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***

***ਪੰਨਾ – 81***

ਸੰਸਾਰ ਨੂੰ ਇਸ ਦੀ ਕੀਮਤ ਦਾ ਪਤਾ ਨਹੀਂ ਹੈ। ਇਸ ਨੂੰ ਤਾਂ ਵਿਸ਼ੇ ਵਿਕਾਰਾਂ ਦੀ ਕੀਮਤ ਦਾ ਪਤਾ ਹੈ, ਭੋਗਾਂ ਦੀ ਕੀਮਤ ਦਾ ਪਤਾ ਹੈ, ਸ਼ਰਾਬ ਦੀ ਬੋਤਲ ਦੀ ਕੀਮਤ ਦਾ ਪਤਾ ਹੈ, ਜ਼ਮੀਨ ਖਰੀਦਣੀ ਹੈ, ਪਲਾਟ ਖਰੀਦਣ ਦਾ ਪਤਾ ਹੈ, ਪਸ਼ੂ ਖਰੀਦਣ ਦਾ ਪਤਾ ਹੈ, ਹੋਰ ਸਵਾਰੀਆਂ, ਸੰਸਾਰਕ ਵਸਤੂਆਂ ਖਰੀਦਣੀਆਂ ਹਨ, ਉਨ੍ਹਾਂ ਦਾ ਪਤਾ ਹੈ ਲੇਕਿਨ ਨਾਮ ਦੀ ਕੀਮਤ ਨਹੀਂ ਜਾਣਦਾ ਕਿ ਇਹ ਕਿੰਨੀ ਅਮੋਲਕ ਵਸਤੂ ਹੈ।

ਗੁਰੂ ਮਹਾਰਾਜ ਮਰਦਾਨੇ ਨਾਲ ਇਹ ਬਚਨ ਕਰ ਰਹੇ ਸਨ ਤੇ ਐਨੇ ਚਿਰ ਵਿਚ ਸਾਲਸਰਾਇ ਵੀ ਪਹੁੰਚ ਗਿਆ ਤੇ ਨਮਸ਼ਕਾਰ ਕਰਕੇ ਕਹਿਣ ਲੱਗਾ, "ਹਜ਼ੂਰ! ਇਹ ਬੜਾ ਕੀਮਤੀ ਲਾਲ ਹੈ।" ਮਹਾਰਾਜ ਕਹਿਣ ਲੱਗੇ, "ਭਾਈ! ਇਹਦੇ ਵਿਚ



Sri Satguru Jagjit Singh Ji eLibrary NamdhariElibrary@gmail.com

ਕੀਮਤ ਦੀ ਕਿਹੜੀ ਗੱਲ ਹੈ, ਇਹ ਤਾਂ ਕੇਵਲ ਪੱਥਰ ਹੈ।" ਸਾਲਸਰਾਇ ਨੇ ਸੁਆਲ ਕੀਤਾ ਕਿ ਮਹਾਰਾਜ! ਇਸ ਤੋਂ ਕੋਈ ਹੋਰ ਵੀ ਕੀਮਤੀ ਚੀਜ਼ਾਂ ਹਨ? ਮਹਾਰਾਜ ਨੇ ਫੁਰਮਾਨ ਕੀਤਾ ਕਿ ਹਾਂ, ਉਹ ਕੀਮਤੀ ਚੀਜ਼ ਤੇਰੇ ਅੰਦਰ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥*** ***ਪੰਨਾ – 293***

ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ ਨਾਮ ਤੇਰੇ ਅੰਦਰ ਭਰਪੂਰ ਹੈ ਤੇ ਰੋਮ ਰੋਮ ਵਿਚ ਰਚਿਆ ਹੋਇਆ ਹੈ। ਤੇਰੇ ਅੰਦਰ ਨਾਮ ਦਾ ਵਾਸਾ ਹੈ ਪਰ ਕੋਈ ਵੀ ਉਸ ਨਾਮ ਨੂੰ ਬੁੱਝਦਾ ਨਹੀਂ ਹੈ। ਸਾਲਸਰਾਇ! ਇਹ ਪੱਥਰ ਕੀ ਅਰਥ ਰੱਖਦੈ ਨਾਮ ਦੇ ਮੁਕਾਬਲੇ ਵਿਚ, ਇਸ ਦੀ ਕੀਮਤ ਕਰੋੜ ਰੁਪਿਆ ਹੋ ਸਕਦੀ ਹੈ, ਲੇਕਿਨ ਨਾਮ ਦੀ ਤਾਂ ਕੋਈ ਕੀਮਤ ਹੀ ਨਹੀਂ ਹੈ। ਉਸ ਵਿਚ ਐਨੀ ਬਰਕਤ ਹੈ ਕਿ ਉਸ ਦੀ ਕੀਮਤ ਕੋਈ ਵੀ ਨਹੀਂ ਪਾ ਸਕਦਾ। ਮਹਾਰਾਜ ਕਹਿਣ ਲੱਗੇ ਕਿ ਸਾਲਸਰਾਇ! ਲਗਦਾ ਹੈ ਕਿ ਤੂੰ ਸਾਧੂਆਂ ਦੀ ਸੰਗਤ ਕਰਦਾ ਹੋਵੇਂਗਾ ਤੇ ਫੇਰ ਤੈਨੂੰ ਪਤਾ ਹੋਣੈ ਕਿ ਤ੍ਰੇਤੇ ਯੁੱਗ ਵਿਚ ਇਕ ਰਾਜਾ ਸੀ ਜੋ ਗ੍ਰਿਹਸਤੀ ਹੋਣ ਦੇ ਨਾਲ ਨਾਲ ਪੂਰਨ ਬ੍ਰਹਮਗਿਆਨੀ ਵੀ ਸੀ ਅਤੇ ਉਸ ਦਾ ਨਾਮ ਰਾਜਾ ਜਨਕ ਸੀ। ਉਸ ਨੂੰ ਨਾਮ ਦੀ ਕੀਮਤ ਦਾ ਪਤਾ ਸੀ ਤੇ ਉਸ ਨੇ ਨਾਮ ਦੀ ਕੀਮਤ ਦਸਣ ਵਾਸਤੇ ਥੋੜ੍ਹਾ ਜਿਹਾ ਯਤਨ ਕੀਤਾ ਸੀ। ਕਹਿਣ ਲੱਗਿਆ, ਮਹਾਰਾਜ! ਕ੍ਰਿਪਾ ਕਰਕੇ ਉਸ ਬਾਰੇ ਦੱਸੋ ਤਾਂ। ਉਸ ਬਾਰੇ ਭਾਈ ਗੁਰਦਾਸ ਜੀ ਨੇ ਇਸ ਗੱਲ ਨੂੰ ਬਹੁਤ ਮਿਸਾਲਾਂ ਨਾਲ ਬਹੁਤ ਖੋਲ੍ਹ ਕੇ ਦੱਸਿਆ ਹੈ ਤੇ ਰਾਜੇ ਜਨਕ ਦੀ ਮਿਸਾਲ ਦਿੰਦੇ ਹੋਏ ਇਸ ਤਰ੍ਹਾਂ ਫੁਰਮਾਨ ਕੀਤਾ ਹੈ –

***ਧਾਰਨਾ – ਮਾਇਆ ਵਿਚ ਉਦਾਸੀ,***
***ਗੁਰਮੁਖ ਪਿਆਰਾ-ਗੁਰਮੁਖ ਪਿਆਰਾ –2, 2.***
***ਗੁਰਮੁਖ ਪਿਆਰਾ –2, 2.***
***ਮਾਇਆ ਵਿਚ ਉਦਾਸੀ, ....–2.***

***ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।***
***ਭਾਈ ਗੁਰਦਾਸ ਜੀ, ਵਾਰ 10/5***

ਰਾਜਾ ਜਨਕ ਰਾਜਾ ਹੁੰਦਿਆਂ ਹੋਇਆਂ ਵੀ ਵੱਡਾ ਭਗਤ ਹੈ ਤੇ ਉਸ ਨੂੰ ਗੁਰਮੁਖ ਦੀ, ਬ੍ਰਹਮਗਿਆਨੀ ਦੀ, ਮਹਾਂਪੁਰਸ਼ ਦੀ ਪਦਵੀ ਪ੍ਰਾਪਤ ਹੈ ਭਾਵੇਂ ਰਾਜ ਕਰਦਾ ਹੈ। ਰਾਜ ਦੇ ਪ੍ਰਬੰਧ ਵਿਚ ਬੰਦੇ ਵੀ ਮਾਰਦੈ, ਯੁੱਧ ਵੀ ਕਰਦੈ, ਸਜਾਵਾਂ ਵੀ ਦਿੰਦਾ ਹੈ; ਰਾਣੀਆਂ ਵੀ ਹਨ, ਸਾਰੇ ਭੋਗ ਹਨ, ਬੇਅੰਤ ਖਜ਼ਾਨਿਆਂ ਦਾ ਮਾਲਕ ਹੈ ਲੇਕਿਨ ਸਭ ਕੁਝ ਕਰਦਾ ਹੋਇਆ ਫੇਰ ਵੀ ਮਾਇਆ ਵਿਚ ਉਦਾਸੀ ਹੈ।

ਮਾਇਆ ਦਾ ਸਾਨੂੰ ਬਹੁਤ ਵੱਡਾ ਭੁਲੇਖਾ ਹੈ ਕਿ ਸ਼ਾਇਦ ਪੈਸੇ ਟਕੇ ਨੂੰ ਮਾਇਆ ਕਿਹਾ ਜਾਂਦਾ ਹੈ। ਮਾਇਆ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਕਿਉਂਕਿ ਕੇਵਲ ਪੈਸੇ ਨੂੰ ਹੀ ਮਾਇਆ ਨਹੀਂ ਕਹਿੰਦੇ, ਮਾਇਆ ਉਹ ਹੈ ਜਿਹੜੀ ਆਦਮੀ ਨੂੰ ਭੁਲਾ ਕੇ ਰਖਦੀ ਹੈ ਅਤੇ ਇਸ ਦਾ ਦੂਜਾ ਨਾਉਂ ਹਉਮੈ ਹੈ, ego ਹੈ, illusion (ਭਰਮ) ਹੈ, (ignorance) ਅਵਿਦਿਆ ਹੈ, ਇਸ ਦੇ ਬਹੁਤ ਨਾਮ ਹਨ ਲੇਕਿਨ ਸਾਰੇ ਇਕ ਦੂਜੇ ਦੇ ਨੇੜੇ ਨੇੜੇ ਹਨ, ਇਕ ਦੂਜੇ ਵਿਚ ਮਾਮੂਲੀ-ਮਾਮੂਲੀ ਫਰਕ ਹੈ। ਪਰ ਸਾਰੇ ਇਕੋ ਘੇਰ ਵਿਚ ਆ ਜਾਂਦੇ ਹਨ –

***ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥***
***ਪੰਨਾ – 921***

ਜਿਹੜੀ ਚੀਜ਼ ਪ੍ਰਮੇਸ਼ਰ ਨੂੰ ਭੁਲਾ ਦੇਵੇ ਉਸ ਨੂੰ ਮਾਇਆ ਕਹਿੰਦੇ ਹਨ ਅਤੇ ਮਾਇਆ ਦਿਸਦੀ ਹੈ ਪਰ ਪ੍ਰਮੇਸ਼ਰ ਨਹੀਂ ਦਿਸਦਾ। ਪਰ ਇਹ ਪਹਿਲੀ ਅਵਸਥਾ ਦੀ ਗੱਲ ਹੈ, ਬ੍ਰਹਮਗਿਆਨੀ ਦੀ ਇਹ ਗੱਲ ਨਹੀਂ ਹੈ ਕਿਉਂਕਿ ਬ੍ਰਹਮਗਿਆਨ ਵਿਚ ਤਾਂ ਮਾਇਆ ਲੇਸ ਮਾਤਰ ਵੀ ਨਹੀਂ ਹੈ ਤੇ ਕੇਵਲ ਪ੍ਰਮੇਸ਼ਰ ਹੀ ਪ੍ਰਮੇਸ਼ਰ ਹੈ। ਆਮ ਅਵਸਥਾ ਵਿਚ ਮਾਇਆ ਦਿਸਦੀ ਹੈ, ਵਾਹਿਗੁਰੂ ਨਹੀਂ ਦਿਸਦਾ। ਮਾਇਆ ਦੇ ਵਿਚ ਦੋ ਚੀਜ਼ਾਂ ਹਨ – ਇਕ ਨਾਮ ਤੇ ਦੂਜਾ ਰੂਪ ਹੁੰਦਾ ਹੈ। ਜਿਸ ਚੀਜ਼ ਦਾ ਨਾਮ ਤੇ ਰੂਪ ਹੈ, ਉਸ ਨੂੰ ਮਾਇਆ ਆਖਦੇ ਹਨ। ਪ੍ਰਮੇਸ਼ਰ ਦਾ ਨਾ ਹੀ ਕੋਈ ਨਾਉਂ ਹੈ ਅਤੇ ਨਾ ਹੀ ਕੋਈ ਰੂਪ ਹੈ –

***ਨਹੀ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥***
***ਕਹਾ ਨਾਮ ਤਾਕੋ ਕਹਾ ਕੈ ਕਹਾਵੈ॥***
***ਕਹਾ ਮੈ ਬਖਾਨੋ ਕਹੇ ਮੋ ਨ ਆਵੈ॥***

***ਅਕਾਲ ਉਸਤਤਿ***

ਅਸੀਂ ਕਹਿੰਦੇ ਹਾਂ ਕਿ ਜਿਸ ਨੂੰ ਅਸੀਂ ਪ੍ਰਮੇਸ਼ਰ ਕਹਿੰਦੇ ਹਾਂ ਜਾਂ ਰਾਮ ਜਾਂ ਅੱਲਾਹ ਕਹਿੰਦੇ ਹਾਂ, ਕੀ ਉਹ ਨਾਮ ਨਹੀਂ ਹੈ? ਸਾਧਸੰਗਤ ਜੀ! ਉਸ ਦਾ ਕੋਈ ਨਾਮ ਨਹੀਂ ਹੈ, ਉਸ ਦੀ ਸਿਫਤ ਨੂੰ ਵਰਨਣ ਕਰਨ ਵਾਸਤੇ ਨਾਮ ਰੱਖਿਆ ਗਿਆ ਹੈ। ਉਹ ਰਮਿਆ ਹੋਇਆ ਹੋਣ ਕਰਕੇ ਉਸ ਨੂੰ ਰਾਮ ਕਿਹਾ ਜਾਂਦਾ ਹੈ, ਸਭ ਤੋਂ ਉਚਾ ਹੋਣ ਕਰਕੇ ਉਸ ਨੂੰ ਅੱਲਾਹ ਤਾਲਾ ਕਿਹਾ ਜਾਂਦਾ ਹੈ, ਪਾਪਾਂ ਦੇ ਨਾਸ਼ ਕਰਨ ਵਾਲਾ ਹੋਣ ਕਰਕੇ ਉਸ ਨੂੰ ਹਰੀ ਆਖਿਆ ਜਾਂਦਾ ਹੈ। ਅਸਚਰਜ ਰੂਪ ਹੋਣ ਕਰਕੇ ਉਸ ਨੂੰ ਵਾਹਿਗੁਰੂ ਕਹਿੰਦੇ ਹਨ ਲੇਕਿਨ ਉਸ ਦਾ ਕੋਈ ਸਮੁੱਚਾ ਨਾਮ ਨਹੀਂ ਹੈ ਜਿਸ ਵਿਚ ਉਹ ਸਭ ਕੁਝ ਆ ਜਾਵੇ। ਜੇਕਰ ਉਸ ਦਾ ਕੋਈ ਨਾਮ ਹੈ ਤਾਂ ਉਹ 'ਸਤਿਨਾਮ' ਹੈ, ***'ਸਤਿਨਾਮ ਤੇਰਾ ਪਰਾ ਪੂਰਬਲਾ'*** ਉਸ ਦਾ ਨਾਮ ਸਤਿ ਹੈ। ਹੋਰ ਕੋਈ ਉਸ ਦਾ ਨਾਮ ਨਹੀਂ ਹੈ ਕਿਉਂਕਿ ਜਿਹੜੀ ਉਸ ਦੀ ਹੋਂਦ ਹੈ, ਉਹ ਹੀ ਉਸ ਦਾ ਨਾਮ ਹੈ।

ਜਿਹੜੀ ਚੀਜ਼ ਦਾ ਰੂਪ ਤੇ ਨਾਮ ਹੈ, ਕਿਸੇ ਪਾਸੇ ਦੇਖ ਲਵੋ, ਉਹ ਕੇਵਲ ਮਾਇਆ ਹੀ ਮਾਇਆ ਹੈ। ਕ੍ਰਿਸ਼ਨ ਮਹਾਰਾਜ ਅਰਜਨ ਨੂੰ ਉਪਦੇਸ਼ ਦਿੰਦੇ ਹੋਏ ਕਹਿਣ ਲੱਗੇ, "ਹੇ ਅਰਜਨ! ਮਾਇਆ ਐਸੀ ਪ੍ਰਬਲ ਹੈ ਕਿ ਵੱਡਿਆਂ ਵੱਡਿਆਂ ਨੂੰ ਭੁੱਲਾ ਦਿੰਦੀ ਹੈ। ਕੋਈ ਵੀ ਸੰਸਾਰ ਦੇ ਅੰਦਰ ਇਹ ਦਾਅਵਾ ਨਹੀਂ ਕਰ ਸਕਦਾ ਕਿ ਮੈਂ ਮਾਇਆ ਨੂੰ ਤਰ ਲਿਆ ਹੈ, ਪਾਰ ਕਰ ਲਿਆ ਹੈ ਕਿਉਂਕਿ ਮਾਇਆ ਇਕ ਗੁਬਾਰ ਹੈ ਅਤੇ ਗੁਰੂ ਤੋਂ ਬਗੈਰ ਮਾਇਆ ਦਾ ਭਵਸਾਗਰ ਤਰਨਾ ਮੁਸ਼ਕਲ ਹੈ –

***ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ॥***
***ਸਬਦਿ ਲਗੈ ਤਿਨ ਬੁਝਿਆ ਦੂਜੈ ਪਰਜ ਵਿਗੋਈ॥***
***ਪੰਨਾ – 559***

ਉਹ ਤਾਂ ਅਗਿਆਨਤਾ ਤੇ ਭੁੱਲਣ ਦਾ ਇਕ ਛਲਾਵਾ



Sri Satguru Jagjit Singh Ji eLibrary NamdhariElibrary@gmail.com

ਹੈ, ਐਸਾ ਛਲ ਹੈ ਕਿ ਮਨੁੱਖ ਭੁੱਲ ਜਾਂਦਾ ਹੈ। ਪ੍ਰਮੇਸ਼ਰ ਦੀ ਮਾਇਆ ਨੂੰ ਤਾਂ ਇਕ ਪਾਸੇ ਛੱਡੋ, ਆਹ ਮਨੁੱਖ ਦੀ ਮਾਇਆ ਦਾ ਹੀ ਅੰਤ ਨਹੀਂ ਹੈ। ਜਿਵੇਂ ਸਿਨਮਾ ਹੈ, ਇਹ ਕੇਵਲ ਮਨੁੱਖ ਦੀ ਮਾਇਆ ਹੈ। ਇਹ ਮਸ਼ੀਨ ਦੇ ਰਾਹੀਂ ਪਰਦੇ ਤੇ ਫਿਲਮ ਦਿਖਾਈ ਜਾਂਦੀ ਹੈ ਤੇ ਦੇਖਣ ਵਾਲੇ ਐਨਾ ਭੁੱਲ ਜਾਂਦੇ ਹਨ ਕਿ ਹਾਲ ਵਿਚ ਬੈਠ ਕੇ ਰੋਣ ਲਗ ਜਾਂਦੇ ਹਨ, ਰੁਮਾਲ ਲੈ ਕੇ ਅੱਖਾਂ ਦੇ ਹੰਝੂ ਪੂੰਝ ਰਹੇ ਹੁੰਦੇ ਹਨ ਕਿ ਬਈ ਬੜਾ ਮਾੜਾ ਕੰਮ ਹੋਇਆ, ਇਹ ਤਾਂ ਮਰ ਗਿਆ ਪਰ ਅਸਲ ਵਿਚ ਕੁਝ ਵੀ ਉਥੇ ਹੋਇਆ ਨਹੀਂ, ਕੇਵਲ ਪਰਦੇ ਤੇ ਰੀਲ੍ਹ ਚਲ ਰਹੀ ਹੈ ਤੇ ਵੇਖ ਲਓ ਮਨੁੱਖ ਨੂੰ ਮਾਇਆ ਨੇ ਕਿਵੇਂ ਭੁਲਾ ਦਿਤਾ।

ਇਕ ਦ੍ਰਿਸ਼ਟਾਂਤ ਨਾਲ ਪੂਰੀ ਤਰ੍ਹਾਂ ਸਮਝ ਆ ਜਾਵੇਗੀ। ਕਿਸੇ ਦੇਸ਼ ਵਿਚ ਇਕ ਰਾਜਾ ਰਾਜ ਕਰਦਾ ਸੀ, ਉਸ ਦੇ ਦਰਬਾਰ ਵਿਚ ਇਕ ਮਦਾਰੀ ਆਇਆ ਤੇ ਰਾਜੇ ਨੂੰ ਅਰਜ਼ ਕੀਤੀ ਕਿ ਮਹਾਰਾਜ! ਜੇ ਤੁਸੀਂ ਮੈਨੂੰ ਆਗਿਆ ਦੇਵੋਂ ਤਾਂ ਮੈਂ ਆਪ ਨੂੰ ਬਹੁਤ ਵਧੀਆ ਤਮਾਸ਼ਾ ਦਿਖਾਵਾਂਗਾ ਜਿਸ ਨਾਲ ਤੁਹਾਡਾ ਮਨ ਬੜਾ ਪ੍ਰਸੰਨ ਹੋ ਜਾਵੇਗਾ। ਰਾਜਾ ਕਹਿਣ ਲੱਗਾ ਦੇਖ ਭਾਈ ਬਾਜੀਗਰ! ਸਾਡੀ ਜ਼ਿੰਦਗੀ ਲੰਘ ਗਈ ਤਮਾਸ਼ੇ ਦੇਖਦੇ ਦੇਖਦੇ ਪਰ ਤੂੰ ਕੋਈ ਅਲੌਕਿਕ ਤਮਾਸ਼ਾ ਦਿਖਾ। ਮਦਾਰੀ ਕਹਿਣ ਲੱਗਾ ਕਿ ਮਹਾਰਾਜ! ਕਿਹੋ ਜਿਹਾ ਤਮਾਸ਼ਾ ਆਪ ਪਸੰਦ ਕਰੋਂਗੇ? ਕਹਿਣ ਲੱਗੇ ਕਿ ਹੋਵੇ ਸਭ ਕੁਝ, ਪਰ ਹੋਵੇ ਕੁਝ ਵੀ ਨਾ; ਦਿਸਣ ਨੂੰ ਸਭ ਨਜ਼ਰ ਆਵੇ ਪਰ ਉਸ ਦਾ ਅਧਾਰ (base) ਕੋਈ ਨਾ ਹੋਵੇ। ਹੁਣ ਆਪਾਂ ਹੀ ਅੰਦਾਜ਼ਾ ਲਾਈਏ ਤਾਂ ਹੈਰਾਨੀ ਵਾਲੀ ਗੱਲ ਹੈ ਕਿ ਇਹ ਕਿਹੜੀ ਗੱਲ ਕਹਿ ਦਿਤੀ ਕਿ ਹੋਵੇ ਸਭ ਕੁਝ ਪਰ ਹੋਵੇ ਕੁਝ ਨਾ। ਮਦਾਰੀ ਕਹਿਣ ਲੱਗਾ ਕਿ ਮੈਂ ਆਪ ਨੂੰ ਤਮਾਸ਼ਾ ਤਾਂ ਦਿਖਾ ਦਿਆਂਗਾ ਜੇ ਤੁਸੀਂ ਮੇਰੀ ਮਰਜ਼ੀ ਨਾਲ ਦੇਖਣਾ ਚਾਹੁੰਦੇ ਹੋ ਤਾਂ ਮੈਂ ਆਪ ਨੂੰ ਦੱਸਾਂ? ਕਹਿਣ ਲੱਗੇ, ਦੱਸ। ਉਸ ਨੇ ਕਿਹਾ ਕਿ ਮੈਂ ਐਸੇ ਮੰਤਰ ਜਾਣਦਾ ਹਾਂ ਕਿ ਮੈਂ ਸਵਰਗ ਲੋਕ ਵਿਚ ਜਾ ਕੇ ਦੇਵਤਿਆਂ ਦੇ ਨਾਲ ਯੁੱਧ ਕਰ ਸਕਦਾ ਹਾਂ ਤੇ ਜੇ ਤੁਹਾਡੀ ਇੱਛਾ ਹੋਵੇ ਤਾਂ ਮੈਂ ਤੁਹਾਨੂੰ ਸਵਰਗ ਦੇ ਦੇਵਤਿਆਂ ਦੇ ਦਰਸ਼ਨ ਵੀ ਕਰਵਾ ਦਿਆਂਗਾ। ਰਾਜਾ ਕਹਿਣ ਲੱਗਾ ਕਿ ਇਹ ਤਾਂ ਬਹੁਤ ਵਧੀਆ ਗੱਲ ਹੈ। ਮਦਾਰੀ ਨੇ ਕਿਹਾ ਕਿ ਮੈਨੂੰ ਜਾਣਾ ਪੈਣਾ ਹੈ ਪਰ ਮੇਰੀ ਪਤੀਬਰਤਾ ਇਸਤ੍ਰੀ ਮੇਰੇ ਨਾਲ ਹੈ। ਜੇਕਰ ਤੁਸੀਂ ਇਸ ਨੂੰ ਆਪਣੀ ਲੜਕੀ ਬਣਾ ਕੇ ਰੱਖ ਸਕੋਂ ਤਾਂ ਮੈਂ ਫੇਰ ਤੁਹਾਨੂੰ ਦੇਵਤਿਆਂ ਨਾਲ ਯੁੱਧ ਕਰਕੇ ਦਿਖਾਵਾਂਗਾ। ਜੇਕਰ ਮੈਂ ਦੇਵਤਿਆਂ ਨਾਲ ਯੁੱਧ ਕਰਦਾ ਹੋਇਆ ਚੜ੍ਹਾਈ ਕਰ ਗਿਆ ਤਾਂ ਫਿਰ ਇਹਨੇ ਜੀਉਂਦੀ ਨਹੀਂ ਰਹਿਣਾ। ਤੁਸੀਂ ਇਸ ਨੂੰ ਮੇਰੇ ਮ੍ਰਿਤਕ ਸਰੀਰ ਦੇ ਨਾਲ ਹੀ ਸਤੀ ਹੋ ਜਾਣ ਦੇਣਾ। ਰਾਜਾ ਕਹਿਣ ਲੱਗਿਆ ਕਿ ਐਨਾ ਖਤਰਨਾਕ ਨਤੀਜਾ ਵੀ ਹੋ ਸਕਦਾ ਹੈ? ਕਹਿਣ ਲੱਗਿਆ, ਹਜ਼ੂਰ! ਮੈਂ ਯੁੱਧ ਕਰਦਾ ਹੋਇਆ ਮਾਰਿਆ ਵੀ ਜਾ ਸਕਦਾ ਹਾਂ। ਰਾਜਾ ਆਪਣੀ ਪਰਜਾ ਦੀ ਹਾਜ਼ਰੀ ਵਿਚ ਕਹਿਣ ਲੱਗਿਆ ਕਿ ਮੈਂ ਤੇ ਮੇਰੀ ਪਰਜਾ ਅਸੀਂ ਬਚਨ ਦਿੰਦੇ ਹਾਂ ਕਿ ਇਹ ਮੇਰੀ ਲੜਕੀ ਹੋਏਗੀ ਤੇ ਇਹ ਮੇਰੀ ਲੜਕੀ ਦੇ ਮਹਿਲਾਂ ਵਿਚ ਹੀ ਰਹੇਗੀ। ਦੇਖਦੇ ਦੇਖਦੇ ਉਸ ਨੇ ਇਕ ਵੱਡਾ ਸਾਰਾ ਗੋਲਾ ਕੱਢਿਆ ਤੇ ਅਕਾਸ਼ ਵਲ ਨੂੰ ਮਾਰਿਆ ਤੇ ਉਸ ਦੀ ਕਮੰਦ ਪੈ ਗਈ ਤੇ ਹੇਠ ਰੱਸੀ ਬਣ ਗਈ ਤੇ ਉਹ ਅਸਮਾਨ ਵਲ ਨੂੰ ਚੜ੍ਹਦਾ ਜਾ ਰਿਹਾ ਹੈ। ਕਾਫੀ ਦੇਰ ਬਾਅਦ ਉਹ ਡੋਰ ਖਿੱਚਣੀ ਸ਼ੁਰੂ ਕਰ ਦਿਤੀ ਤੇ ਉਪਰ ਪਹੁੰਚ ਗਿਆ ਤੇ ਦਿਸਣਾ ਬੰਦ ਹੋ ਗਿਆ। ਥੋੜ੍ਹੀ ਦੇਰ ਬਾਅਦ ਰੌਲਾ ਪੈ ਗਿਆ ਤੇ ਸੰਖ ਵਜਣੇ ਸ਼ੁਰੂ ਹੋ ਗਏ, ਦੇਵਤਿਆਂ ਦੇ ਨਾਲ ਲੜਾਈ ਸ਼ੁਰੂ ਹੋ ਗਈ ਤੇ ਉਪਰੋਂ ਅਵਾਜ਼ਾਂ ਆ ਰਹੀਆਂ ਹਨ ਜਿਵੇਂ ਲਾਊਡ ਸਪੀਕਰ ਵਿਚੋਂ ਬੋਲ ਰਿਹਾ ਹੁੰਦੈ ਕਿ ਐ ਰਾਜਨ! ਆਹ ਜਿਹੜਾ ਰੁੜ੍ਹਿਆ ਆ ਰਿਹੈ, ਇਹ ਪਵਨ ਦੇਵਤਾ ਹੈ। ਇਸ ਦੇ ਮੂੰਹ ਤੋਂ ਹਵਾ ਬਹੁਤ ਜ਼ੋਰ ਦੀ ਅਨ੍ਹੇਰੀ ਵਾਂਗ ਚਲ ਪਈ ਤੇ ਸਾਰਾ ਸਮਾਨ ਹਿੱਲਣ ਲਗ ਪਿਆ। ਥੋੜ੍ਹੀ ਦੇਰ ਬਾਅਦ ਅਗਨ ਦੇਵਤਾ ਰੁੜ੍ਹਦਾ ਆ ਰਿਹਾ ਹੈ ਤੇ ਸਾਰੇ ਅੱਗ ਹੀ ਅੱਗ ਲੱਗੀ ਪਈ ਹੈ। ਫੇਰ ਇੰਦਰ ਨੂੰ ਸੁੱਟ ਦਿਤਾ ਅਖੀਰ ਉਹ ਵੀ ਗਿਰਨਾ ਸ਼ੁਰੂ ਹੋ ਗਿਆ ਤੇ ਹਾਇ ਹਾਇ ਦੀ ਅਵਾਜ਼ ਆਈ ਕਿ ਮੈਂ ਮਾਰਿਆ ਗਿਆ ਤੇ ਦੇਖਦੇ ਦੇਖਦੇ ਉਸ ਦਾ ਸਰੀਰ ਵੀ ਆ ਗਿਆ। ਉਸ ਦੀ ਘਰਵਾਲੀ ਉਸ ਸਭਾ ਦੇ ਵਿਚ ਹੀ ਬੈਠੀ ਹੈ, ਦੇਖ ਕੇ ਰੋਣ ਲਗ ਪਈ। ਰਾਜੇ ਨੂੰ ਵੀ ਬੜਾ ਅਫਸੋਸ ਹੋਇਆ ਤੇ ਕਹਿਣ ਲੱਗਿਆ ਕਿ ਦੇਖੋ! ਐਸਾ ਸੂਰਬੀਰ ਤੇ ਬਹਾਦਰ ਜਾਦੂਗਰ ਮਰ ਗਿਆ ਤੇ ਇਹਦੇ ਨਾਲੋਂ ਤਾਂ ਚੰਗਾ ਸੀ ਕਿ ਇਸ ਨੂੰ ਮੈਂ ਫੌਜਾਂ ਦਾ ਹੀ ਜਰਨੈਲ ਬਣਾ ਦਿੰਦਾ, ਕੀ ਪਤਾ ਸੀ ਕਿ ਐਨਾ ਜਬਰਦਸਤ ਹੈ ਕਿ ਇਹ ਦੇਵਤਿਆਂ ਨਾਲ ਵੀ ਲੜ ਸਕਦੈ। ਐਨੇ ਨੂੰ ਉਸ ਦੀ ਚਿਖਾ ਚਿਣ ਦਿਤੀ ਗਈ। ਉਸਦੀ ਘਰਵਾਲੀ ਨੂੰ ਬਥੇਰਾ ਸਮਝਾਇਆ ਪਰ ਉਹ ਕਹਿਣ ਲੱਗੀ ਕਿ ਮੈਂ ਤਾਂ ਆਪਣੇ ਪਤੀ ਦੇ ਨਾਲ ਹੀ ਸਤੀ ਹੋਵਾਂਗੀ ਤੇ ਉਹ ਵੀ ਚਿਖਾ ਵਿਚ ਸੜ ਕੇ ਮਰ ਗਈ। ਜਦੋਂ ਸਭ ਕੁਝ ਹੋ ਚੁਕਿਆ ਤਾਂ ਸਾਰੇ ਹੈਰਾਨ ਹੋ ਗਏ ਕਿ ਮਦਾਰੀ ਆ ਕੇ ਬਾਦਸ਼ਾਹ ਦੀ ਜੈ ਜੈਕਾਰ ਕਰਨ ਲੱਗ ਪਿਆ ਕਿ ਮਹਾਰਾਜ ਕੀ ਜੈ ਹੋ। ਦੇਖਿਆ ਤਾਂ ਕੋਈ ਬੋਲਦਾ ਹੀ ਨਹੀਂ ਤੇ ਰਾਜਾ ਕਹਿਣ ਲਗਿਆ, ਤੂੰ ਤਾਂ ਮਰ ਗਿਆ ਸੀ? ਕਹਿਣ ਲੱਗਿਆ, "ਹਜ਼ੂਰ! ਉਹ ਮੈਂ ਨਹੀਂ ਸੀ, ਕਿਸੇ ਨੇ ਮੇਰਾ ਸਰੂਪ ਲਿਆ ਹੋਵੇਗਾ। ਜਿਥੇ ਮੈਂ ਗਿਆ ਹੋਇਆ ਸੀ, ਉਥੇ ਇੰਨੀਆਂ ਤਾਕਤਾਂ ਦੇ ਮਾਲਕ ਹਨ ਕਿ ਉਹ ਮੇਰਾ ਵੀ ਰੂਪ ਧਾਰ ਸਕਦੇ ਹਨ।" ਕਹਿਣ ਲੱਗਿਆ, "ਮਹਾਰਾਜ! ਮੇਰੀ ਘਰਵਾਲੀ ਕਿਥੇ ਹੈ?" "ਰਾਜੇ ਨੇ ਉਤਰ ਦਿਤਾ, ਉਹ ਤਾਂ ਤੇਰੇ ਨਾਲ ਹੀ ਸਤੀ ਹੋ ਗਈ ਹੈ।" "ਨਹੀਂ ਮਹਾਰਾਜ! ਉਹ ਸਤੀ ਨਹੀਂ ਹੋਈ, ਤੁਸੀਂ ਸਾਰੇ ਮੇਰੇ ਨਾਲ ਸੱਚ ਨਹੀਂ ਬੋਲ ਰਹੇ, ਉਹ ਤਾਂ ਤੁਸੀਂ ਆਪਣੇ ਮਹਿਲਾਂ ਦੇ ਅੰਦਰ ਕੈਦ ਕੀਤੀ ਹੋਈ ਹੈ। ਜੇ ਮੈਨੂੰ ਹੁਕਮ ਹੋਵੇ ਤਾਂ ਮੈਂ ਆਵਾਜ਼ ਦੇ ਕੇ ਬੁਲਾਵਾਂ? ਰਾਜਾ ਬੜੇ ਸ਼ਸ਼ੋਪੰਜ ਵਿਚ ਬੈਠਾ ਹੈ ਕਿ ਇਸ ਨੂੰ ਇਨਾਮ ਤਾਂ ਦੇ ਦਿਆਂਗੇ ਪਰ ਇਸਦੀ ਇਸਤਰੀ ਕਿਥੋਂ ਦੇਵਾਂਗੇ? ਉਸ ਨੇ ਆਪਣੀ ਇਸਤਰੀ ਨੂੰ ਆਵਾਜ਼ ਦਿਤੀ। ਅੰਦਰੋਂ ਆਵਾਜ਼ ਆਈ ਕਿ ਮੈਂ ਆ ਨਹੀਂ ਸਕਦੀ, ਰਾਜੇ ਨੇ ਮੈਨੂੰ ਸੱਤ ਤਾਲਿਆਂ ਦੇ ਅੰਦਰ ਕੈਦ ਕੀਤਾ ਹੋਇਆ ਹੈ। ਕਹਿਣ ਲੱਗਿਆ ਕਿ ਮਹਾਰਾਜ! ਮੇਰੇ ਨਾਲ ਚਲੋ। ਉਸਨੇ ਸੱਤ ਤਾਲੇ ਖੋਲ੍ਹੇ ਤੇ ਅੰਦਰੋਂ ਕੱਢ ਲਿਆਇਆ। ਸਾਰੀ ਦੁਨੀਆਂ ਤੇ ਰਾਜਾ ਹੈਰਾਨ ਹੋ ਰਿਹਾ ਹੈ ਕਿ ਐ ਜਾਦੂਗਰ! ਸਾਨੂੰ ਸਮਝ ਨਹੀਂ ਆ ਰਹੀ ਕਿ ਇਹ ਕੀ ਹੋ ਰਿਹਾ ਹੈ। ਜਾਦੂਗਰ ਕਹਿਣ ਲੱਗਾ, "ਮਹਾਰਾਜ! ਹੋਣਾ ਕੀ ਹੈ? ਮੈਂ ਤਾਂ ਇਕ ਤਮਾਸ਼ਾ ਦਿਖਾਇਆ ਹੈ। ਤੁਸੀਂ ਕਿਹਾ ਸੀ ਕਿ ਹੋਵੇ ਸਭ ਕੁਝ ਤੇ ਹੋਵੇ ਕੁਝ ਨਾ; ਮਹਾਰਾਜ ਹੁਣ ਕੁਝ ਵੀ ਨਹੀਂ ਹੈ। ਇਹ ਮੇਰਾ ਖੇਲ੍ਹ ਸੀ। ਮੈਂ ਕਿਸੇ ਸਵਰਗ ਵਿਚ ਨਹੀਂ ਗਿਆ, ਨਾ ਹੀ ਮੈਂ ਦੇਵਤਿਆਂ ਨਾਲ ਯੁੱਧ ਕੀਤਾ ਹੈ ਤੇ ਨਾ ਹੀ ਮੇਰੀ ਕੋਈ ਘਰਵਾਲੀ ਸੀ। ਇਹ ਸਭ ਮੇਰੀ



Sri Satguru Jagjit Singh Ji eLibrary NamdhariElibrary@gmail.com

ਮਾਇਆ ਦਾ ਖੇਲ੍ਹ ਸੀ। ਮੈਂ ਤੁਹਾਨੂੰ ਸਭ ਨੂੰ ਹਿਪਨੋਟਾਈਜ਼ ਕਰ ਦਿਤਾ ਸੀ ਕਿਉਂਕਿ ਜੋ ਕੁਝ ਮੇਰੇ ਮਨ ਦਾ ਫੁਰਨਾ ਸੀ ਉਹ ਕੁਝ ਤੁਸੀਂ ਦੇਖ ਰਹੇ ਸੀ ਅਤੇ ਤੁਹਾਡੀ ਕੋਈ ਆਪਣੀ ਇੱਛਾ (free will) ਨਹੀਂ ਸੀ ਰਹੀ।" ਸੋ ਬਾਦਸ਼ਾਹ ਹੈਰਾਨ ਹੋ ਗਿਆ।

ਜੇਕਰ ਇਕ ਮਨੁੱਖ ਦੀ ਮਾਇਆ ਐਨੀ ਪ੍ਰਬਲ ਹੋ ਸਕਦੀ ਹੈ ਤਾਂ ਪ੍ਰਮੇਸ਼ਰ ਦੀ ਮਾਇਆ ਦਾ ਕੀ ਅੰਤ ਪਾਇਆ ਜਾ ਸਕਦਾ ਹੈ? ਮਹਾਰਾਜ ਫੁਰਮਾਨ ਕਰਦੇ ਹਨ ਕਿ ਇਹ ਮਾਇਆ ਨਾਲ ਰਹਿੰਦੇ ਪ੍ਰਮੇਸ਼ਰ ਨੂੰ ਦਿੱਸਣ ਨਹੀਂ ਦਿੰਦੀ, ਭੁਲਾ ਦਿੰਦੀ ਹੈ।

***ਧਾਰਨਾ - ਤੁਮਰੇ ਚਰਨ ਵਿਸਾਰੇ ਜੀ,***
***ਇਨ ਮਾਇਆ ਜਗਦੀਸ਼ ਗੁਸਾਈ -2, 2.***
***ਇਨ ਮਾਇਆ ਜਗਦੀਸ਼ ਗੁਸਾਈ -2, 2.***
***ਤੁਮਰੇ ਚਰਨ ਵਿਸਾਰੇ ਜੀ, ਇਨ ......-2.***

***ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥***
***ਪੰਨਾ - 857***

ਹੈਰਾਨੀ ਦੀ ਗੱਲ ਹੈ ਕਿ ਵਾਹਿਗੁਰੂ ਹਰੇਕ ਦੇ ਨਾਲ ਰਹਿੰਦਾ ਹੋਇਆ ਵੀ ਨਜ਼ਰ ਨਹੀਂ ਆਉਂਦਾ; ਨਜ਼ਰ ਤਾਂ ਇਕ ਪਾਸੇ ਰਹਿ ਗਿਆ, ਬਿਲਕੁਲ ਭੁਲਾ ਦਿਤਾ, ਚਿਤ ਚੇਤੇ ਵੀ ਨਹੀਂ ਰਹਿੰਦਾ ਕਿ ਰੱਬ ਵੀ ਕੋਈ ਚੀਜ਼ ਹੈ ਅਤੇ ਹੁਣ ਤਾਂ ਬਿਲਕੁਲ ਹੀ ਭੁਲਿਆ ਪਿਆ ਹੈ ਕਿਉਂਕਿ ਗਾੜ੍ਹੀ ਮਾਇਆ ਪੈ ਗਈ। ਮਾਇਆ ਕੈਸੀ ਹੈ? ਵਾਹਿਗੁਰੂ ਅਖੰਡ ਹੈ, ਕਿਤੇ ਵੀ ਇਸ ਦਾ ਟੁਕੜਾ ਨਹੀਂ ਹੋ ਸਕਦਾ, ਕੋਈ ਥਾਂ ਐਸਾ ਨਹੀਂ ਹੈ ਜਿਥੇ ਵਾਹਿਗੁਰੂ ਨਾ ਹੋਵੇ। ਜਿਵੇਂ ਅਕਾਸ਼ ਹੈ ਇਸ ਦੀ ਕਿਸੇ ਥਾਂ ਤੇ ਵੀ ਵੰਡ ਨਹੀਂ ਹੋ ਸਕਦੀ; ਜੇਕਰ ਅਸੀਂ ਕਹੀਏ ਕਿ ਕੋਠੀ ਵਿਚ ਹੋਰ ਅਕਾਸ਼ ਹੈ, ਘੜੇ ਵਿਚ ਹੋਰ ਅਕਾਸ਼ ਹੈ, ਜਦੋਂ ਬੱਦਲ ਹੋਏ ਹੋਣ ਤਾਂ ਉਸ ਨੂੰ ਮੇਘਾ ਅਕਾਸ਼ ਕਹਿੰਦੇ ਹਨ, ਜੋ ਵੱਡਾ ਹੈ ਉਹ ਮਹਾਂਅਕਾਸ਼ ਹੈ। ਅਕਾਸ਼ ਤਾਂ ਸਾਰਿਆਂ ਵਿਚ ਇਕੋ ਹੀ ਹੈ, ਕਮਰੇ ਵਿਚ, ਘੜੇ ਵਿਚ ਅਤੇ ਬਦਲਾਂ ਦੇ ਥੱਲੇ ਵੀ ਉਹੀ ਅਕਾਸ਼ ਹੈ, ਅਕਾਸ਼ ਨੂੰ ਤੋੜਿਆ ਨਹੀਂ ਜਾ ਸਕਦਾ ਲੇਕਿਨ ਇਹ ਬਿਆਧੀ ਨੇ ਤੋੜ ਦਿਤਾ। ਜਿਵੇਂ ਘੜੇ ਦੀ ਸ਼ਕਲ ਹੋਣ ਕਰਕੇ ਅਤੇ ਕਮਰੇ ਦੀ ਸ਼ਕਲ ਹੋਣ ਕਰਕੇ ਅਕਾਸ਼ ਟੁੱਟਿਆ ਹੋਇਆ ਪ੍ਰਤੀਤ ਹੁੰਦਾ ਹੈ, ਇਸ ਤਰ੍ਹਾਂ ਮਾਇਆ ਦੀ ਬਿਆਧੀ ਕਰਕੇ, ਅਖੰਡ ਬ੍ਰਹਮ ਜੋ ਸਾਰੇ ਪਰੀਪੂਰਨ ਹੈ, ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਇਸ ਦੀ ਮੌਜੂਦਗੀ ਨਹੀਂ ਹੈ।

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਹੇ ਅਰਜਨ! ਮਾਇਆ ਐਸੀ ਪ੍ਰਬਲ ਹੈ ਕਿ ਗਿਆਨਵਾਨਾਂ ਨੂੰ ਵੀ ਭੁਲਾ ਦਿੰਦੀ ਹੈ।" ਅਰਜਨ ਕਹਿਣ ਲੱਗਾ, "ਮਹਾਰਾਜ! ਆਪ ਮੈਨੂੰ ਵੀ ਦਿਖਾ ਸਕਦੇ ਹੋ ਕਿ ਮਾਇਆ ਕਿੰਨੀ ਕੁ ਪ੍ਰਬਲ ਹੈ।" ਕ੍ਰਿਸ਼ਨ ਮਹਾਰਾਜ ਕਹਿਣ ਲਗੇ ਕਿ ਹੇ ਅਰਜਨ! ਇਸ ਮਾਇਆ ਨੇ ਵੱਡੇ ਵੱਡੇ ਭੁਲਾ ਦਿਤੇ, ਤੂੰ ਮਾਇਆ ਦੇਖ ਕੇ ਕੀ ਲੈਣਾ ਹੈ, ਤੈਨੂੰ ਵੀ ਭੁਲਾ ਦੇਵੇਗੀ। ਮੈਂ ਮਹਾਰਾਜ ਯੋਗ ਜਾਣਦਾ ਹਾਂ ਤੇ ਮੈਂ 'ਭੁਲ ਬਿਰਤੀ' ਅੰਦਰ ਕਰ ਲੈਂਦਾ ਹਾਂ, ਬਿਰਤੀ ਇਕਾਗਰ ਕਰਕੇ ਮਾਇਆ ਦੇ ਮੰਡਲ ਤੋਂ ਉਪਰ ਕਰ ਲਵਾਂਗਾ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਮਾਇਆ ਉਥੇ ਵੀ ਪਹੁੰਚ ਜਾਂਦੀ ਹੈ। ਗੁਰੂ ਦੀ ਮਰਜ਼ੀ ਨਾ ਹੋਵੇ ਤਾਂ ਮਾਇਆ ਤੋਂ ਕੋਈ ਵੀ ਬਚ ਨਹੀਂ ਸਕਿਆ ਕਰਦਾ। ਇਨਸਾਨ ਭਾਵੇਂ ਪ੍ਰਮੇਸ਼ਰ ਵੀ ਬਣ ਜਾਵੇ ਪਰ ਗੁਰੂ ਦੀ ਫੇਰ ਵੀ ਲੋੜ ਹੁੰਦੀ ਹੈ। ਅਰਜਨ ਕਹਿਣ ਲੱਗਾ ਕਿ ਮਹਾਰਾਜ! ਇਹ ਕਿਵੇਂ ਹੋ ਸਕਦਾ ਹੈ? ਕਹਿਣ ਲੱਗੇ, "ਅਰਜਨ! ਤੂੰ ਮਾਇਆ ਦੇਖਣੀ ਹੈ?" ਕਹਿਣ ਲੱਗਾ, "ਹਾਂ, ਮਹਾਰਾਜ! ਮੈਨੂੰ ਮਾਇਆ ਦਿਖਾਵੋ।" ਚੰਗਾ ਫਿਰ ਆਹ ਸਾਮ੍ਹਣੇ ਜੋ ਸਰੋਵਰ ਨਜ਼ਰ ਆ ਰਿਹਾ ਹੈ, ਉਥੇ ਇਸ਼ਨਾਨ ਕਰਕੇ ਆ ਜਾਵੀਂ ਪਰ ਅਸੀਂ ਤੈਨੂੰ ਦੱਸਦੇ ਹਾਂ ਕਿ ਤੇਰੇ ਤੇ ਮਾਇਆ ਪੈ ਜਾਣੀ ਹੈ, ਤੈਥੋਂ ਜੋ ਸਾਵਧਾਨੀ ਵਰਤ ਹੁੰਦੀ ਹੈ, ਵਰਤ ਲੈ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਅਸੀਂ ਦਾਤਣ ਕਰ ਰਹੇ ਹਾਂ, ਸਾਡੇ ਵਾਸਤੇ ਸਰੋਵਰ ਤੋਂ ਜਲ ਲਿਆਵੀਂ।"

ਸਰੋਵਰ ਤੇ ਜਾ ਕੇ ਜਦੋਂ ਟੁੱਭੀ ਮਾਰੀ, ਬਿਰਤੀ ਇਕਾਗਰ ਕਰ ਲਈ, ਸੁਰਤੀ ਚੜ੍ਹਾ ਲਈ ਕਿ ਹੁਣ ਮੇਰੇ ਤੇ ਜਦੋਂ ਮਾਇਆ ਪਵੇਗੀ ਮੈਂ ਭੁੱਲਾਂਗਾ ਨਹੀਂ। ਸਰੋਵਰ ਤੋਂ ਬਾਹਰ ਨਿਕਲ ਕੇ ਕੀ ਵੇਖਦਾ ਹੈ ਕਿ ਕ੍ਰਿਸ਼ਨ ਮਹਾਰਾਜ ਸਰੋਵਰ ਦੇ ਕੰਢੇ ਖੜ੍ਹੇ ਨਜ਼ਰ ਹੀ ਨਹੀਂ ਆ ਰਹੇ ਤੇ ਆਲੇ ਦੁਆਲੇ ਭਿਆਨਕ ਜੰਗਲ ਹੈ, ਸ਼ੇਰ, ਹਾਥੀ, ਚੀਤੇ ਆਦਿ ਜੰਗਲੀ ਜਾਨਵਰ ਫਿਰਦੇ ਹਨ ਤੇ ਹੈਰਾਨ ਹੋ ਗਿਆ ਕਿ ਜੋ ਦ੍ਰਿਸ਼ ਮੈਂ ਪਹਿਲਾਂ ਦੇਖ ਰਿਹਾ ਸੀ, ਉਹ ਕਿਥੇ ਗਾਇਬ ਹੋ ਗਿਆ? ਝੱਟਪੱਟ ਸਰੋਵਰ ਤੋਂ ਬਾਹਰ ਨਿਕਲ ਗਿਆ, ਨਾ ਉਥੇ ਵਸਤਰ ਨਜ਼ਰ ਆ ਰਹੇ ਨੇ, ਉਚੀ ਉਚੀ ਕ੍ਰਿਸ਼ਨ ਮਹਾਰਾਜ ਜੀ ਨੂੰ ਆਵਾਜ਼ਾਂ ਮਾਰ ਰਿਹਾ ਹੈ ਕਿ ਮਹਾਰਾਜ! ਤੁਸੀਂ ਮੈਨੂੰ ਕਿਥੇ ਛੱਡ ਕੇ ਚਲੇ ਗਏ? ਜੰਗਲ ਦੇ ਅੰਦਰ ਤਿੰਨ ਦਿਨ ਤੇ ਤਿੰਨ ਰਾਤਾਂ ਰੋਂਦਾ ਰਿਹਾ, ਕਿਤੇ ਪੈਣ ਨੂੰ ਸੌਣ ਨੂੰ ਥਾਂ ਨਹੀਂ ਲੱਭ ਰਿਹਾ ਅਤੇ ਨਾ ਹੀ ਕੋਈ ਬੰਦਾ ਦਿਸਦੈ ਜਿਸ ਤੋਂ ਪੁਛ ਪੜਤਾਲ ਕਰੇ। ਬ੍ਰਹਿਮੰਡ ਤੇ ਕਾਲ ਦੋਵੇਂ ਬਦਲ ਗਏ, ਕੁਝ ਹੋਰ ਹੀ ਨਜ਼ਰ ਆ ਰਿਹਾ ਹੈ ਤੇ ਨਾਹੀ ਉਹ ਰੁਤ ਨਜ਼ਰ ਆ ਰਹੀ ਹੈ। ਘੁੰਮਦਾ ਘੁੰਮਦਾ ਜੰਗਲ ਤੋਂ ਬਾਹਰ ਨਿਕਲ ਗਿਆ ਤੇ ਰੋਂਦਾ ਜਾ ਰਿਹੈ। ਉਥੇ ਇਕ ਬੰਦਾ ਮਿਲਿਆ ਤੇ ਅਰਜਨ ਨੂੰ ਮੁਖਾਤਬ ਕਰਕੇ ਕਹਿਣ ਲੱਗਿਆ, "ਪ੍ਰਦੇਸੀਆ! ਕੀ ਗੱਲ ਹੈਂ? ਤੂੰ ਰੋ ਕਿਉਂ ਰਿਹਾ ਹੈ?" ਜਵਾਬ ਦਿਤਾ ਕਿ ਪ੍ਰੇਮੀਆਂ! ਰੋਵਾਂ ਨਾ ਤੇ ਕੀ ਕਰਾਂ, ਮੈਂ ਕ੍ਰਿਸ਼ਨ ਮਹਾਰਾਜ ਨਾਲ ਆਇਆ ਸੀ, ਪਤਾ ਨਹੀਂ ਕਿਧਰ ਚਲੇ ਗਏ। ਉਹ ਕਹਿਣ ਲੱਗਿਆ ਪ੍ਰਦੇਸੀਆ! ਤੂੰ ਜਾਗਦਾ ਹੈਂ ਕਿ ਸੁੱਤਾ ਪਿਆ ਹੈਂ? ਤੂੰ ਤਾਂ ਸੁੱਤੇ ਹੋਏ ਬੰਦਿਆਂ ਵਰਗੀਆਂ ਗੱਲਾਂ ਕਰ ਰਿਹਾ ਹੈਂ। ਓਏ ਕਮਲਿਆ! ਕ੍ਰਿਸ਼ਨ ਨੂੰ ਹੋਏ ਨੂੰ ਤਾਂ ਤਿੰਨ ਸੌ ਸਾਲ ਗੁਜ਼ਰ ਗਏ। ਤੇਰਾ ਨਾਉ ਕੀ ਹੈ? ਕਹਿਣ ਲੱਗਿਆ, ਮੇਰਾ ਨਾਂ ਅਰਜਨ। ਓ ਪ੍ਰੇਮੀਆਂ, ਅਰਜਨ ਹੋਏ ਨੂੰ ਵੀ ਤਿੰਨ ਸੌ ਸਾਲ ਹੋ ਗਏ। ਚੱਲ ਤੈਨੂੰ ਕਥਾ ਸੁਣਾਵਾਂ ਕਿ ਕਿਵੇਂ ਪੰਜੇ ਭਰਾ (ਪਾਂਡਵ) ਆਪਣੇ ਪੋਤਰੇ ਪ੍ਰੀਛਤ ਨੂੰ ਰਾਜ ਭਾਗ ਦੇ ਕੇ ਪੱਚੀ ਸਾਲ ਜੰਗਲਾਂ ਵਿਚ ਘੁੰਮਦੇ ਰਹੇ ਤੇ ਬਰਫਾਂ ਵਿਚ ਸਰੀਰ ਗਲ ਗਏ ਤੇ ਪ੍ਰਲੋਕ ਸਿਧਾਰ ਗਏ। ਹੁਣ ਅਜਕੱਲ੍ਹ ਉਨ੍ਹਾਂ ਦੇ ਪੜੋਤੇ ਜਨਮੇਜੇ ਦਾ ਰਾਜ ਚਲ ਰਿਹਾ ਹੈ ਤੇ ਤੂੰ ਕਹਿ ਰਿਹਾ ਹੈਂ ਕਿ ਕ੍ਰਿਸ਼ਨ ਮਹਾਰਾਜ ਮੇਰੇ ਨਾਲ ਸੀ ਤੇ ਤੂੰ ਆਪਣੇ ਆਪ ਨੂੰ ਅਰਜਨ ਦਸਦੈਂ; ਤੈਨੂੰ ਕੋਈ ਭੁਲੇਖਾ ਪੈ ਗਿਆ। ਚੱਲ ਮੇਰੇ ਨਾਲ ਧਰਮਸ਼ਾਲਾ ਵਿਚ, ਉਥੇ ਮਹਾਂਭਾਰਤ ਦੀ ਕਥਾ ਹੋ ਰਹੀ ਹੈ। ਉਥੇ ਦੱਸਿਆ ਜਾ ਰਿਹਾ ਹੈ ਕਿ ਪਾਂਡਵਾਂ ਨੇ ਰਾਜਸੂ ਯੱਗ ਕੀਤਾ, ਉਸ ਤੋਂ ਉਦਾਸ ਹੋ ਗਏ ਤੇ ਰਾਜ ਛੱਡ ਗਏ, ਹੇਮਕੁੰਟ ਦੇ ਪਰਬਤਾਂ ਵੱਲ ਚਲੇ ਗਏ। ਉਥੇ ਪੱਚੀ ਸਾਲ ਤਪੱਸਿਆ ਕਰਦੇ ਰਹੇ ਤੇ ਬਰਫਾਂ ਵਿਚ ਗਲ ਗਏ, ਮੁੜ ਕੇ ਪਤਾ ਨਹੀਂ ਲੱਗਿਆ ਕਿ ਉਹ ਕਿਧਰ ਗਏ। ਉਨ੍ਹਾਂ ਦੇ ਪੋਤਰੇ ਪ੍ਰੀਛਤ ਨੇ



Sri Satguru Jagjit Singh Ji eLibrary NamdhariElibrary@gmail.com

ਰਾਜ ਕੀਤਾ। ਉਹ ਸ਼ਿਕਾਰ ਖੇਡਣ ਲਈ ਗਿਆ ਸੀ, ਉਸ ਨੇ ਸੰਤਾਂ ਦੇ ਗਲ ਵਿਚ ਸੱਪ ਪਾ ਦਿਤਾ। ਸੰਤਾਂ ਨੇ ਸਰਾਪ ਦੇ ਦਿਤਾ, ਤੇ ਸੁਖਦੇਵ ਮੁਨੀ ਜੀ ਨੇ ਉਸ ਨੂੰ ਭਾਗਵਤ ਸੁਣਾਈ ਅਤੇ ਉਹ ਸੱਪ ਲੜ ਕੇ ਚੜ੍ਹਾਈ ਕਰ ਗਿਆ ਤੇ ਉਸ ਦੀ ਗਤੀ ਕਰਾਈ। ਫੇਰ ਉਸ ਦੇ ਪੁੱਤਰ ਜਨਮੇਜੇ ਨੇ ਰਾਜ ਭਾਗ ਸੰਭਾਲਿਆ। ਉਸ ਨੇ ਸੱਪਾਂ ਤੋਂ ਬਦਲਾ ਲੈਣ ਵਾਸਤੇ ਬਹੁਤ ਵੱਡਾ ਹਵਨ ਕੁੰਡ ਬਣਵਾਇਆ।

ਇਹ ਸਾਰੀਆਂ ਗੱਲਾਂ ਦਸ਼ਮੇਸ਼ ਪਿਤਾ ਜੀ ਨੇ ਕ੍ਰਿਸ਼ਨ ਅਵਤਾਰ ਵਿਚ ਲਿਖੀਆਂ ਹਨ। ਉਸ ਹਵਨ ਕੁੰਡ ਦੇ ਅੰਦਰ ਸਾਰੇ ਸੱਪ ਆਏ, ਮਰਦੇ ਚਲੇ ਗਏ ਪਰੰਤੂ ਜਿਹੜਾ ਤੱਛਕ ਨਾਗ ਸੀ ਉਸ ਨੇ ਬਖਸ਼ਵਾ ਲਏ। ਅਰਜਨ ਨੂੰ ਵਿਸ਼ਵਾਸ਼ ਹੁੰਦਾ ਜਾ ਰਿਹਾ ਹੈ ਕਿ ਇਹ ਤਾਂ ਸਾਰੀ ਕਥਾ ਸਾਡੇ ਖਾਨਦਾਨ ਦੀ ਹੀ ਸੁਣਾ ਰਹੇ ਨੇ। ਪਰੀਛਤ ਤਾਂ ਮੈਂ ਦੇਖਿਆ ਨਹੀਂ, ਜਨਮੇਜੇ ਦਾ ਮੈਨੂੰ ਪਤਾ ਨਹੀਂ ਹੈ, ਅਸੀਂ ਕਿਵੇਂ ਬਰਫਾਂ 'ਚ ਚਲੇ ਗਏ। ਕਹਿਣ ਲੱਗਿਆ, ਮੈਂ ਹੀ ਅਰਜਨ ਹਾਂ। ਸਾਰੇ ਕਹਿਣ ਲੱਗੇ, ਦੇਖ ਪ੍ਰਦੇਸੀਆ! ਹੁਣ ਤਾਂ ਤੂੰ ਕਹਿ ਦਿਤਾ, ਪਰ ਮੁੜ ਕੇ ਨਾ ਕਹੀਂ, ਐਨੇ ਨੂੰ ਪਿੰਡ ਦੇ ਬੱਚੇ ਆ ਗਏ ਤੇ ਉਸ ਦੇ ਮਗਰ ਪੈ ਗਏ, ਕਿਧਰੇ ਟਿਕਣ ਹੀ ਨਹੀਂ ਦਿੰਦੇ। ਪਿੰਡ ਦੇ ਸਿਆਣੇ ਬੰਦੇ ਕਹਿਣ ਲੱਗੇ ਕਿ ਮੁੜ ਕੇ ਆਪਣੇ ਆਪ ਨੂੰ ਅਰਜਨ ਨਾ ਆਖੀਂ; ਜੇਕਰ ਰਾਜੇ ਨੂੰ ਪਤਾ ਲੱਗ ਗਿਆ ਤੈਨੂੰ ਮਰਵਾ ਦੇਵੇਗਾ। ਐਨੀ ਗੱਲ ਸੁਣ ਕੇ ਚੁਪ ਕਰ ਗਿਆ ਤੇ ਆਪਣੇ ਆਪ ਦਾ ਹੀ ਭੁਲੇਖਾ ਪੈ ਗਿਆ। ਸੋਚਣ ਲੱਗ ਪਿਆ ਕਿ ਸ਼ਾਇਦ ਇਹੀ ਸੱਚੇ ਹੋਣ, ਮੈਨੂੰ ਹੀ ਕੋਈ ਭੁਲੇਖਾ ਹੋਵੇ। ਉਹ ਰਾਜੇ ਦੀ ਫੌਜ 'ਚ ਭਰਤੀ ਹੋ ਗਿਆ ਤੇ ਉਸ ਨੇ ਅਰਜਨ ਦੀ ਤੀਰ ਅੰਦਾਜ਼ੀ ਦੇਖ ਕੇ ਆਪਣੀਆਂ ਫੌਜਾਂ ਦਾ ਜਰਨੈਲ ਨਿਯੁਕਤ ਕਰ ਦਿਤਾ ਅਤੇ ਆਪਣੀ ਲੜਕੀ ਨਾਲ ਸ਼ਾਦੀ ਕਰ ਦਿਤੀ। ਚਾਲੀ ਸਾਲ ਉਥੇ ਰਿਹਾ, ਬਾਲ ਬੱਚੇ ਹੋ ਗਏ ਤੇ ਘਰਵਾਲੀ ਨਾਲ ਬਹੁਤ ਪਿਆਰ ਸੀ। ਭਜਨ ਬੰਦਗੀ ਤੇ ਨਿਤਨੇਮ ਭੁਲ ਗਿਆ। ਜੇ ਕੋਈ ਕ੍ਰਿਸ਼ਨ ਦਾ ਨਾਂ ਲਵੇ ਬੁਰਾ ਭਲਾ ਕਹਿੰਦੈ ਕਿ ਛਡੋ ਪਰ੍ਹੇ, ਉਸ ਦਾ ਕੀ ਨਾਂ ਲੈਣਾ ਹੈ। ਜੇ ਕੋਈ ਅਰਜਨ ਦਾ ਨਾਂ ਲੈਂਦਾ ਹੈ, ਉਸ ਨੂੰ ਵੀ ਗਾਲ੍ਹਾਂ ਕੱਢਦੈ ਕਿ ਜੋ ਆ ਕੇ ਚਲੇ ਗਏ, ਹੁਣ ਉਨ੍ਹਾਂ ਦਾ ਕੀ ਨਾਂ ਲੈਣਾ ਹੈ। ਤਿੰਨ ਸੌ ਸਾਲ ਦਾ ਸਮਾਂ ਲੰਘ ਗਿਆ, ਘਰਵਾਲੀ ਚੜ੍ਹਾਈ ਕਰ ਗਈ ਤੇ ਕਹਿਣ ਲੱਗਿਆ ਕਿ ਮੈਂ ਇਸ ਦੇ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ, ਮੈਂ ਨਾਲ ਹੀ ਸਤੀ ਹੋਵਾਂਗਾ। ਕਹਿਣ ਲੱਗੇ ਪਤਨੀ ਤਾਂ ਸਤੀ ਹੋਇਆ ਕਰਦੀ ਹੈ ਪਰ ਮਰਦ ਨਹੀਂ ਹੁੰਦਾ। ਕਹਿਣ ਲੱਗਾ ਮੈਂ ਜ਼ਰੂਰ ਸਤੀ ਹੋਣੈ। ਕਹਿੰਦੇ ਜਾਹ, ਫੇਰ ਇਸ਼ਨਾਨ ਕਰ ਕੇ ਆ। ਜਦੋਂ ਇਹ ਗੱਲਬਾਤ ਹੋ ਰਹੀ ਸੀ ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਭੇਜ ਦਿਤਾ। ਉਸਨੇ ਕਿਹਾ, "ਅਰਜਨ?" ਉਸਨੂੰ ਕਹਿਣ ਲੱਗਿਆ, ਕਿਹੜਾ ਅਰਜਨ? ਆਹ ਮੇਰੇ ਵਰਗਾ ਕਮਲਾ ਇਕ ਹੋਰ ਆ ਗਿਆ। ਮੈਂ ਵੀ ਪਹਿਲਾਂ ਇਹਦੇ ਵਰਗਾ ਹੀ ਸੀ, ਉਹਨਾਂ ਨੂੰ ਤਾਂ ਤਿੰਨ ਸੌ ਸਾਲ ਹੋ ਗਏ ਹਨ। ਊਧੋ ਕਹਿਣ ਲੱਗਿਆ, "ਨਹੀਂ, ਤੂੰ ਹੀ ਅਰਜਨ ਹੈਂ।" "ਮੈਂ ਅਰਜਨ ਨਹੀਂ, ਮੇਰਾ ਨਾਮ ਪ੍ਰਦੇਸੀ ਹੈ।" "ਅਰਜਨ! ਤੂੰ ਆਪਣੇ ਆਪ ਨੂੰ ਭੁਲ ਗਿਆ, ਤੇਰੇ ਤੇ ਮਾਇਆ ਪੈ ਗਈ।" ਕਹਿਣ ਲੱਗਿਆ, ਮੈਂ ਜਾਣਦਾਂ ਕਿ ਮੈਂ ਪ੍ਰਦੇਸੀ ਹਾਂ। ਊਧੋ ਜੀ ਨੇ ਕਿਹਾ ਕਿ ਤੈਨੂੰ ਕ੍ਰਿਸ਼ਨ ਮਹਾਰਾਜ ਬੁਲਾ ਰਹੇ ਹਨ। ਕਹਿਣ ਲੱਗਾ, ਕ੍ਰਿਸ਼ਨ ਤਾਂ ਹੋ ਚੁਕਿਐ, ਤੁਸੀਂ ਕਿਹੜੀਆਂ ਗੱਲਾਂ ਕਰ ਰਹੇ ਹੋ? ਜਿਹੜੇ ਪੰਡਤ ਉਥੇ ਚਿਤਾ ਦੇ ਕੋਲ ਖੜ੍ਹੇ ਸੀ, ਕਹਿਣ ਲੱਗੇ, "ਪ੍ਰਦੇਸੀ ਜੀ! ਤੁਸੀਂ ਸਤੀ ਹੋਣੈ ਤਾਂ ਛੇਤੀਂ ਇਸ਼ਨਾਨ ਕਰਕੇ ਆਓ।" ਸਰੋਵਰ 'ਚ ਇਸ਼ਨਾਨ ਕਰਨ ਗਿਆ ਤੇ ਉਥੇ ਕ੍ਰਿਸ਼ਨ ਮਹਾਰਾਜ ਦਾਤਨ ਕਰ ਰਹੇ ਹਨ। ਦੇਖਦਾ ਹੈ ਤੇ ਮੱਧਮ ਜਿਹੀ ਯਾਦਾਸ਼ਤ ਆਉਂਦੀ ਹੈ।

ਕਹਿਣ ਲੱਗੇ, "ਅਰਜਨ! ਕਿਆ ਬਾਤ ਹੈ?"

ਕਹਿਣ ਲੱਗਿਆ, "ਮੈਂ ਅਰਜਨ ਨਹੀਂ ਹਾਂ, ਮੈਂ ਪ੍ਰਦੇਸੀ ਹਾਂ।"

"ਅਰਜਨ! ਮੈਂ ਕ੍ਰਿਸ਼ਨ ਹਾਂ, ਤੂੰ ਮੈਨੂੰ ਭੁੱਲ ਗਿਆ?" ਕਹਿਣ ਲੱਗਾ ਕਿ ਕ੍ਰਿਸ਼ਨ ਹੋਏ ਨੂੰ ਤਾਂ ਤਿੰਨ ਸੌ ਸਾਲ ਬੀਤ ਗਏ ਹਨ। ਕਹਿਣ ਲੱਗੇ, "ਅਰਜਨ! ਤੂੰ ਮੇਰੇ ਨਾਲ ਗੱਲ ਕਰ, ਮੈਂ ਤੇਰੇ ਤੇ ਮਾਇਆ ਪਾਈ ਹੋਈ ਹੈ। ਤੂੰ ਭੁੱਲ ਗਿਆ।" "ਮੇਰੇ ਤੇ ਕੋਈ ਮਾਇਆ ਨਹੀਂ ਪਈ, ਨਾ ਹੀ ਮੈਂ ਭੁੱਲਿਆ ਹਾਂ, ਮੈਂ ਤਾਂ ਪ੍ਰਦੇਸੀ ਹਾਂ। ਮੈਨੂੰ ਰੋਕੋ ਨਾ, ਮੇਰੀ ਇਸਤਰੀ ਚੜ੍ਹਾਈ ਕਰ ਗਈ ਹੈ ਤੇ ਮੈਨੂੰ ਉਸ ਦਾ ਬਹੁਤ ਮੋਹ ਆ ਰਿਹਾ ਹੈ, ਮੇਰੇ ਮਨ ਵਿਚ ਬਹੁਤ ਪਿਆਰ ਹੈ।" ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਤੂੰ ਅਰਜਨ ਹੈਂ, ਤੂੰ ਆਪਣੇ ਆਪ ਨੂੰ ਪਛਾਣ।" ਕਹਿਣ ਲੱਗਿਆ, "ਮੈਂ ਨਹੀਂ ਪਛਾਣਦਾ, ਮੈਂ ਤੇਰੀ ਗੱਲ ਮੰਨਣ ਨੂੰ ਤਿਆਰ ਨਹੀਂ ਹਾਂ।" ਸਾਨੂੰ ਵੀ ਗੁਰੂ ਮਹਾਰਾਜ ਇਸੇ ਤਰ੍ਹਾਂ ਕਹਿੰਦੇ ਹਨ ਕਿ ਆਪਣੇ ਆਪ ਨੂੰ ਪਛਾਣ ਤੂੰ ਕੌਣ ਹੈਂ?

***ਧਾਰਨਾ - ਮਨ ਤੂੰ ਜੋਤ ਸਰੂਪ ਹੈਂ,***
***ਆਪਣਾ ਮੂਲ ਪਛਾਣ -2, 2.***
***ਆਪਣਾ ਮੂਲ ਪਛਾਣ -2, 2.***
***ਮਨ ਤੂੰ ਜੋਤ ਸਰੂਪ ਹੈਂ, ........-2.***

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***
***ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥***
***ਪੰਨਾ - 441***

ਕੀ ਸਾਨੂੰ ਹਰਿ ਜੀ ਨਜ਼ਰ ਆਉਂਦੇ ਹਨ, ਕੀ ਸਾਨੂੰ ਪਤਾ ਲਗਦਾ ਹੈ ਕਿ ਅਸੀਂ ਜੋਤ ਸਰੂਪ ਹਾਂ? ਜੋਤ ਕੀ ਹੁੰਦੀ ਹੈ?

***ਜਿਮੀ ਜਮਾਨ ਕੇ ਬਿਖੈ ਸਮਸੱਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਉਹ ਪ੍ਰਮੇਸ਼ਰ ਹੈ ਜਿਸਨੂੰ ਜੋਤ ਆਖਦੇ ਹਨ ਤੇ ਤੂੰ ਉਸ ਦਾ ਸਰੂਪ ਹੈਂ।

ਫੁਰਮਾਨ ਹੈ ਕਿ ਤੂੰ ਉਸਨੂੰ ਪਛਾਣ ਤਾਂ ਸਹੀ, ਪਰ ਪਛਾਣਦਾ ਹੀ ਨਹੀਂ। ਕਹਿੰਦਾ ਹੈ ਕਿ ਮੇਰਾ ਨਾਮ ਤਾਂ ਵਰਿਆਮ ਸਿੰਘ ਹੈ, ਮੇਰਾ ਨਾਮ ਤਾਂ ਪ੍ਰਕਾਸ਼ ਸਿੰਘ ਹੈ। ਪ੍ਰੇਮੀਆਂ! ਨਾਮ ਤਾਂ ਤੇਰਾ ਵਾਧੂ ਰੱਖਿਆ ਹੋਇਆ ਹੈ। ਇਹ ਨਾਮ ਤੇ ਰੂਪ ਮਾਇਆ ਦਾ ਹੈ, ਤੂੰ ਨਹੀਂ ਹੈਂ ਕਿਉਂਕਿ ਨਾ ਤੇਰਾ ਕੋਈ ਨਾਮ ਹੈ ਤੇ ਨਾ ਹੀ ਤੇਰਾ ਕੋਈ ਰੂਪ ਹੈ। ਇਸ ਤਰ੍ਹਾਂ ਦੇ ਬਚਨ ਸੁਣ ਕੇ ਹੈਰਾਨ ਹੋਈ ਜਾਂਦਾ ਹੈ ਤੇ ਕਹਿੰਦਾ ਹੈ ਕਿ ਮੈਨੂੰ ਬੁਲਾਵੋ ਨਾ, ਮੈਨੂੰ ਤਾਂ ਤੁਸੀਂ ਸਾਰਿਆਂ ਨਾਲੋਂ ਤੋੜ ਦੇਵੋਂਗੇ। ਮੈਨੂੰ ਪੁੱਤਰਾਂ ਨਾਲੋਂ ਤੋੜ ਦਿਓਂਗੇ, ਮੇਰੀ ਇਸਤਰੀ ਨਾਲੋਂ ਤੋੜ ਦਿਓਂਗੇ, ਮੇਰੀ ਜ਼ਮੀਨ ਨਾਲੋਂ ਤੋੜ ਦਿਓਂਗੇ, ਮੈਨੂੰ ਸਭ ਚੀਜ਼ਾਂ ਨਾਲੋਂ ਤੋੜ ਦਿਓਂਗੇ। ਇਹ ਜੋਤ ਕੀ ਹੋਈ, ਮੈਨੂੰ ਤਾਂ ਇਸ



Sri Satguru Jagjit Singh Ji eLibrary NamdhariElibrary@gmail.com

ਦੀ ਸਮਝ ਨਹੀਂ ਆਉਂਦੀ। ਮਹਾਰਾਜ ਜੀ ਕਹਿੰਦੇ ਹਨ," ਭਾਈ! ਤੈਨੂੰ ਮਾਇਆ ਨੇ ਮੋਹ ਲਿਆ ਹੈ, ਮਾਇਆ ਤੇ ignorance (ਅਵਿਦਿਆ) ਦਾ ਪੜਦਾ ਪੈ ਗਿਆ, ਭਰਮ ਪੈ ਗਿਆ।

***ਮਾਇਆ ਮੋਹੁ ਗੁਬਾਰੁ ਹੈ ਦੂਜੈ ਭਰਮਾਈ॥***
***ਮਨਮੁਖ ਠਉਰ ਨ ਪਾਇਨੀ ਫਿਰਿ ਆਵੈ ਜਾਈ॥***
***ਪੰਨਾ - 786***

ਮਾਇਆ ਦੇ ਗੁਬਾਰ ਵਿਚ ਭੁਲਿਆ ਹੋਇਆ ਆਪਣਾ ਮੂਲ ਨਹੀਂ ਪਛਾਣ ਰਿਹਾ। ਇਸ ਤਰ੍ਹਾਂ ਤਾਂ ਤਰਨਾ ਅਉਖਾ ਹੈ, ਕਿਵੇਂ ਤਰ ਸਕੇਂਗਾ? ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਧਾਰਨਾ - ਕੈਸੇ ਮਨਾ ਤਰੇਂਗਾ,***
***ਝੂਠੀ ਮਾਇਆ ਦੇਖ ਭੁਲ ਨਾ -2, 2.***
***ਝੂਠੀ ਮਾਇਆ ਦੇਖ ਭੁੱਲ ਨਾ - 2, 2.***
***ਕੈਸੇ ਮਨਾ ਤਰੇਂਗਾ,........।***

***ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ॥***
***ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ॥ ਪੰਨਾ - 486***

ਐ ਮਨ! ਤੂੰ ਤਾਂ ਭੁਲ ਗਿਆ, ਤੈਨੂੰ ਗੁਰੂ ਯਾਦ ਕਰਵਾ ਰਹੇ ਹਨ ਪਰ ਤੂੰ ਅਜੇ ਵੀ ਨਹੀਂ ਜਾਗਦਾ।

***ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥***
***ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥***
***ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥***
***ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ॥***
***ਪੰਨਾ - 726***

ਮਹਾਰਾਜ ਕਹਿੰਦੇ ਹਨ ਕਿ ਤੇਰਾ ਕੋਈ ਸੰਬੰਧ ਨਹੀਂ ਹੈ, ਤੂੰ ਸਰੀਰ ਨਹੀਂ ਹੈਂ, ਤੂੰ ਜੋਤ ਸਰੂਪ ਹੈਂ। ਕੀ ਅਸੀਂ ਜਾਗਦੇ ਹਾਂ? ਕ੍ਰਿਸ਼ਨ ਮਹਾਰਾਜ ਕਹਿੰਦੇ ਹਨ ਕਿ ਅਰਜਨ! ਪਛਾਣ ਕਰ। ਮੈਂ ਕ੍ਰਿਸ਼ਨ ਹਾਂ। ਉਹ ਕਹਿਣ ਲਗਿਆ, ਮੈਂ ਵੀ ਆਪਣੇ ਆਪ ਨੂੰ ਅਰਜਨ ਕਹਿੰਦਾ ਸੀ। ਕ੍ਰਿਸ਼ਨ ਨੂੰ ਹੋਏ ਨੂੰ ਤਾਂ ਤਿੰਨ ਸੌ ਸਾਲ ਹੋ ਚੁੱਕੇ ਹਨ, ਤੂੰ ਕ੍ਰਿਸ਼ਨ ਕਿਵੇਂ ਹੋ ਗਿਆ? ਉਹ ਕਹਿਣ ਲੱਗੇ, "ਮੈਨੂੰ ਪਛਾਣ, ਤੇ ਯਾਦ ਕਰ, ਤੂੰ ਮੈਨੂੰ ਕਿਹਾ ਸੀ ਕਿ ਮੇਰੇ ਤੇ ਮਾਇਆ ਪਾ ਦਿਓ, ਕੋਈ ਅਸਰ ਨਹੀਂ ਹੋਏਗਾ, ਅਜੇ ਤਾਂ ਇਕ ਮਿੰਟ ਹੋਇਆ ਹੈ।" ਉਹ ਕਹਿਣ ਲੱਗਿਆ, ਇਕ ਮਿੰਟ? ਚਾਲੀ ਸਾਲ ਤਾਂ ਮੈਨੂੰ ਪ੍ਰਦੇਸੀ ਨੂੰ ਇਥੇ ਰਹਿੰਦੇ ਨੂੰ ਗੁਜਰ ਗਏ ਹਨ, ਇਸ ਗੱਲ ਤੇ ਮੈਨੂੰ ਯਕੀਨ ਨਹੀਂ ਆ ਰਿਹਾ। ਕ੍ਰਿਸ਼ਨ ਮਹਾਰਾਜ ਨੇ ਕਿਰਪਾ ਕੀਤੀ, ਮੂੰਹ ਤੇ ਹਲਕਾ ਜਿਹਾ ਥੱਪੜ ਮਾਰਿਆ ਤੇ ਮਾਇਆ ਲਾਹ ਕੇ ਪਾਸੇ ਕਰ ਦਿਤੀ ਤੇ ਅਰਜਨ ਹੈਰਾਨ ਹੋ ਗਿਆ ਪਰੰਤੂ ਉਸ ਦੀ ਸਿਮ੍ਰਤੀ ਨਹੀਂ ਉਤਰੀ, ਉਹ ਉਸੇ ਤਰ੍ਹਾਂ ਹੈ। ਘਰਵਾਲੀ ਦਾ ਪਿਆਰ ਅਜੇ ਹਿਰਦੇ 'ਚੋਂ ਨਹੀਂ ਨਿਕਲ ਸਕਿਆ। ਸਭ ਕੁਝ ਭਾਵੇਂ ਅਣਹੋਇਆ ਸੀ, ਕਿਉਂਕਿ ਨਾ ਕੋਈ ਟੱਬਰ ਸੀ ਤੇ ਨਾ ਕੋਈ ਇਸਤਰੀ ਸੀ। ਉਸ ਨੇ ਹਾਲੇ ਸਰੋਵਰ 'ਚੋਂ ਪਾਣੀ ਦੀ ਗੜਵੀ ਨਹੀਂ ਸੀ ਭਰੀ, ਕੇਵਲ ਇੰਨਾਂ ਹੀ ਸਮਾਂ ਲੱਗਿਆ ਸੀ।

***'ਚਲਦਾ'***

**LLLLLLL**

## ਜ਼ਰੂਰੀ ਬੇਨਤੀਆਂ

1. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
2. ਰਿਨੂਅਲ ਦਾ ਚੰਦਾ ਭੇਜਣ ਸਮੇਂ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ।
3. Out station (ਬਾਹਰਲੇ ਸ਼ਹਿਰਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ ਚੈਕ ਕੈਸ਼ ਕਰਨ ਦਾ ਖਰਚਾ ਪਾ ਕੇ ਕੁਲ 220/- ਰੁਪਏ ਦਾ ਚੈਕ ਭੇਜਿਆ ਜਾਵੇ।
4. ਮਨੀਆਰਡਰ ਉਪਰ ਆਪਣਾ ਪਤਾ ਅਤੇ 'ਆਤਮ ਮਾਰਗ' ਦਾ ਪੂਰਾ ਪਤਾ ਮੋਟੇ ਅੱਖਰਾਂ ਵਿਚ ਸਪਸ਼ਟ ਕਰਕੇ ਲਿਖੋ - 'ਆਤਮ ਮਾਰਗ' ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ, ਡਾਕ : ਮੁਲਾਂਪੁਰ ਗਰੀਬਦਾਸ (ਨੇੜੇ ਚੰਡੀਗੜ੍ਹ), ਜ਼ਿਲਾ - ਰੋਪੜ 140901,
5. 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ। ਇਸ ਸੂਰਤ ਵਿਚ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
6. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਪੂਰਾ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰੇ।
7. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।


**For more information**
**please visit us on internet at :-**
**http://www.atammarg.org**
**&**
**http://www.atammarg.com**





Sri Satguru Jagjit Singh Ji eLibrary NamdhariElibrary@gmail.com

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ
## ਸੰਤ ਵਰਿਆਮ ਸਿੰਘ ਜੀ ਵਲੋਂ

# ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

### ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 50/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 155/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਕਿਵ ਸਚਿਆਰਾ ਹੋਈਐ - ਭਾਗ ਤੀਜਾ | ਭੇਟਾ 80/- |
| 7. ਹੋਵੈ ਅਨੰਦੁ ਘਣਾ | ਭੇਟਾ 25/- |
| 8. ਚਉਥੈ ਪਹਰਿ ਸਬਾਹ ਕੈ | ਭੇਟਾ 55/- |
| 9. ਸੁਰਤਿਆਂ ਉਪਜੈ ਚਾਉ | ਭੇਟਾ 40/- |
| 10. ਬਾਬਾਣੀਆਂ ਕਹਾਣੀਆਂ | ਭੇਟਾ 50/- |
| 11. ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 12. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| 13. ਅਮਰ ਜੋਤਾਂ | ਭੇਟਾ 15/- |
| 14. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 15. ਅੰਮ੍ਰਿਤ ਫੁਹਾਰ | ਭੇਟਾ 10/- |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ 'ਆਤਮ ਮਾਰਗ' ਅਤੇ 'ਰਤਵਾੜਾ ਸਾਹਿਬ' ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 25/- ਅਤੇ ਸਾਰਾ ਸੈਟ ਲੈਣ ਲਈ 50/- ਰੁ: ਡਾਕ ਖਰਚ ਵੀ ਭੇਜਣ ਦੀ ਕ੍ਰਿਪਾਲਤਾ ਕਰੋ ਜੀ।

**-: ਮਿਲਣ ਦਾ ਪਤਾ : -**


**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
(ਪਬਲੀਕੇਸ਼ਨ ਬਰਾਂਚ)
ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ
ਡਾਕ : ਮੁਲਾਂਪੁਰ ਗਰੀਬਦਾਸ
ਜ਼ਿਲਾ - ਰੋਪੜ 140901
ਫੋਨ ਨੰ: Code | Local - 918 / STD - 01888 | 39218, 39517


### ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 235/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 65/- |
| 5. ਸੁਰਤਿਆ ਉਪਜੈ ਚਾਉ ॥ | ਭੇਟਾ 45/- |
| 6. ਹੋਵੈ ਅਨੰਦੁ ਘਣਾ | ਭੇਟਾ 30/- |
| 7. ਸੁਰਤਿ ਸਬਦਿ ਮਾਰਗ | ਭੇਟਾ 70/- |
| 8. ਅਮਰ ਜੋਤਾਂ | ਭੇਟਾ 15/- |
| 9. ਬਾਬਾਣੀਆਂ ਕਹਾਣੀਆਂ | ਭੇਟਾ 50/- |
| 10. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 11. ਅੰਮ੍ਰਿਤ ਫੁਹਾਰ | ਭੇਟਾ 10/- |
| 12. ਅਗੰਮ ਅਗੋਚਰ ਦਾ ਮਾਰਗ | ਭੇਟਾ 70/- |
| 13. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| 14. ਚਉਥੈ ਪਹਰਿ ਸਬਾਹ ਕੈ | ਭੇਟਾ 60/- |

### English

| | |
|---|---|
| 1. BAISAKHI | Rs. 5/- |
| 2. HOW REND THE VEIL OF UNTRUTH | Rs. 70/- US$ 10 |
| 3. DISCOURSES ON THE BEYOND (Part I ) | Rs 50/- US$ 5 |
| 4. DISCOURSES ON THE BEYOND (Part II ) | Rs. 50/- US$ 5 £ 3 |
| 5. THE WAY TO THE IMPERCEPTIBLE | RS. 80/- US$ 10 |
| 6. The Lights Immortal | Rs. 20/- US$ 2 £ 1 |
| 7. Transcendental Bliss | Rs. 70/- US$ 10 £ 5 |
| 8. The Dawn of Khalsa Ideals | RS. 10/- US$ 2 £ 1 |
| 9. How to know Thy Real Self (Part I ) | RS. 70/- US$ 10 |




Sri Satguru Jagjit Singh Ji eLibrary NamdhariElibrary@gmail.com

# ਰੰਗਲੇ ਸੱਜਣ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

**ਨੋਟ – ਅਸੀਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਲਿਖਤ ਪੁਸਤਕ 'ਰੰਗਲੇ ਸੱਜਣ' ਮੈਗਜ਼ੀਨ 'ਆਤਮ ਮਾਰਗ' ਵਿਚ ਲੜੀਵਾਰ ਛਾਪਣੀ ਸ਼ੁਰੂ ਕਰ ਰਹੇ ਹਾਂ। ਉਨ੍ਹਾਂ ਦੀਆਂ ਹੋਰ ਭੀ ਬਹੁਤ ਸਾਰੀਆਂ ਲਿਖਤਾਂ ਹਨ ਜਿਨ੍ਹਾਂ ਨੂੰ ਇਕ-ਇਕ ਕਰਕੇ 'ਆਤਮ ਮਾਰਗ' ਵਿਚ ਦਿੰਦੇ ਰਹਾਂਗੇ। ਇਨ੍ਹਾਂ ਪੁਸਤਕਾਂ ਦੇ ਲੇਖ ਛਾਪਣ ਲਈ 'ਭਾਈ ਸਾਹਿਬ ਰਣਧੀਰ ਸਿੰਘ ਟਰੱਸਟ' ਪਾਸੋਂ ਜ਼ੁਬਾਨੀ ਤੌਰ ਤੇ ਪ੍ਰਵਾਨਗੀ ਲੈ ਲਈ ਗਈ ਹੈ। ਆਸ ਕਰਦੇ ਹਾਂ ਕਿ ਪਾਠਕ ਇਨ੍ਹਾਂ ਲਿਖਤਾਂ ਨੂੰ ਪੜ੍ਹ ਕੇ ਜੀਵਨ ਸੇਧ ਪ੍ਰਾਪਤ ਕਰਨਗੇ।**

## ਜੀਵਨੀ

### ਬਾਬਾ ਰਾਮ ਸਿੰਘ ਅਤੇ ਮਾਈ ਪ੍ਰੇਮ ਕੌਰ ਜੀ ਫੱਲੇਵਾਲ (ਲੁਧਿਆਣਾ)

ਇਹ ਦੋਵੇਂ ਗੁਰਮੁਖ ਪਿਆਰੜੀਆਂ ਰੂਹੜੀਆਂ ਜਿੰਦਾਂ ਪਿੰਡ ਫੱਲੇਵਾਲ ਦੇ ਵਸਨੀਕ ਸਨ, ਜੋ ਨਾਰੰਗਵਾਲ ਤੋਂ ਤਿੰਨ ਮੀਲ ਦੇ ਫਾਸਲੇ ਤੇ ਦੱਖਣ ਵੱਲ ਹੈ। ਸਿਰੀ ਬਾਬਾ ਰਾਮ ਸਿੰਘ ਜੀ ਫੌਜ ਵਿਚ ਮੁਲਾਜ਼ਮ ਸਨ। 33 ਸਾਲ ਦੀ ਉਮਰ ਵਿਚ ਹੀ ਮੁਲਾਜ਼ਮਤ ਛੱਡ ਆਏ। ਉਨ੍ਹਾਂ ਨੂੰ ਮੁੱਢ ਤੋਂ ਹੀ ਪ੍ਰਮਾਰਥ ਦਾ ਪ੍ਰੇਮ-ਵੈਰਾਗ ਬੜੀ ਪ੍ਰਬਲ ਦਸ਼ਾ ਵਿਚ ਰਹਿੰਦਾ ਸੀ। ਚਿਰ ਤੋਂ ਇਨ੍ਹਾਂ ਦਾ ਖਿਆਲ ਸੀ ਕਿ ਕਿਸੇ ਨਾਮ ਬਾਨੀ ਦੇ ਰਸੀਏ, ਗੁਰਮੁਖ ਪੰਜਾਂ ਪਿਆਰਿਆਂ ਦੇ ਜੱਥੇ ਤੋਂ, ਜੋ ਗੁਰਮਤਿ ਰਹਿਣੀ ਬਹਿਣੀ ਦੇ ਪੂਰੇ ਸੂਰੇ ਹੋਣ, ਅੰਮ੍ਰਿਤ ਪਾਨ ਕੀਤਾ ਜਾਵੇ ਅਤੇ ਗੁਰਮੰਤ੍ਰ ਗੁਰਦੀਖਿਆ ਲੈ ਕੇ ਨਾਮ ਅਭਿਆਸ ਵਿਚ ਹਮਾਤਨ ਹੋ ਕੇ ਜੁਟਿਆ ਜਾਵੇ। ਮੁਲਾਜ਼ਮਤ ਛੱਡਣ ਤੋਂ ਕੁਛ ਦਿਨ ਪਹਿਲਾਂ ਇਨ੍ਹਾਂ ਨੂੰ ਸੁਪਨ-ਸਾਰਖਾ ਚਮਤਕਾਰ (vision) ਹੋਇਆ ਕਿ – 'ਜਿਸ ਲੋਚਾ ਨੂੰ ਤੁਸੀਂ ਲੋਚਦੇ ਹੋ, ਉਹ ਤੁਹਾਡੀ ਲੋਚਾ (ਇੱਛਾ) ਨਿਰਬਾਣ ਕੀਰਤਨੀ, ਨਾਮ ਅਭਿਆਸੀ ਜਥੇ ਵਿਚ ਪੂਰੀ ਹੋਵੇਗੀ। ਉਥੇ ਖੂਬ ਗਹਿਗਹੇ ਰੰਗ ਚੜ੍ਹਨਗੇ। ਓਥੇ ਜਾਓ! ਖੂਬ ਸੇਵ ਕਮਾਓ!! ਜਥੇ ਵਿਚ ਰਲ ਕੇ ਘੁਲ ਮਿਲ ਘਿੱਚ ਹੋ ਜਾਓ।'

ਸਿਰੀ ਬਾਬਾ ਰਾਮ ਸਿੰਘ ਜੀ ਨੂੰ ਇਸ ਚਮਤਕਾਰਕ ਖੇਡ ਦਾ ਵਰਤਣਾ ਹੀ ਸੀ ਕਿ ਇਹ ਫੌਰਨ ਸਰਕਾਰੀ ਨੌਕਰੀ ਨੂੰ ਤਲਾਂਜਲੀ ਦੇ ਕੇ ਘਰ ਆ ਗਏ। ਘਰ ਵੀ ਇਹ ਪਿੰਡ ਵਿਚ ਗੁਜ਼ਾਰੇ ਜੋਗੀ ਜ਼ਮੀਨ ਦੇ ਮਾਲਕ ਸਨ। ਇਨ੍ਹਾਂ ਦੀ ਇਕੋ ਇਕ ਪਤਨੀ ਹੀ ਇਨ੍ਹਾਂ ਦਾ ਪਰਿਵਾਰ ਸੀ। ਪਤਨੀ ਬੜੀ ਆਗਿਆਕਾਰ ਸੀ। ਦੋਵਾਂ ਨੇ ਪ੍ਰਸਪਰ ਸਹਿਮਤ ਹੋ ਕੇ ਜਹਾਜ਼ੇ ਚੜ੍ਹਨਾ (ਅੰਮ੍ਰਿਤ ਛਕਣਾ) ਮਿਥ ਲਿਆ। ਸੋ ਸ਼ੁਭ ਅਵਸਰ ਜੁੜਨ ਤੇ, ਇਨ੍ਹਾਂ ਦੋਹਾਂ ਨੇ ਖੰਡੇ ਦਾ ਅੰਮ੍ਰਿਤ ਛਕ ਲਿਆ। ਸਿਰੀ ਬਾਬਾ ਰਾਮ ਸਿੰਘ ਦਾ ਨਾਉਂ ਤਾਂ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਰਖਿਆ ਹੋਇਆ ਸੀ, ਇਸ ਲਈ ਇਨ੍ਹਾਂ ਦਾ ਨਾਉਂ ਇਹੀ ਰਿਹਾ। ਇਨ੍ਹਾਂ ਦੀ ਪਤਨੀ ਦਾ ਨਾਉਂ ਮਾਈ ਪ੍ਰੇਮ ਕੌਰ ਹੋ ਗਿਆ। ਫੇਰ ਆਯੂ ਪਰਯੰਤ ਮਾਈ ਪ੍ਰੇਮ ਕੌਰ ਨਾਮ ਨਾਲ ਪ੍ਰਸਿੱਧ ਰਹੇ। ਜੱਥੇ ਦੇ ਅਸੂਲਾਂ ਅਨੁਸਾਰ ਇਨ੍ਹਾਂ ਦੇ ਫੇਰੇ ਘੇਰੇ ਉਧੇੜ ਕੇ ਗੁਰਮਤਿ ਅਨੁਸਾਰ ਪੁਨਰ ਆਨੰਦ-ਵਿਵਾਹ ਦੋਹਾਂ ਦਾ ਕੀਤਾ ਗਿਆ। ਇਸ ਸਮੇਂ ਤੋਂ ਲੈ ਕੇ ਇਹ ਦੰਪਤਿ ਜੋੜੀ, ਸੰਗਤਾਂ ਦੀ ਸੇਵਾ ਭਾਵ ਆਨੰਦ ਵਿਚ ਸਦੀਵੀ ਹੀ ਤਤਪਰ ਰਹੀ। ਨਾਮ ਜਪਣ, ਹੱਥੀਂ ਸੇਵਾ ਕਰਨ, ਵੰਡ ਛਕਣ, ਲੰਗਰ ਚਲਾਵਣ ਵਿਚ ਇਹ ਜੋੜੀ ਆਪਣੀ ਮਿਸਾਲ ਆਪ ਹੀ ਸਨ। ਦੋਹਾਂ ਦਾ ਸ਼ਾਂਤ-ਸਤੋ-ਗੁਣੀ ਸੁਭਾਵ ਸੀ, ਸਤ ਸੰਤੋਖ ਵਿਚ ਨਿਪੁੰਨ ਸਨ। ਪੂਰੀ ਭਾਉ ਭਾਵਨੀ ਸਹਿਤ ਸੰਗਤਾਂ ਦੀ ਹੱਥੀਂ ਸੇਵਾ ਕਰਨ ਵਿਚ ਆਯੂ ਪ੍ਰਯੰਤ ਜੁਟੇ ਰਹੇ। ਕਦੇ ਅੱਕਣ ਨਹੀਂ, ਕਦੇ ਥੱਕਣ ਨਹੀਂ, ਸੀਲ ਸੁਭਾਵ ਐਸਾ ਕਿ ਸਭਨਾਂ ਦੇ ਬੋਲ ਕੁਬੋਲ ਝੱਲਣੇ, ਅਗੋਂ ਉਫ਼ ਨਹੀਂ ਕਰਨੀ। ਬਰਸਾਂ ਬੱਧੀ ਅਖੰਡ ਪਾਠ ਸਮਾਗਮਾਂ ਤੇ ਅਤੁੱਟ ਲੰਗਰ ਸਜਾਉਣਾ, ਵਰਤਾਉਣਾ, ਸੰਗਤਾਂ ਨੂੰ ਛਕਾਉਣਾ ਇਨ੍ਹਾਂ ਦਾ ਪ੍ਰੇਮ-ਭੂਸ਼ਨੀ-ਆਹਰ ਰਿਹਾ। ਕਦੇ ਵੀ ਲੰਗਰ ਵਿਚ ਤੋਟ ਨਾ ਆਈ, ਚਾਹੇ ਕਿਤਨੀਆਂ ਸੰਗਤਾਂ ਫੌਜਾਂ ਆ ਕੇ ਗਫੇ ਲਾਵਣ। ਇਨ੍ਹਾਂ ਦੇ ਨਿਮਰੀ ਸੁਭਾ ਦਾ ਸਦਕਾ ਛਕਣਹਾਰਿਆਂ ਦੇ ਅੰਦਰ ਇਕ ਆਕਰਖਣ ਸ਼ਕਤੀ ਨਾਲ ਨਿਮ੍ਰਤਾ ਪ੍ਰਵੇਸ਼ ਹੋ ਜਾਂਦੀ ਸੀ। ਅੰਮ੍ਰਿਤ ਬਚਨ ਵਾਲਿਆਂ ਦੇ ਹੱਥੋਂ ਅੰਮ੍ਰਿਤ ਭੋਜਨ ਛਕਣ ਦਾ ਅੰਮ੍ਰਿਤੀ ਪ੍ਰਭਾਵ ਹੀ ਪ੍ਰਭਾਵਤ ਹੁੰਦਾ ਰਿਹਾ। ਇਕ ਛਿਨ ਵੀ ਇਨ੍ਹਾਂ ਦਾ ਨਾਮ ਅਭਿਆਸ ਸਿਮਰਨ ਤੋਂ ਖਾਲੀ ਨਹੀਂ ਜਾਂਦਾ ਸੀ। ਲੰਗਰ ਦੀ ਸੇਵਾ ਨਿਭਾਉਂਦੇ ਹੋਏ, ਨਾਲ ਨਾਲ ਨਾਮ ਦਾ ਖੰਡਾ ਵੀ ਖੜਕਾਉਂਦੇ ਰਹਿੰਦੇ ਸਨ। ਕਈ ਸਮੇਂ ਐਸੇ ਦੇਖੇ ਗਏ ਕਿ ਲੰਗਰ ਵਿਚ ਬੈਠੇ ਬਿਠਾਇਆਂ ਇਨ੍ਹਾਂ ਨੇ ਸਮਾਧੀ-ਸਥਿਤ ਹੋ ਜਾਣਾ। ਹਮੇਸ਼ਾ ਖਾਸ ਖਿਆਲ ਰੱਖ ਕੇ ਅਖੰਡ ਪਾਠ ਅਤੇ ਅਖੰਡ-ਕੀਰਤਨ-ਮੰਡਲ ਦੇ ਨਿਕਟ ਹੀ ਇਨ੍ਹਾਂ ਦਾ ਲੰਗਰ-ਅਸਥਾਨ ਹੋਇਆ ਕਰਦਾ ਸੀ। ਅੰਮ੍ਰਿਤ ਬਾਣੀ, ਸੇਵਾ ਕਰਦਿਆਂ ਹੋਇਆਂ ਇਨ੍ਹਾਂ ਦੀ ਕੰਨੀਂ ਪੈਂਦੀ ਰਹਿਣੀ, ਜਿਸ ਕਰਕੇ ਅੰਮ੍ਰਿਤ-ਕਲਾ ਐਸੀ ਵਰਤਣੀ ਕਿ ਇਨ੍ਹਾਂ ਦੇ ਅੰਮ੍ਰਿਤ ਬੁਰੱਕੜੇ ਨੂਰਾਨੀ ਚੇਹਰੇ ਤੱਕ ਤੱਕ ਹੀ ਦ੍ਰਿਸ਼ਟੇ ਜਨਾਂ ਦੀ ਰੁਮਾਵਲੀ ਅੰਦਰ ਜੀਵਨ-ਅਨੰਦ ਦੀ ਲਹਿਰ ਫਿਰ ਜਾਂਦੀ ਸੀ। ਵਾਧਾ ਇਹ ਕਿ ਇਹ "ਏਕ ਜੋਤਿ ਦੁਇ ਮੂਰਤੀ" ਵਾਲੀ ਧੰਨ-ਪਿਰੀ ਜੋੜੀ ਅਖਰਾਂ ਵਲੋਂ ਅਨਪੜ੍ਹ ਹੀ ਸੀ, ਗੁਰਬਾਣੀ ਦਾ ਪਾਠ ਗੁਟਕੇ ਤੋਂ ਵੀ ਨਹੀਂ ਕਰ ਸਕਦੇ ਸੀ। ਪ੍ਰੰਤੂ –

***ਜੋ ਪ੍ਰਾਣੀ ਗੋਵਿੰਦੁ ਧਿਆਵੈ॥***
***ਪੜਿਆ ਅਣਪੜਿਆ ਪਰਮ ਗਤਿ ਪਾਵੈ॥ ੧॥***

***ਪੰਨਾ – 197***

ਗੁਰਵਾਕ ਦੇ ਭਾਵ ਅਨੁਸਾਰ ਅਨਪੜ੍ਹ-ਪੜ੍ਹਿਆਂ ਦੀ ਇਹ ਨਾਮ ਅਭਿਆਸੀ ਜੋੜੀ ਅਨੇਕਾਂ ਪੜ੍ਹਿਆਂ ਨਾਲੋਂ ਅਧਿਕ ਗੁਰ-ਗੰਮਿਤ ਤੱਤ ਵਾਲਾ ਆਤਮ-ਪਰਮਾਤਮੀ ਗਿਆਨ ਰਖਦੀ



Sri Satguru Jagjit Singh Ji eLibrary NamdhariElibrary@gmail.com

ਸੀ। ਹਰ ਵਕਤ ਹੀ ਮਗਨ-ਅਨੰਦ ਰਹਿਣਾ। ਜਿਸ ਕਿਸੇ ਨੇ ਲੰਗਰ ਦੇ ਵਿਚ ਆ ਕੇ ਇਨ੍ਹਾਂ ਪਾਸੋਂ ਕੋਈ ਸ਼ੈ ਤਲਬ ਕਰਨੀ, ਇਨ੍ਹਾਂ ਨੇ ਬੜੀ ਮਿੱਠੀ ਧੁਨੀ ਵਿਚ ਸਵੀਕਾਰਤਾ ਸਹਿਤ ਆਗਿਆ ਪਾਲਨ ਕਰਨੀ। ਐਸਾ ਸਬਰ ਸੰਤੋਖ ਅਤੇ ਸਹਿਨ-ਸ਼ੀਲਤਾ ਵਾਲਾ ਗੁਣ ਵਿਰਲੇ ਗੁਰਸਿੱਖਾਂ ਵਿਚ ਹੀ ਅਜ ਤਾਈਂ ਦੇਖਣ ਵਿਚ ਆਇਆ ਹੈ। ਘਰ ਦੀ ਕਮਾਈ, ਖੇਤੀ ਬਾੜੀ ਸਭ, ਇਨ੍ਹਾਂ ਨੇ ਸੁਲੇਖੇ (ਗੁਰੂ ਲੇਖੇ) ਲਾ ਕੇ ਸੰਗਤਾਂ ਨੂੰ ਸਮਰਪਨ ਕਰ ਦੇਣੀ। ਇਨ੍ਹਾਂ ਨੂੰ ਸਤਿਗੁਰੂ ਨੇ ਇਕ ਐਸੀ ਲਵੇਰੀ ਗਊ ਬਖ਼ਸ਼ੀ ਹੋਈ ਸੀ ਜਿਸ ਨੇ ਸਾਰਾ ਸਾਲ ਸਮੁੰਦਰ (ਦੁੱਧ) ਦੇਂਦੇ ਰਹਿਣਾ; ਜਦੋਂ ਚਾਹੋ ਅਤੇ ਜਿਸ ਵੇਲੇ ਲੋੜ ਪਵੇ, ਧਾਰ ਚੋ ਲੈਣੀ। ਚਾਹੇ ਅੱਧੀ ਰਾਤ ਗਈ ਤੇ ਘਰ ਪ੍ਰਾਹੁਣੇ ਆ ਜਾਣ, ਓਦੋਂ ਹੀ ਇਸ ਗਊ ਨੇ ਮਿਲ ਪੈਣਾ ਅਤੇ ਦੁੱਧ ਦੇ ਦੇਣਾ। ਇਸ ਗਊ ਦਾ ਨਾਉਂ ਅਸੀਂ ਸਾਰਿਆਂ ਜਥੇ ਵਾਲਿਆਂ ਨੇ 'ਸੁਰਾ ਗਊ' ਰਖਿਆ ਹੋਇਆ ਸੀ। ਨਾਮ ਜਪਦੇ ਜਪਦੇ ਮਾੜੀਆਂ ਜਿਹੀਆਂ ਕਣੀਆਂ ਪੈਣ ਤੇ ਹੀ ਆਪਣੀ (ਧਰਤੀ ਵਿਚ) ਜਿਸ ਫਸਲ ਦਾ ਬੀਜ ਬੋਣਾ, ਨਾਲ ਦੇ ਖੇਤਾਂ ਵਾਲਿਆਂ ਨਾਲੋਂ ਦੁਗਣਾ ਚੌਗਣਾ ਹੋ ਕੇ ਉਗਣਾ, ਐਸੀ ਬਰਕਤ ਸੀ-ਇਨ੍ਹਾਂ ਦੀ ਕਮਾਈ ਵਿਚ। ਇਨ੍ਹਾਂ ਦੀ ਖੇਤੀ-ਬਾੜੀ ਤੋਂ ਉਗੇ ਹੋਏ ਸਾਬਤ ਮਾਂਹ ਸੰਗਤ ਵਿਚ ਮਸ਼ਹੂਰ ਸਨ। ਸਾਬਤੇ ਮਾਂਹ ਦਾ ਦਾਲਾ ਸਰਬ ਲੋਹ ਦੇ ਕੜਾਹਿਆਂ ਵਿਚ ਰਿੰਨ੍ਹ ਕੇ ਨਾਮ ਅਭਿਆਸੀ ਸੁਰਤੀ ਬਿਰਤੀ ਨਾਲ ਵਿੰਨ੍ਹ ਕੇ, ਤਿਆਰ ਕਰ ਕੇ ਸੰਗਤਾਂ ਨੂੰ ਪ੍ਰਸ਼ਾਦੇ ਨਾਲ ਛਕਾਉਣਾ, ਦਾਲਾ ਮੂੰਹੋਂ ਨਾ ਲਹਿਣਾ। ਬੜਾ ਹੀ ਸਵਾਦਲਾ, ਰਸ ਬਿਸਮਾਦ ਹੋਇਆ ਕਰਦਾ ਸੀ। ਰੱਜ ਰੱਜ ਕੇ ਸੰਗਤਾਂ ਨੇ ਛਕਣਾ, ਕਦੇ ਤੋਟ ਨਾ ਆਉਣੀ, ਚਾਹੇ ਪੂਰਾਂ ਦੇ ਪੂਰ ਸੰਗਤਾਂ ਦੇ ਆ ਜਾਣ।

ਮਾਈ ਪ੍ਰੇਮ ਕੌਰ ਜੀ ਤਾਂ ਸਧਾਰਨ ਬਿਰਤੀ ਵਾਲੀ, ਐਸੀ ਨਾਮ ਅਭਿਆਸਣੀ ਗੁਰਮੁਖ ਮਾਈ ਸੀ ਕਿ ਲਗਾਤਾਰ ਇਸ ਬਿਧ ਸੇਵਾ ਨਿਭਾਉਂਦਿਆਂ ਨਿਭਾਉਂਦਿਆਂ ਇਸ ਮਾਈ ਜੀ ਨੂੰ ਅਗਮ ਨਿਗਮ ਦੀ ਸੋਝੀ ਹੋ ਗਈ ਸੀ। ਉਹ ਅਸਾਨੂੰ ਇਸ ਤਰ੍ਹਾਂ ਪਤਾ ਲਗਾ ਕਿ ਅਸੀਂ ਜਦੋਂ ਭੀ ਨਾਰੰਗਵਾਲ ਤੋਂ ਫੱਲੇਵਾਲ ਜਾਣਾ, ਚਾਹੇ ਕਿਸੇ ਵੇਲੇ ਜਾਈਏ, ਅਗੋਂ ਮਾਈ ਜੀ ਨੇ ਸਾਡੇ ਛਕਣ ਲਈ ਲੱਸੀ ਅਤੇ ਮਿੱਸੇ ਪ੍ਰਸ਼ਾਦੇ ਤਿਆਰ ਕੀਤੇ ਹੁੰਦੇ। ਇਸੇ ਪ੍ਰਕਾਰ ਅਨੇਕਾਂ ਵਾਰ ਐਸਾ ਹੀ ਹੋਇਆ। ਇਕ ਵਾਰ ਅਸੀਂ ਪ੍ਰੇਮ ਗੁਫਤਾਰ ਕਰਦੇ ਕਰਦੇ ਮਾਈ ਜੀ ਤੋਂ ਪੁਛ ਬੈਠੇ ਕਿ ਜਦੋਂ ਵੀ ਅਸੀਂ ਏਥੇ ਆਉਂਦੇ ਹਾਂ, ਚਾਹੇ ਕਿਸੇ ਵੇਲੇ ਆਈਏ, ਤੁਸੀਂ ਸਾਡੇ ਆਇਆਂ ਨੂੰ ਸੱਜਰਾ ਆਹਾਰ ਰਖਦੇ ਹੋ; ਤੁਹਾਨੂੰ ਇਹ ਕਿਵੇਂ ਪਤਾ ਲਗਦਾ ਹੈ? ਤਾਂ ਮਾਈ ਜੀ ਨੇ ਹਸਦੇ ਹਸਦੇ ਭਾਈ ਸਰਵਣ ਸਿੰਘ ਜੀ ਦੇ ਉਪਰ ਗੱਲ ਟਾਲ ਦਿਤੀ ਅਤੇ ਉਨ੍ਹਾਂ ਦੇ ਹੀ ਮੱਥੇ ਮੜ੍ਹ ਦਿਤੀ। (ਭਾਈ ਸਰਵਣ ਸਿੰਘ ਜੀ ਪਾਸ ਹੀ ਬੈਠੇ ਸਨ)। ਮਾਈ ਕਹਿਣ ਲੱਗੀ, "ਬਾਈ, ਮੈਨੂੰ ਤਾਂ ਸਰਵਣ ਸਿੰਘ ਹੀ ਦਸ ਦਿੰਦੇ ਹਨ ਕਿ ਪ੍ਰਸ਼ਾਦੇ ਆਦਿ ਤਿਆਰ ਕਰੋ, ਬਾਈ ਜੀ ਆ ਰਹੇ ਹਨ (ਓਦੋਂ ਮੈਨੂੰ ਸਾਰੇ ਜਥੇ ਵਾਲੇ ਸਿੰਘ ਪ੍ਰਸਪਰ ਬਾਈ ਜੀ ਦੇ ਨਾਮ ਨਾਲ ਮੁਖ਼ਾਤਬ ਕਰਕੇ ਪੁਕਾਰਿਆ ਕਰਦੇ ਸਨ)। ਓਦੋਂ ਹੀ ਮੈਨੂੰ ਭਾਈ ਸਰਵਣ ਸਿੰਘ ਹੋਰੀਂ ਦਸ ਦਿੰਦੇ ਸਨ ਕਿ ਹੁਣ ਬਾਈ ਜੀ ਨਾਰੰਗਵਾਲ ਤੋਂ ਤੁਰ ਪਏ ਹਨ, ਇਤਨੇ ਸਿੰਘ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਦੇ ਮੋਢੇ ਤੇ ਸਫਾਜੰਗ ਹੈ ਅਤੇ ਇਸ ਪ੍ਰਕਾਰ ਖਾਲਸਈ ਬਾਣਾ ਉਨ੍ਹਾਂ ਨੇ ਸਜਾਇਆ ਹੋਇਆ ਹੈ। ਇਹਨਾਂ ਦੇ ਦੱਸਣ ਸਾਰ ਹੀ ਮੈਂ ਓਦੋਂ ਹੀ ਆਹਰ ਵਿਚ ਜੁਟ ਜਾਂਦੀ ਹਾਂ। ਮੈਂ ਭਾਈ ਸਰਵਣ ਸਿੰਘ ਜੀ ਨੂੰ ਕੈਰੀ ਨਿਗ੍ਹਾ ਨਾਲ ਡਾਂਟ ਕੇ ਆਖਿਆ ਕਿ ਤੈਨੂੰ ਰਿਧੀ ਸਿਧੀ ਫੁਰਨ ਲਗ ਪਈ ਹੈ; ਹਜ਼ਮ ਨਹੀਂ ਹੁੰਦੀ? ਅਜਰ ਨੂੰ ਜਰਨਾ ਚਾਹੀਦਾ ਹੈ। ਅਗੋਂ ਭਾਈ ਸਰਵਣ ਸਿੰਘ ਜੀ ਹੱਸ ਕੇ ਬੋਲੇ: "ਕਾਹਨੂੰ ਜੀ, ਮੈਂ ਕਦੇ ਕਾਹਨੂੰ ਮਾਈ ਜੀ ਨੂੰ ਦਸਿਆ ਹੈ, ਇਹ ਸਭ ਕੁਝ ਮਾਈ ਜੀ ਨੂੰ ਆਪੇ ਹੀ ਸੁਫੁਰਨ ਹੁੰਦਾ ਹੈ। ਹੁਣ ਮੇਰੇ ਤੇ ਗੱਲ ਟਾਲਦੇ ਹਨ।"

ਇਸ ਪ੍ਰਕਾਰ ਕਈ ਵਾਰ ਐਸੀ ਵਾਰਤਾ-ਲਾਪ ਹੋਈ। ਇਹ ਸਭ ਨਿਸ਼ਕਾਮ ਸੇਵਾ ਦਾ ਸਿੱਟਾ ਸੀ। ਅੱਜ ਦੀ ਡਾਂਟ ਫਾਂਟ ਪਿਛੋਂ ਫੇਰ ਕਦੇ ਘਟ ਵਧ ਹੀ ਮਾਈ ਜੀ ਵਲੋਂ ਆਪਣੀ ਅਵੱਸਥਾ ਦਾ ਜਣਾਵਣਾ ਹੋਇਆ। ਅਜਰ ਨੂੰ ਵਿਚੇ ਵਿਚ ਹੀ ਜਰਦੇ ਰਹੇ। ਫੇਰ ਵੀ ਸਾਡੀ ਜੇਲ੍ਹ-ਯਾਤਰਾ ਤੋਂ ਥੋੜਾ ਚਿਰ ਪਹਿਲਾਂ ਕਈ ਵਾਰ ਆਪ-ਮੁਹਾਰੇ ਇਉਂ ਆਖਿਆ ਭਾਖਿਆ ਕਰਦੇ ਸਨ, "ਬਾਈ, ਲੰਮੇ ਵਿਛੋੜੇ ਪੈਣੇ ਹਨ, ਸੁਖ ਹੋਵੇ।" ਦਾਸ ਨੇ ਇਹ ਕਹਿ ਕੇ ਉਹਨਾਂ ਨੂੰ ਚੁਪ ਕਰਾ ਦੇਣਾ ਕਿ ਜੋ ਭਾਣਾ ਕਰਤਾਰ ਦਾ ਹੈ ਸੋ ਹੋ ਕੇ ਰਹਿਣਾ ਹੈ। 1914 ਤਾਈਂ ਇਸ ਦੰਪਤਿ ਜੋੜੀ ਨੇ ਖ਼ੂਬ ਸੇਵਾ-ਸੁਰਤ ਨਿਭਾਈ। ਦਿਨੋ ਦਿਨ ਚੜ੍ਹਦੀ ਕਲਾ ਵਿਚ ਨਿਭਾਈ।

ਬਾਬਾ ਰਾਮ ਸਿੰਘ ਜੀ ਦੀ ਗੰਭੀਰਤਾ ਤੇ ਸਹਿਨ-ਸ਼ੀਲਤਾ ਤਾਂ ਹੱਦ ਦਰਜੇ ਤੇ ਪੁਜੀ ਹੋਈ ਸੀ। ਮੇਰੇ ਨਾਲ ਉਨ੍ਹਾਂ ਦਾ ਐਸਾ ਗੂੜ੍ਹਾ ਪਿਆਰ ਸੀ ਕਿ ਇਕ ਦਿਨ ਵੀ, ਛਿਨ ਮਾਤਰ, ਮੇਰੇ ਬਾਝੋਂ ਨ ਰਹਿ ਸਕਣ। ਜੋੜ-ਮੇਲੇ, ਸਤਿਸੰਗ, ਅਖੰਡ ਕੀਰਤਨ ਸਮਾਗਮ ਅਕਸਰ ਹੁੰਦੇ ਹੀ ਰਹਿੰਦੇ ਸਨ। ਜਦੋਂ ਕਦੀ ਇਨ੍ਹਾਂ ਸਮਾਗਮਾਂ ਵਿਚ ਨਾਗਾ ਪੈ ਜਾਣਾ ਅਤੇ ਸਮਾਗਮ ਨਾ ਹੋਵੇ ਤਾਂ ਝੱਟ ਭਾਈ ਸਰਵਣ ਸਿੰਘ ਹੋਰਾਂ ਨੂੰ ਲੈ ਕੇ ਨਾਰੰਗਵਾਲ ਪੁਜ ਜਾਣਾ। ਨਾਮ ਸਿਮਰਨ ਦੇ ਖੰਡੇ ਖੜਕਾਉਣੇ। ਸਭ ਨੇ ਮਿਲ ਕੇ ਕੀਰਤਨ ਆਰੰਭ ਕਰ ਦੇਣੇ। ਕੀਰਤਨ ਕਰਨ ਸੁਣਨ ਦੇ ਬੜੇ ਧਨੀ ਸਨ, ਚਾਹੇ ਸਾਜ ਕੋਈ ਭੀ ਨਹੀਂ ਵਜਾ ਸਕਦੇ ਸਨ।

ਸਿਰੀ ਬਾਬੂ ਮੱਲ ਸਿੰਘ ਜੀ ਦੇ ਪਿੰਡ ਸਰਲੀ, ਜ਼ਿਲਾ ਅੰਮ੍ਰਿਤਸਰ ਵਿਖੇ ਇਕ ਵਾਰ ਸਾਰਾ ਜੱਥਾ ਗਿਆ ਅਤੇ ਕੀਰਤਨ ਕਰਦਾ ਹੀ ਗਿਆ। ਬਾਬਾ ਰਾਮ ਸਿੰਘ ਜੀ ਦੀ, ਕੀਰਤਨ ਕਰਦਿਆਂ ਤੁਰਿਆਂ ਜਾਂਦਿਆਂ ਹੀ, ਲੋਟ-ਪੋਟ ਦਸ਼ਾ ਹੋ ਗਈ। ਸਿਰੀ ਬਾਬੂ ਜੀ ਦੇ ਗ੍ਰਿਹ ਜਾਣ ਸਾਰ ਹੀ ਅਖੰਡ ਪਾਠ ਸਮਾਗਮ ਦੇ ਤਿਆਰੇ ਆਰੰਭ ਕਰ ਦਿਤੇ। ਇਸ ਦੰਪਤਿ ਜੋੜੀ ਨੇ ਲੰਗਰ ਦੀ ਸੇਵਾ ਸਾਂਭ ਲਈ। ਪਾਸ ਹੀ ਉਧਰ ਅਖੰਡ ਪਾਠ ਹੋਵੇ ਤੇ ਇਧਰ ਇਹ ਸੇਵਾ ਵਿਚ ਮਗਨ-ਅਨੰਦ ਜੁਟੇ ਰਹਿਣ। ਸਿਰੀ ਬਾਬੂ ਜੀ ਦੇ ਵੱਡੇ ਭਰਾਤਾ ਸਿਰੀ ਭਾਈ ਵਰਿਆਮ ਸਿੰਘ ਜੀ ਨੇ ਜਦੋਂ ਵੀ ਲੰਗਰ ਵਿਚ ਆ ਕੇ ਪੁਛਣਾ ਕਿ ਕਿਸੇ ਸ਼ੈ ਦੀ ਲੋੜ ਤਾਂ ਨਹੀਂ, ਰਸਦ ਆਦਿ ਦੀ ਥੁੜ ਤਾਂ ਨਹੀਂ? ਤਾਂ ਅਗੋਂ ਸਿਰੀ ਬਾਬਾ ਰਾਮ ਸਿੰਘ ਜੀ ਨੇ



Sri Satguru Jagjit Singh Ji eLibrary NamdhariElibrary@gmail.com

ਇਹ ਉਤਰ ਦੇਣਾ, "ਸਭ ਬਿਅੰਤ ਗਫੇ ਹਨ, ਕਿਸੇ ਸ਼ੈ ਦੀ ਕੋਈ ਕਮੀ ਨਹੀਂ।" ਸਚਮੁਚ ਇਨ੍ਹਾਂ ਸੰਤੋਖੀਆਂ ਦੇ ਹੁੰਦਿਆਂ ਲੰਗਰ ਵਿਚ ਥੁੜ ਆਉਂਦੀ ਹੀ ਨਹੀਂ ਸੀ।

ਭਾਣੇ ਦੇ ਚੱਕਰ ਅੰਦਰ ਅਸੀਂ ਹੋਰ ਸਜਣਾਂ ਸਮੇਤ, ਲੁਧਿਆਣੇ ਜੇਲ੍ਹ ਵਿਚ ਆ ਨਜ਼ਰਬੰਦ ਹੋਏ, ਪਿਛੋਂ ਜਰਵਾਣਿਆਂ ਨੇ ਭਾਈ ਰਾਮ ਸਿੰਘ ਨੂੰ ਭੀ ਫੜ ਕੇ ਲਿਆਂਦਾ, ਉਹ ਅਗੋਂ ਹੀ ਅਰਦਾਸਾ ਸੋਧੀ ਬੈਠੇ ਸਨ। ਜੇਲ੍ਹ ਵਿਚ ਆਉਣ ਕਰਕੇ ਉਨ੍ਹਾਂ ਦੇ ਸਰੀਰ ਨੂੰ ਬੜੀ ਕਠਨਾਈ ਹੋਈ, ਕਿਉਂਕਿ ਇਕ ਤਾਂ ਉਨ੍ਹਾਂ ਦੀ ਅਵਸਥਾ ਬ੍ਰਿਧ ਸੀ, ਦੂਜੇ ਬਿਬੇਕ ਸਰਬ ਲੋਹ ਦਾ ਪਹਿਰਾ ਸੀ ਉਨ੍ਹਾਂ ਦਾ। ਅਨਿਆਈਂ ਗੋਰਾ ਗੌਰਮਿੰਟ ਦੀ ਜ਼ਾਲਮ ਅਦਾਲਤ ਨੇ ਇਕ ਵਾਰ ਤਾਂ ਸਾਰੇ ਜਥੇ ਨੂੰ ਉਮਰ ਕੈਦ ਸੁਣਾ ਦਿਤੀ। ਪਿਛੋਂ ਬਾਬਾ ਰਾਮ ਸਿੰਘ ਜੀ ਦੀ ਸਿਰਫ ਦੋ ਸਾਲ ਦੀ ਹੀ ਕੈਦ ਰਹਿ ਗਈ, ਉਹ ਕੱਟ ਕੇ ਸਾਥੋਂ ਬਹੁਤ ਚਿਰ ਪਹਿਲਾਂ ਬਾਹਰ ਆ ਗਏ। ਬਾਹਰ ਆਉਣ ਪਰ ਇਨ੍ਹਾਂ ਨੂੰ ਪਰਮ ਬੈਰਾਗ ਉਪਰਾਮਤਾ ਉਪਜੀ ਅਤੇ ਹਮੇਸ਼ਾ ਉਪਜਦੀ ਰਹੀ।

ਸਾਡੀਆਂ ਉਡੀਕਾਂ ਸਿੱਕਾਂ ਭਰੀਆਂ ਸਦਾ ਹੀ ਕਰਦੇ ਰਹੇ। ਉਡੀਕਾਂ ਕਰਦੇ ਕਰਦੇ ਹੀ ਅਸਾਡੇ ਰਿਹਾ ਹੋ ਕੇ ਬਾਹਰ ਆਵਣ ਤੋਂ ਚਾਰ ਮਹੀਨੇ ਪਹਿਲੇ ਪਰਲੋਕ ਨੂੰ ਪਿਆਨੇ ਕਰ ਗਏ। ਪਿਆਨੇ ਕਰਦਿਆਂ ਕਰਦਿਆਂ ਇਨ੍ਹਾਂ ਦੀ ਰੂਹ ਇਨ੍ਹਾਂ ਦੇ ਜਿਸਮ ਵਿਚੋਂ ਪਰਵਾਜ਼ ਕਰ ਕੇ ਸਾਨੂੰ ਜੇਲ੍ਹ ਵਿਚ ਬੈਠਿਆਂ ਨੂੰ ਫਤਹਿ ਬੁਲਾ ਕੇ ਗੁਰਪੁਰੀ ਸਿਧਾਰ ਗਈ।

ਭਾਣੇ ਦੀ ਕਾਰ ਹੀ ਐਸੀ ਸੀ ਪਰ ਬੜੀ ਖੁਸ਼ੀ ਵਾਲੀ ਗੱਲ ਇਹ ਹੈ ਕਿ ਸਾਰੀ ਉਮਰ ਹੀ ਕਰਤਾਰ ਦੇ ਰੰਗਾਂ ਵਿਚ ਇਨ੍ਹਾਂ ਦੀ ਵਿਹਾਈ। ਪਿਛੋਂ ਮਾਈ ਪ੍ਰੇਮ ਕੌਰ ਜੀ ਆਪਣੇ ਪੂਜ-ਪਤੀ ਦੇ ਬੈਰਾਗ ਵਿਚ ਹਾਲੋਂ ਬੇਹਾਲ ਹੋ ਗਏ। ਅਸਾਡੇ ਰਿਹਾਅ ਹੋ ਕੇ ਬਾਹਰ ਆਉਂਦਿਆਂ ਨੂੰ ਚਾਹੇ ਮਾਈ ਪ੍ਰੇਮ ਕੌਰ ਜੀ ਜੀਉਂਦੇ ਸਨ, ਪਰ ਹੋਸ਼ ਹਵਾਸ ਉਨ੍ਹਾਂ ਦੇ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਭੀ ਕਿਸੇ ਹੋਰ ਅਰੂਪ ਰੂਪੀ ਮੰਡਲ (sphere) ਵਿਚ ਮਜਜ਼ੂਬ ਰਹਿੰਦੇ ਸਨ। ਸਾਨੂੰ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਇਆਂ ਨੂੰ ਬਿਹਬਲ ਹੋ ਕੇ ਮਿਲੇ, ਪ੍ਰਸਪਰ ਪ੍ਰੇਮ-ਕਹਾਣੀਆਂ ਕੀਤੀਆਂ ਅਤੇ ਤਿੰਨਾਂ ਸਾਲਾਂ ਪਿਛੋਂ ਉਹ ਵੀ ਚਲ ਵਸੇ; ਉਸ ਗੁਰਪੁਰੀ ਵਿਚ ਹੀ ਜਾਇ ਵਸੇ, ਜਿਥੇ ਬਾਬਾ ਰਾਮ ਸਿੰਘ ਜੀ ਸਿਧਾਰੇ ਸਨ।

ਬਾਬਾ ਰਾਮ ਸਿੰਘ ਜੀ ਦੀ ਉਪਕਾਰ-ਉਦਾਰਤਾ ਅਤੇ ਕਰਣਾ ਰਸ ਦੀ ਵਾਰਤਾ ਦਾ ਇਕ ਉਦਾਹਰਣ ਏਥੇ ਵਰਨਣ ਕਰਨ ਯੋਗ ਹੈ। ਸਿਰੀ ਬਾਬਾ ਰਾਮ ਸਿੰਘ ਦੇ ਸ਼ਰੀਕ ਭਾਈਆਂ ਵਿਚੋਂ ਇਕ ਸ਼ਰੀਕ ਪਰਿਵਾਰ ਮੁਢ ਤੋਂ ਹੀ ਸਿਰੀ ਬਾਬਾ ਜੀ ਦੇ ਨਾਲ ਅਣਹੋਇਆ ਵੈਰ ਵਿਰੋਧ ਰਖਦਾ ਆਇਆ ਸੀ। ਐਸੀ ਨੇਤ ਹੋਈ ਕਿ ਨਿਕਟੀ ਪਰਿਵਾਰ ਦਾ ਇਕ ਮਾਇਆ-ਖੱਟੂ ਨੌਜਵਾਨ ਚੀਨ, ਮਲਾਇਆ ਟਾਪੂਆਂ ਵਲੋਂ ਮਾਇਆ ਦੇ ਬੋਹਲ ਖਟ ਕੇ ਕਈਆਂ ਬਰਸਾਂ ਪਿਛੋਂ ਵਾਪਸ ਪਿੰਡ ਫੱਲੇਵਾਲ ਆਇਆ ਤੇ ਬੜੀ ਭਿਆਨਕ ਬੀਮਾਰੀ ਨਾਲ ਬੀਮਾਰ ਹੋ ਕੇ ਆਇਆ। ਉਸ ਦਾ ਸਾਰਾ ਸਰੀਰ ਬੜਾ ਰਿਸ਼ਟ ਪੁਸ਼ਟ ਸੀ, ਛੇ ਫੁਟ ਲੰਮਾ ਜਵਾਨ, ਡੇਢ ਫੁਟ ਚੌੜੀ ਛਾਤੀ। ਉਸ ਨੂੰ ਅਨਾਚਿਤ ਐਸੀ ਬੀਮਾਰੀ ਲਗੀ ਕਿ ਉਸ ਦਾ ਸਰੀਰ ਤਖਤੇ ਵਾਂਗੂੰ ਹੋ ਗਿਆ; ਨਾ ਹਿਲ ਸਕੇ, ਨਾ ਸਿੱਧਾ ਬੈਠ ਸਕੇ, ਨਾ ਤੁਰ ਫਿਰ ਸਕੇ, ਨਾ ਉਸ ਦੇ ਅੰਗ ਮੁੜ ਸਕਣ; ਸਿੱਧਾ ਸਤੋਰ ਪਿਆ ਰਹੇ ਤਾਂ ਪਿਆ ਰਹੇ, ਜੇ ਖੜ੍ਹਾ ਹੈ ਤਾਂ ਖੜ੍ਹਾ ਰਹੇ। ਬੜਾ ਭਾਰੀ ਜਵਾਨ ਸੀ, ਇਸ ਨੂੰ ਤਿੰਨ ਤਿੰਨ ਚਾਰ ਚਾਰ ਆਦਮੀ ਸਾਂਭ ਸਕਦੇ ਸੀ। ਚੀਨ, ਮਲਾਇਆ ਦੇ ਨੇੜੇ ਤੇੜੇ ਡਾਕਟਰਾਂ ਹਕੀਮਾਂ ਪਾਸੋਂ ਇਲਾਜ ਕਰਾਏ, ਪਰ ਉਸ ਦੀ ਇਹ ਬੀਮਾਰੀ ਨਾ ਹਟੀ। ਬੜਾ ਪਰਮ ਦੁਖੀ ਹੋ ਕੇ, ਡਾਕਟਰਾਂ ਹਕੀਮਾਂ ਦੇ ਇਲਾਜਾਂ ਤੋਂ ਨਿਰਾਸ ਹੋ ਕੇ ਟਾਪੂਆਂ ਤੋਂ ਮੁੜ ਕੇ ਘਰ (ਫੱਲੇਵਾਲ) ਆ ਗਿਆ। ਆਉਂਦੇ ਨੇ ਹੀ ਬਾਬਾ ਰਾਮ ਸਿੰਘ ਨੂੰ ਯਾਦ ਕੀਤਾ ਕਿ ਮੈਨੂੰ ਦਰਸ਼ਨ ਦੇ ਜਾਣ। (ਉਹ ਖੁਦ ਚਲ ਕੇ ਨਹੀਂ ਜਾ ਸਕਦਾ ਸੀ।) ਜਦ ਉਸ ਦੀ ਭਿਅੰਕਰ ਬੀਮਾਰੀ ਦਾ ਹਾਲ ਬਾਬਾ ਜੀ ਨੇ ਸੁਣਿਆ ਤਾਂ ਕਰਣਾ ਰਸ ਨਾਲ ਢਲ ਕੇ ਐਸੇ ਨਰਮ ਹੋਏ ਕਿ ਸਭ ਘਰੋਗੀ ਖਾਨਦਾਨੀ ਵੈਰ ਵਿਰੋਧ ਭੁਲ ਗਏ। ਐਸਾ ਮੌਕਾ ਹੋਇਆ ਕਿ ਓਦੋਂ ਸਾਰੀ ਸੰਗਤ ਕੀਰਤਨੀ ਬੈਰਾਗੀ ਜਥਾ ਸਿਰੀ ਬਾਬਾ ਜੀ ਦੇ ਘਰ ਆ ਜੁੜਿਆ ਹੋਇਆ ਸੀ। ਜਥੇ ਤੋਂ ਆਗਿਆ ਲੈ ਕੇ ਚਲੇ ਗਏ। ਬਾਬਾ ਰਾਮ ਸਿੰਘ ਜੀ ਦੇ ਪਾਸ ਪਰਮ ਰੋਗੀ ਵੀਰ ਰੋ ਰੋ ਕੇ ਬੇਨਤੀ ਕਰਨ ਲਗਾ, ਉਹਨੇ ਸਾਰੀ ਬੀਮਾਰੀ ਦੀ ਪਿਛਲੀ ਹਾਲਤ ਦਸੀ ਅਤੇ ਆਖਿਆ: -

"ਮੈਨੂੰ ਸਾਰੇ ਡਾਕਟਰ ਹਕੀਮ, ਜਵਾਬ ਦੇ ਚੁਕੇ ਹਨ ਅਤੇ ਕਹਿ ਚੁਕੇ ਹਨ ਕਿ ਇਹ ਲਾ-ਇਲਾਜ ਬੀਮਾਰੀ ਹੈ। ਸੋ ਮੈਂ ਹੁਣ ਮਰ ਤਾਂ ਜਾਣਾ ਹੀ ਹੈ, ਐਸਾ ਉਪਕਾਰ ਕਰੋ ਕਿ ਮੇਰੇ ਨਮਿਤ ਇਕ ਅਖੰਡ ਪਾਠ ਸਿਰੀ ਗੁਰੂ ਗ੍ਰੰਥ ਸਾਹਿਬ ਦਾ ਕਰਨਾ ਅਰੰਭ ਕਰਾ ਦਿਉ। ਮੇਰੇ ਭਾਗਾਂ ਨੂੰ ਸਾਰਾ ਜਥਾ ਤੁਹਾਡੇ ਘਰ ਆਇਆ ਹੋਇਆ ਹੈ, ਰੋਗ ਬਿਦਾਰਨੀ ਸਚੇ ਵੈਦਾਂ ਸੰਦਾ ਸੰਗ ਇਕੱਠਾ ਹੋਇਆ ਹੋਇਆ ਹੈ। ਸਿਰੀ ਅਖੰਡ ਪਾਠ ਦੀ ਇਹ ਦਾਰੂ ਹਰ ਸੂਰਤ ਵਿਚ ਮੇਰੇ ਰਾਸ ਆਵੇਗੀ। ਮੈਨੂੰ ਇਸ ਗੱਲ ਦਾ ਭਰੋਸਾ ਹੈ ਕਿ ਜੇ ਸਰੀਰ ਚਲ ਗਿਆ ਤਾਂ ਕਲਿਆਣ ਹੋ ਜਾਏਗੀ, ਜੇ ਬਚ ਗਿਆ ਤਾਂ ਮੈਂ ਸਣੇ ਪਰਿਵਾਰ ਖੰਡੇ ਦਾ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਜਾਵਾਂਗਾ ਅਤੇ ਆਪਣਾ ਜਨਮ ਸਫਲਾ ਕਰਾਂਗਾ।"

ਸਿਰੀ ਬਾਬਾ ਜੀ ਉਸ ਤੋਂ ਇਹ ਗੱਲ ਸੁਣ ਕੇ ਸਜਲ ਨੇਤਰੀਂ ਹੁੰਦੇ ਹੋਏ ਸੰਗਤ ਪਾਸ ਆਏ ਤੇ ਬਿਰਹੋਂ-ਬੇਧਵੀਂ ਬੇਨਤੀ ਕੀਤੀ ਕਿ ਉਸ ਦਾ ਭਲਾ ਕਰੋ, ਸੰਗਤ ਸਭਨੀਂ ਗੱਲੀਂ ਸਮਰੱਥ ਹੈ। ਭਲਾ ਬਾਬਾ ਜੀ ਦੇ ਬਚਨਾਂ ਨੂੰ ਕੌਣ ਮੋੜੇ। ਅਖੰਡ ਪਾਠ ਦੇ ਤਿਆਰੇ ਲਈ ਦੂਸਰੇ ਦਿਨ ਹੀ ਸਭ ਸਰੰਜਾਮ ਹੋ ਗਿਆ। ਸਾਰੇ ਪਰਿਵਾਰ ਨੇ ਹਾਵ ਭਾਵ ਨਾਲ ਅਖੰਡ ਪਾਠ ਮੰਡਪ ਸਜਾਇਆ, ਸਿਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ, ਉਸ ਅਸਾਧ ਰੋਗ ਦੇ ਰੋਗੀ ਸੱਜਣ ਨੂੰ ਚਹੁੰ ਜਣਿਆਂ ਨੇ ਫੜ ਕੇ ਪੇਸ਼ ਹੋਣ ਲਈ ਖੜ੍ਹਾ ਕੀਤਾ। ਬਾਬਾ ਰਾਮ ਸਿੰਘ ਜੀ ਖੜ੍ਹੇ ਚੌਰ ਕਰ ਰਹੇ ਸਨ। ਅਭਿਆਸ-ਖਿੜਾਉ ਵਿਚ ਚੌਰ ਕਰਦੇ ਕਰਦੇ ਉਸ ਨੂੰ ਮੁਖਾਤਬ ਹੋ ਕੇ ਬੋਲੇ, "ਤੈਥੋਂ ਇਕ ਭਾਰੀ ਅਵੱਗਿਆ ਹੋਈ ਹੈ, ਪਰ ਤੈਨੂੰ ਹੁਣ ਚਿਤ ਚੇਤੇ ਵੀ ਨਹੀਂ। ਤੂੰ ਦਸ ਕਿ



Sri Satguru Jagjit Singh Ji eLibrary NamdhariElibrary@gmail.com

ਜਦੋਂ ਮਾਇਆ ਖੱਟਣ ਲਈ ਦੇਸੀਂ ਪ੍ਰਦੇਸੀਂ ਇਥੋਂ ਅਰਦਾਸਾ ਸੋਧ ਕੇ ਤੁਰਿਆ ਸੀ, ਓਦਨ ਕੋਈ ਪ੍ਰਣ-ਪ੍ਰਤੱਗਿਆ ਵੀ ਕੀਤੀ ਸੀ?" ਬਾਬਾ ਜੀ ਦੇ ਇਹ ਬਚਨ ਸੁਣ ਕੇ ਓਹ ਬੋਲ ਉਠਿਆ, "ਹਾਂ ਜੀ! ਮੈਂ ਪ੍ਰਤੱਗਿਆ ਜ਼ਰੂਰ ਕੀਤੀ ਸੀ ਅਤੇ ਇਹ ਕੀਤੀ ਸੀ ਕਿ ਮੈਂ ਆਪਣੀ ਖੱਟੀ ਕਮਾਈ ਵਿਚੋਂ ਗੁਰੂ ਦਾ ਦਸਵੰਧ ਦਿਆ ਕਰਾਂਗਾ, ਪਰ ਮੈਂ ਪਾਪੀ ਤੋਂ ਅਜ ਤਾਈਂ ਦੇ ਨਹੀਂ ਹੋਇਆ। ਦਸਾਂ ਬਾਰ੍ਹਾਂ ਵਰ੍ਹਿਆਂ ਵਿਚ ਹਜ਼ਾਰਾਂ ਰੁਪਏ ਮੈਂ ਕਮਾਏ। ਦਸਵੰਧ ਮੇਰੇ ਸਿਰ ਚੜ੍ਹਦਾ ਗਿਆ, ਮਾਇਆਵੀ ਐਸ਼-ਪ੍ਰਸਤੀ ਵਿਚ ਮੈਨੂੰ ਦਸਵੰਧ ਦੇਣ ਦਾ ਖਿਆਲ ਉੱਕਾ ਹੀ ਵਿਸਰ ਗਿਆ। ਇਹ ਬੜੀ ਭਾਰੀ ਅਵੱਗਿਆ ਹੋ ਗਈ ਹੈ। ਇਸੇ ਅਵੱਗਿਆ ਦੇ ਕਾਰਨ ਇਹ ਅਸਾਧ ਰੋਗ ਮੈਨੂੰ ਲਗਿਆ ਹੈ।" ਸੁਣ ਕੇ ਸੰਗਤ ਨੇ ਹੁਕਮ ਦਿਤਾ ਕਿ ਪਹਿਲਾਂ ਸਾਰਾ ਦਸਵੰਧ ਕੌਡੀ ਕੌਡੀ ਗਿਣ ਕੇ (ਜੋ ਦਮੜੇ ਬਣਦੇ ਹਨ) ਸਿਰੀ ਹਜ਼ੂਰ ਸਾਹਿਬ ਨੂੰ ਭੇਜ ਦਿਓ। ਫੇਰ ਤੇਰੇ ਨਮਿਤ ਸ੍ਰੀ ਅਖੰਡ ਪਾਠ ਆਰੰਭ ਕੀਤਾ ਜਾਵੇਗਾ। ਉਸਨੇ ਉਸੇ ਵਕਤ ਹੀ ਦਸਵੰਧ ਦੇ ਰੁਪਏ ਕਢ ਕੇ ਆਪਣੇ ਇਕ ਸਕੇ ਭਾਈ ਦੇ ਹੱਥ ਸ੍ਰੀ ਹਜ਼ੂਰ ਸਾਹਿਬ ਭੇਜ ਦਿਤੇ। ਫਿਰ ਉਸ ਦੇ ਨਮਿਤ ਸ੍ਰੀ ਅਖੰਡ ਦਾ ਉਦਮ-ਉਪਕਾਰ ਆਰੰਭ ਹੋਇਆ। ਸਿਰੀ ਬਾਬਾ ਜੀ ਨੇ ਹੁਕਮ ਦਿਤਾ ਕਿ ਸਾਰਾ ਅਖੰਡ ਪਾਠ ਅਤੇ ਅਖੰਡ ਕੀਰਤਨ ਆਰੰਭ ਤੋਂ ਅੰਤ ਤਾਈਂ ਸੁਣਨਾ ਹੋਵੇਗਾ। ਉਸ ਨੇ ਸਾਰੀਆਂ ਗੱਲਾਂ ਕਬੂਲ ਕੀਤੀਆਂ। ਨਾਲੇ ਇਹ ਬੇਨਤੀ ਵੀ ਕੀਤੀ ਕਿ ਮੈਥੋਂ ਬੈਠ ਤੇ ਹੋਣਾ ਨਹੀਂ, ਲੰਮਾ ਪੈ ਕੇ ਸੁਣ ਸਕਾਂਗਾ, ਭੂਮ-ਆਸਣ ਕਰਨ ਦੀ ਆਗਿਆ ਦੇ ਦਿਤੀ ਜਾਵੇ। ਸੰਗਤ ਨੇ ਖੁਸ਼ੀ ਨਾਲ ਆਗਿਆ ਦੇ ਦਿਤੀ। ਬਾਬਾ ਰਾਮ ਸਿੰਘ ਜੀ ਕਹਿਣ ਲਗੇ, "ਤਕੜੇ ਹੋਵੋ, ਦੇਖੋ ਕੀ ਭਾਣਾ ਵਰਤਦਾ ਹੈ!" ਅੰਮ੍ਰਿਤ ਵੇਲੇ ਹੀ ਚਾਰ ਵਜੇ ਸਿਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ। ਗਿਆਰਾਂ ਵਜੇ ਅਖੰਡ ਕੀਰਤਨ ਦਾ ਭੋਗ ਪਿਆ। ਕੀਰਤਨ ਦੇ ਭੋਗ ਤੇ ਅਖੰਡ ਪਾਠ ਆਰੰਭ ਕਰਨ ਲਈ ਅਰਦਾਸਾ ਹੋਣ ਲਗਾ ਤਾਂ ਉਸ ਨੂੰ ਚਹੁੰ ਜਣਿਆਂ ਨੇ ਫੜ ਕੇ ਅਰਦਾਸੇ ਵਿਚ ਖੜ੍ਹਾ ਕੀਤਾ, ਤਖਤੇ ਵਾਂਗੂੰ ਆਕੜਿਆ ਹੋਇਆ ਤੇ ਫੜਿਆ ਹੋਇਆ ਖੜ੍ਹਾ ਹੋ ਗਿਆ। ਅਰਦਾਸ ਵਿਚ ਐਸੀ ਕਲਾ ਵਰਤੀ ਕਿ ਅਰਦਾਸੇ ਦੀ ਸਮਾਪਤੀ ਤੇ ਓਹ ਸਿੱਧਾ ਸਤੋਰ ਡੰਡਉਤ ਬੰਦਨਾ ਵਿਚ ਮੂਧੇ ਮੂੰਹ ਛਪਾਲ ਲੰਮਾ ਪੈ ਗਿਆ, ਪਰ ਆਪ ਹੀ ਉਠ ਕੇ ਬੈਠ ਗਿਆ, ਹੁਕਮ ਲਿਆ ਗਿਆ ਤੇ ਅਖੰਡ ਪਾਠ ਆਰੰਭ ਹੋ ਗਿਆ। ਸਿਰੀ ਜਪੁਜੀ ਦੇ ਪਾਠ ਦੇ ਭੋਗ ਤੇ ਦੇਗ ਵਰਤਾਈ ਗਈ। ਕੜਾਹ ਪ੍ਰਸ਼ਾਦ ਦੀ ਦੇਗ ਬਾਬਾ ਰਾਮ ਸਿੰਘ ਜੀ ਨੇ ਆਪਣੀ ਹੱਥੀਂ ਸਜਾਈ ਸੀ ਅਤੇ ਵਰਤਾਈ ਵੀ ਉਨ੍ਹਾਂ ਨੇ। ਪੰਜਾਂ ਪਿਆਰਿਆਂ ਨੂੰ ਛਾਂਦਾ ਦੇ ਕੇ ਪਹਿਲਾਂ ਉਸ ਦੇ ਹੱਥਾਂ ਤੇ ਕੜਾਹ ਪ੍ਰਸ਼ਾਦ ਦਾ ਗੱਫਾ ਧਰ ਕੇ ਬਾਬਾ ਜੀ ਨੇ ਆਖਿਆ, "ਇਹ ਪੰਚਾ-ਅੰਮ੍ਰਿਤ ਹੈ, ਔਖਧੀਆਂ ਸਿਰ ਸੱਚੀ ਔਖਧੀ ਹੈ, ਇਸ ਨੂੰ ਛਕੋ।" ਛਕਣ ਦੀ ਦੇਰ ਸੀ ਕਿ ਉਸ ਦੇ ਸਰੀਰ ਵਿਚ ਸਾਵਧਾਨਤਾ ਹੋ ਗਈ ਅਤੇ ਕਹਿਣ ਲਗਾ ਕਿ ਮੈਨੂੰ ਹੁਣ ਪਕੜੋ ਨਹੀਂ, ਮੈਂ ਆਪ ਬੈਠ ਸਕਦਾ ਹਾਂ। ਸਤਿਗੁਰੂ ਜੀ ਦੀ ਐਸੀ ਅਪਾਰ ਕ੍ਰਿਪਾ ਹੋਈ ਕਿ ਅਖੰਡ ਪਾਠ ਦੇ ਭੋਗ ਪੈਣ ਤਕ ਬਿਲਕੁਲ ਨਵਾਂ ਨਰੋਆ ਹੋ ਗਿਆ ਅਤੇ ਤੁਰਨ ਫਿਰਨ ਲਗ ਪਿਆ। ਲੋਕੀ ਦੇਖ ਕੇ ਦੰਗ ਰਹਿ ਗਏ। ਡਾਕਟਰ ਹਕੀਮ ਵੀ ਸੁਣ ਕੇ ਦੰਗ ਹੋ ਗਏ। ਗੱਲ ਕੀ, ਸਾਰੇ ਪਰਿਵਾਰ ਨੇ ਮਿਲ ਕੇ ਅੰਮ੍ਰਿਤ ਛਕਿਆ।

***"ਦੀਨ ਦਇਆਲ ਭਰੋਸੇ ਤੇਰੇ॥***
***ਸਭੁ ਪਰਵਾਰੁ ਚੜਾਇਆ ਬੇੜੇ।"***

ਇਸ ਸ਼ਬਦ ਦਾ ਕੀਰਤਨ ਉਨ੍ਹਾਂ ਸਾਰਿਆਂ ਨੇ ਮਿਲ ਕੇ ਕੀਤਾ। ਇਸ ਖੁਸ਼ੀ ਵਿਚ ਉਸ ਨੇ ਲੰਗਰ ਚਲਾਏ ਅਤੇ ਰਾਜ਼ੀ-ਬਾਜ਼ੀ ਹੋ ਕੇ ਮੁੜ ਟਾਪੂਆਂ ਨੂੰ ਚਲਾ ਗਿਆ, ਤੇ ਬਾਬਾ ਰਾਮ ਸਿੰਘ ਜੀ ਦੀ, ਖਾਸ ਕਰ ਸਾਰੇ ਜਥੇ ਦੀ ਆਮ ਤੌਰ ਤੇ ਧੰਨ ਧੰਨ ਹੋਣ ਲੱਗ ਪਈ। ਬਾਬਾ ਜੀ ਨੇ ਸਲਾਹ ਦਿਤੀ ਕਿ ਚਲੋ ਅਸੀਂ ਏਥੋਂ ਹੁਣ ਚਲੀਏ, ਇਹ ਧੰਨ ਧੰਨ ਕੰਨੀਂ ਨਹੀਂ ਸੁਣਨੀ। ਇਹ ਇਕ ਵੰਨਗੀ ਹੈ - ਉਨ੍ਹਾਂ ਦੇ ਉਦਾਰ-ਚਿਤ ਦੀ ਤੇ ਉਸਤਤਿ ਨਿੰਦਾ ਤੋਂ ਅਲੇਪ ਰਹਿਣ ਦੇ ਜੀਵਨ ਦੀ।

ਇਸ ਜੋੜੀ ਦੇ ਪਿਛਲੇ ਸਮੇਂ ਦੀ ਵਾਰਤਾ (ਜਦੋਂ ਅਸੀਂ ਜੇਲ੍ਹ ਅੰਦਰ ਸਾਂ) ਅਨੇਕ ਪ੍ਰਕਾਰੀ ਸਾਡੀ ਸੁਪਤਨੀ ਕਰਤਾਰ ਕੌਰ ਆਪਣੀ ਜ਼ੁਬਾਨੀ ਵਰਨਣ ਕਰ ਕੇ ਜਦੋਂ ਦਸਦੀ ਸੀ ਤਾਂ ਅਸੀਂ ਵਜਦ ਵਿਚ ਆ ਜਾਂਦੇ ਸਾਂ। ਉਹ ਬ੍ਰਿਹੋਂ-ਕਹਾਣੀਆਂ ਵੀ ਜੇ ਅੰਕਿਤ ਕੀਤੀਆਂ ਜਾਣ ਤਾਂ ਬੜਾ ਵਿਸਥਾਰ ਹੋ ਜਾਂਦਾ ਹੈ। ਇਸ ਲਈ ਏਥੇ ਹੀ ਬਸ ਕੀਤਾ ਜਾਂਦਾ ਹੈ-

### ਜੋੜੀ ਪਰਮ ਅਨੂਪ ਗੁਰ ਸੇਵਕਾਂ ਦੀ -

ਸੇਵਾ ਪ੍ਰੇਮ ਮੂਰਤ ਮਾਈ ਪ੍ਰੇਮ ਕੌਰਾਂ,
ਬਾਬਾ ਰਾਮ ਸਿੰਘ ਰੂਪ ਸਿਵਕੋਲਿਆਂ ਦਾ।
ਜੋੜੀ ਪਰਮ ਅਨੂਪ ਗੁਰ ਸੇਵਕਾਂ ਦੀ,
ਨਕਸ਼ਾ ਪੁਰਾਤਨੀ ਸੇਵ ਪ੍ਰੇਮੋਲਿਆਂ ਦਾ।
ਨਾਮ ਜਪਣਾ ਕ੍ਰਿਤ ਕਰ ਵੰਡ ਛਕਣਾ,
ਨਿਭਿਆ ਨੇਮ ਦੰਪਤਿ ਬਜ਼ੁਰਗੋਲਿਆਂ ਦਾ॥ ੩੬੬॥
ਘਰੋਂ ਗਰੀਬ ਗੁਜ਼ਾਰਨ ਸੰਤੋਖੀਆਂ ਦੀ,
ਸਬਰ ਸ਼ੁਕਰ ਨਿਰਇੱਛ ਫਕਰੋਲਿਆਂ ਦਾ।
ਰਾਜ਼ਕ ਰਿਜ਼ਕ ਰੱਜੇ ਰਾਜੇ ਬੇਮੁਥਾਜੇ,
ਘਰ ਹਰਿਨਾਮ ਧਨ ਗੁਰ ਨਿਧਾਨੋਲਿਆਂ ਦਾ।
ਸੱਚੀ ਪਾਦਸ਼ਾਹੀ ਬੇਪ੍ਰਵਾਹੀਆਂ ਦੀ,
ਸੱਚਾ ਸੁਖ ਬੇਫਿਕਰ ਸ਼ਾਹੋਲਿਆਂ ਦਾ।
ਸੱਚੀ ਪੂੰਜੜੀ ਨਾਮ ਨਿਧਾਨ ਕੇਰੀ,
ਖਤਰਾ ਖੌਫ ਨਾ ਡਰ ਤਸਕਰੋਲਿਆਂ ਦਾ॥੩੬੭॥
ਸਚੇ ਸ਼ਾਹ ਧਨਵੰਤ ਸਚੁ ਪੂੰਜੀਆਂ ਦੇ,
ਨਾਮ ਸਚੜਾ ਧਨ ਨਿਰਧਨੋਲਿਆਂ ਦਾ।
ਨਿਰਧਨ ਨਾਹਿ ਜਿਨ ਸੰਚਿਆ ਨਾਮ ਸਚਾ,


Sri Satguru Jagjit Singh Ji eLibrary NamdhariElibrary@gmail.com

ਹਰਿ ਜਨ ਸ਼ਾਹੁ ਸਚਾ ਸਰਧਨੋਲਿਆਂ ਦਾ।
ਥੱਕੀ ਗੱਲ ਨਿਰਧਨਾਂ ਸਰਧਨਾਂ ਵਾਲੀ,
ਨਿਆਰਾ ਅੰਗ ਧਨੀ ਹਰਿ-ਜਨੋਲਿਆਂ ਦਾ।
ਸਗਲ ਸ੍ਰਿਸ਼ਟ ਦੇ ਧਨਾਂ ਦੇ ਧਨੀ ਸਚੇ,
ਹੀਰਾ ਹੱਥ ਜਿਨ ਨਾਮ ਨਿਰਮੋਲਿਆਂ ਦਾ॥ ੩੬੮॥
ਘਾਲ ਗਾਖੜੀ ਨਾਮ ਕਮਾਈਆਂ ਦੀ,
ਮੇਵਾ ਨਾਮ ਸੇਵਾ ਘਾਲੜੋਲਿਆਂ ਦਾ।
ਕਰੜੀ ਸੇਵ ਕੀਨੀ ਗੁਰੂ ਸੰਗਤਾਂ ਦੀ,
ਤਰਿਆ ਬਿਰਧ ਜੋੜਾ ਦੰਪਤੋਲਿਆਂ ਦਾ।
ਮਾਈ ਪ੍ਰੇਮ ਕੌਰ ਨਿਮ੍ਰਤਾ ਪ੍ਰੇਮ ਖੀਵੀ,
ਸੀਤਲ ਹਿਰਦ ਦੁਹਿ ਸਾਂਤ ਬਿਰਧੋਲਿਆਂ ਦਾ।
ਲਾਲ ਗੁਰੂ ਕੇ ਰੰਗਲੇ ਫੁਲ ਬਾਂਕੇ,
ਕਰਨਾ ਜ਼ਿਕਰ ਮੁਹਾਲ ਫੁਲਝੋਲਿਆਂ ਦਾ॥ ੩੬੯॥

***(ਜੋਤਿ ਵਿਗਾਸ)***

## ਬਾਬਾ ਜੀ ਦੇ ਜੀਵਨ ਦੇ ਹੋਰ ਸਮਾਚਾਰ - (ਨਾਹਰ ਸਿੰਘ ਗਯਾਨੀ)

ਬਾਬਾ ਰਾਮ ਸਿੰਘ ਜੀ ਖਾਲਸਾ ਪੰਥ ਦੇ ਉਨ੍ਹਾਂ ਪ੍ਰੇਮੀ ਤੇ ਸਿਦਕੀ ਸਿੰਘਾਂ ਵਿਚੋਂ ਸਨ, ਜੋ ਇਸ ਰੰਗ-ਭੂਮੀ ਵਿਚ ਗੁਰੂ ਸਾਹਿਬ ਦੇ ਭਰੋਸੇ, ਸੇਵਾ ਭਾਵ, ਨਾਮ ਜੱਪਣ ਤੇ ਜੇਲ੍ਹਾਂ ਦੇ ਕਸ਼ਟ ਸਹਾਰਨ ਆਦਿ ਦੇ ਪੂਰਨੇ ਪਾ ਕੇ ਆਪਣੀ ਜੀਵਨ-ਯਾਤਰਾ ਸਫਲ ਕਰ ਗਏ, ਪਰ ਉਨ੍ਹਾਂ ਨੇ ਮਾਣ ਵਡਿਆਈ ਤੇ ਜਗਤ ਪ੍ਰਸਿਧੀ ਦਾ ਕਦੇ ਖਿਆਲ ਤਕ ਨ ਕੀਤਾ। ਅਜਿਹੇ ਗੁਰਮੁਖਾਂ ਪ੍ਰਥਾਇ ਹੀ ਏਹ ਗੁਰਵਾਕ ਘਟਦਾ ਹੈ -

***ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ॥***
***ਪੰਨਾ - 406***

ਬਾਬਾ ਜੀ ਇਸ ਸੰਸਾਰ ਵਿਚ ਨਹੀਂ, ਪਰ ਜਿਸ ਤਰ੍ਹਾਂ ਉਨ੍ਹਾਂ ਨੇ ਰਹਿਤ ਬਹਿਤ ਦੀ ਧਾਰਨਾ ਵਿਚ ਪਰਪੱਕ ਰਹਿ ਕੇ ਪੰਥ, ਦੇਸ਼, ਕੌਮ ਦੀ ਸੇਵਾ ਕਰਦੇ ਤੇ ਜੇਲ੍ਹਾਂ ਦੇ ਕਸ਼ਟ ਸਹਾਰਦੇ ਹੋਏ ਆਪਣਾ ਜੀਵਨ ਸਫਲ ਕੀਤਾ, ਉਹ ਇਸ ਗੱਲ ਦੀ ਮੰਗ ਕਰਦਾ ਹੈ ਕਿ ਆਪ ਦੇ ਜੀਵਨ ਦੇ ਤਰਦੇ ਤਰਦੇ ਹਾਲਾਤ ਲਿਖਤ ਵਿਚ ਲਿਆ ਕੇ ਪ੍ਰਕਾਸ਼ਤ ਕੀਤੇ ਜਾਣ, ਤਾਂ ਕਿ ਅਜਿਹੇ ਗੁਰਮੁਖਾਂ ਦੀ ਸ਼ੁਭ ਕਰਣੀ ਦੀ ਇਤਿਹਾਸਕ ਮਿਸਾਲ ਕਾਇਮ ਰਹੇ।

ਬਾਬਾ ਰਾਮ ਸਿੰਘ ਜੀ ਪਿੰਡ ਫਲੇਵਾਲ, ਤਹਿਸੀਲ ਤੇ ਜ਼ਿਲਾ ਲੁਧਿਆਣਾ ਦੇ ਰਹਿਣ ਵਾਲੇ ਸਨ। ਆਪ ਦੇ ਪਿਤਾ ਜੀ ਦਾ ਨਾਮ ਭਾਈ ਸਾਹਿਬ ਸਿੰਘ ਸੀ। ਆਪ ਪਹਿਲੀ ਉਮਰ ਵਿਚ ਆਪਣੇ ਪਿਤਾ ਨਾਲ ਘਰ ਖੇਤੀ ਬਾੜੀ ਦਾ ਕੰਮ ਕਰਦੇ ਰਹੇ। 18 ਸਾਲ ਦੀ ਉਮਰ ਵਿਚ ਰਿਆਸਤ ਜੀਂਦ ਦੀ ਰਾਜਧਾਨੀ ਸ਼ਹਿਰ ਸੰਗਰੂਰ ਵਿਚ ਰਸਾਲੇ ਵਿਚ ਭਰਤੀ ਹੋ ਗਏ। ਪੰਦਰ੍ਹਾਂ ਸਾਲ ਫੌਜ ਵਿਚ ਨੌਕਰੀ ਕੀਤੀ ਤੇ ਅਸਤੀਫਾ ਦੇ ਕੇ ਘਰ ਆ ਗਏ। ਆਪ ਗੱਤਕੇ ਦੇ ਅੱਵਲ ਦਰਜੇ ਦੇ ਖਿਲਾੜੀ ਸਨ। ਇਕ ਵਾਰ ਪਲਟਣਾਂ ਤੇ ਰਸਾਲਿਆਂ ਦਾ ਹੋਰ ਖੇਡਾਂ ਦੇ ਨਾਲ ਗੱਤਕੇ-ਬਾਜ਼ੀ ਦਾ ਮੈਚ ਭੀ ਹੋਇਆ। ਆਪ ਏਸ ਖੇਡ ਵਿਚ ਸਭ ਤੋਂ ਵਧ ਕੇ ਰਹੇ। ਆਪ ਨੂੰ ਇਕ ਤਲਵਾਰ ਤੇ ਛੱਤੀ (36) ਰੁਪਏ ਨਕਦ ਇਨਾਮ ਮਿਲੇ।

## ਜੀਉਣਾ ਮੌੜ ਨਾਲ ਟਾਕਰਾ ਤੇ ਡੋਗਰ ਦੀ ਮੌਤ ਦੇ ਅੱਖੀਂ ਡਿੱਠੇ ਹਾਲ -

ਜੀਉਣਾ ਨਾਮੇ ਇਕ ਡਾਢਾ ਬਹਾਦਰ ਧਾੜਵੀ ਮਾਲਵੇ ਵਿਚ ਹੋ ਚੁਕਾ ਹੈ। ਇਸ ਦਾ ਪਿੰਡ ਮੌੜ, ਰਿਆਸਤ ਜੀਂਦ ਵਿਚ ਸੰਗਰੂਰ ਤੋਂ ਥੋੜ੍ਹੀ ਦੂਰ ਹੈ। ਮੌੜ ਪਿੰਡ ਦਾ ਵਸਨੀਕ ਅਤੇ ਗੋਤ ਮੌੜ ਹੋਣ ਕਰਕੇ, ਉਹ ਜੀਉਣਾ ਮੌੜ ਕਰਕੇ ਪ੍ਰਸਿੱਧ ਹੋਇਆ। ਇਸ ਦੀ ਸੂਰਮਗਤੀ, ਉਦਾਰਤਾ, ਖੁਲ੍ਹ-ਦਿਲੀ ਤੇ ਹੋਰ ਕਈ ਖੂਬੀਆਂ ਸੰਬੰਧੀ ਬਹੁਤ ਕਹਾਣੀਆਂ ਦੇਸ਼ ਵਿਚ ਪ੍ਰਚਲਤ ਹਨ। ਆਮ ਸਾਧਾਰਨ ਕਵੀਆਂ ਨੇ ਬਹੁਤ ਸਾਰੇ ਕਿੱਸੇ ਜੀਉਣੇ ਮੌੜ ਸੰਬੰਧੀ ਬਣਾਏ ਹੋਏ ਹਨ, ਜਿਨ੍ਹਾਂ ਵਿਚ ਜੀਉਣੇ ਮੌੜ ਦੇ ਹਾਲਾਤ ਨੂੰ ਐਵੇਂ ਅਟਕਲ-ਪੱਚੂ ਗੱਲਾਂ ਦੇ ਅਧਾਰ ਪਰ ਲਿਖਿਆ ਹੈ, ਖਾਸ ਕਰ ਡੋਗਰ ਦੀ ਮੌਤ ਦੇ ਹਾਲਾਤ ਨੂੰ ਤਾਂ ਹੋਰ ਹੀ ਰੰਗ ਦਿਤਾ ਗਿਆ ਹੈ। ਜੀਉਣੇ ਦੀ ਸੰਖੇਪ ਵਿਥਿਆ ਇਉਂ ਹੈ ਕਿ ਜੀਉਣੇ ਦਾ ਵਡਾ ਭਾਈ ਕਿਸ਼ਨਾ ਧਾੜਵੀ ਸੀ ਤੇ ਉਸਦੀ ਡੋਗਰ ਨਾਮੇ ਇਕ ਚਲਦੇ ਪੁਰਜੇ ਆਦਮੀ ਨਾਲ ਮਿਤਰਾਚਾਰੀ ਸੀ। ਡੋਗਰ ਨੇ ਵਿਸਾਹ-ਘਾਤ ਕਰਕੇ ਕਿਸ਼ਨੇ ਨੂੰ ਗ੍ਰਿਫਤਾਰ ਕਰਾ ਦਿਤਾ ਤੇ ਇਉਂ ਮਿਤਰ-ਧਰੋਹੀ ਬਣਿਆ। ਕਿਸ਼ਨਾ ਕੈਦ ਦੀ ਸਜ਼ਾ ਪਾ ਕੇ ਕਾਲੇ ਪਾਣੀ ਪਹੁੰਚ ਗਿਆ। ਉਥੋਂ ਉਸ ਨੇ ਆਪਣੇ ਭਾਈ ਜੀਉਣੇ ਨੂੰ ਡੋਗਰ ਤੋਂ ਬਦਲਾ ਲੈਣ ਲਈ ਚਿੱਠੀ ਵਿਚ ਪ੍ਰੇਰਨਾ ਕੀਤੀ। ਇਸੇ ਸਬੱਬ ਕਰਕੇ ਜੀਉਣਾ ਤੇ ਕਿਸ਼ਨੇ ਦਾ ਪੁਤਰ ਵੀ ਧਾਵੜੀ ਬਣੇ। ਉਹ ਉਂਵ ਸੁਭਾਵਕ ਤੌਰ ਪਰ ਧਾੜਵੀ ਨਹੀਂ ਸਨ।

ਜੀਉਣੇ ਦੀ ਬਾਬਤ ਮਸ਼ਹੂਰ ਹੈ ਕਿ ਉਹ ਆਮ ਲੋਕਾਂ ਤੇ ਗਰੀਬਾਂ ਨੂੰ ਸਤਾਇਆ ਨਹੀਂ ਕਰਦਾ ਸੀ। ਉਸਦਾ ਮੁਖ ਪ੍ਰਯੋਜਨ ਡਾਕੇ ਮਾਰਨਾ ਨਹੀਂ ਸੀ, ਸਿਰਫ ਡੋਗਰ ਨੂੰ ਮਾਰ ਕੇ ਆਪਣੇ ਭਾਈ ਕਿਸ਼ਨੇ ਦਾ ਬਦਲਾ ਲੈਣਾ ਸੀ। ਜਿਸ ਤਰ੍ਹਾਂ ਡੋਗਰ ਮਾਰਿਆ ਗਿਆ ਤੇ ਜਿਵੇਂ ਇਹ ਘਟਨਾ ਵਾਪਰੀ, ਉਸ ਦੀ ਵਿਥਿਆ ਬਾਬਾ ਰਾਮ ਸਿੰਘ ਜੀ ਨੇ ਲਿਖਾਰੀ ਪਾਸ ਆਪਣੇ ਅੱਖੀਂ ਡਿਠੇ ਹਾਲ ਦੇ ਆਧਾਰ ਪਰ ਇਉਂ ਬਿਆਨ ਕੀਤੀ -

ਜਿਨ੍ਹੀ ਦਿਨੀਂ ਮਾਲਵੇ ਵਿਚ ਜੀਉਣੇ ਮੌੜ ਤੇ ਹੋਰ ਦੂਲੋ ਆਦਿ ਧਾੜਵੀਆਂ ਦਾ ਬਾਂਗਰ ਦੇਸ਼ ਇਲਾਕਾ ਘੱਗਰ ਵਿਚ ਜ਼ੋਰ ਸੀ, ਉਨ੍ਹੀਂ ਦਿਨੀਂ ਮਿਸਟਰ ਵਾਰਬਰਟਨ ਨਾਮੇ ਅੰਗਰੇਜ਼ ਪਟਿਆਲੇ ਵਿਚ ਪੁਲਿਸ ਜਰਨੈਲ ਸੀ ਤੇ ਖਾਸ ਕਰ ਅੰਗਰੇਜ਼ੀ ਤੇ ਰਿਆਸਤੀ ਇਲਾਕੇ ਦੇ ਨਾਮੀ ਧਾੜਵੀਆਂ ਦੀ ਤਫਤੀਸ਼, ਖੋਜ ਤੇ ਗ੍ਰਿਫਤਾਰੀ ਲਈ ਤਾਇਨਾਤ ਕੀਤਾ ਹੋਇਆ ਸੀ।

ਜੀਉਣੇ ਦੀ ਗ੍ਰਿਫਤਾਰੀ ਲਈ ਪੁਲਿਸ ਅਫਸਰਾਂ ਨਾਲ


Sri Satguru Jagjit Singh Ji eLibrary NamdhariElibrary@gmail.com

ਰਿਆਸਤ ਜੀਂਦ ਦੇ ਰਸਾਲੇ ਦੇ ਸਵਾਰ ਦਸ ਪੰਦਰ੍ਹਾਂ-ਪੰਦਰ੍ਹਾਂ ਦੀਆਂ ਟੋਲੀਆਂ ਵਿਚ ਵੰਡੇ ਹੋਏ ਸਨ। ਵਾਰਬਰਟਨ ਪਿੰਡ ਮੌੜ ਦੇ ਦਰਵਾਜ਼ੇ ਦੇ ਉਪਰ ਚੁਬਾਰੇ ਵਿਚ ਰਿਹਾ ਕਰਦਾ ਸੀ, ਦਰਵਾਜੇ ਦੇ ਇਰਦ ਗਿਰਦ ਬੜੇ ਬੜੇ ਝਾਫੇ ਲਾ ਕੇ ਵਾੜ ਕੀਤੀ ਹੋਈ ਸੀ ਤੇ ਸਖਤ ਪੁਲਿਸ ਪਹਿਰਾ ਰਹਿੰਦਾ ਸੀ, ਤਾਂਕਿ ਜੀਉਣਾ ਆ ਕੇ ਹਮਲਾ ਨਾ ਕਰ ਜਾਵੇ। ਪਿੰਡ ਦੇ ਉਦਾਲੇ ਭੀ ਸਖਤ ਪਹਿਰਾ ਰਖਿਆ ਜਾਂਦਾ ਸੀ। ਫੇਰ ਭੀ ਪਿੰਡ ਦੇ ਲੋਕ ਜੀਉਣੇ ਨਾਲ ਮੇਲ ਰਖਦੇ ਸਨ। ਉਹ ਕਈ ਵਾਰ ਆਪਣੇ ਘਰ ਆ ਜਾਇਆ ਕਰਦਾ ਤੇ ਪੁਲੀਸ ਦੇ ਪਹਿਰੇ ਦੇ ਹੁੰਦਿਆਂ ਸਾਰੀ ਰਾਤ ਪਿੰਡ ਵਿਚ ਰਹਿ ਕੇ ਸਵੇਰੇ ਹੀ ਚਲਿਆ ਜਾਂਦਾ।

ਜਿਸ ਥਾਣੇਦਾਰ ਨਾਲ ਅਸੀਂ ਦਸ ਸਵਾਰ ਲਗੇ ਹੋਏ ਸੀ, ਉਹ ਇਕ ਚੰਗਾ ਪ੍ਰੇਮੀ ਭਜਨੀਕ ਚਿੱਟੇ ਦਾੜ੍ਹੇ ਵਾਲਾ ਢਲਦੀ ਉਮਰ ਦਾ ਸਿਖ ਥਾਣੇਦਾਰ ਸੀ। ਮਾਲਾ ਹਮੇਸ਼ਾ ਉਸ ਦੇ ਕੋਲ ਹੁੰਦੀ ਸੀ। ਇਕ ਦਿਨ ਡੋਗਰ ਨੇ ਆ ਕੇ ਉਸ ਪਾਸ ਰਿਪੋਰਟ ਕੀਤੀ ਕਿ ਅੱਜ ਫਲਾਣੇ ਥਾਂ ਉੱਚੀ ਦੈੜ ਪਰ ਜੰਗਲ ਵਿਚ ਜੀਉਣਾ ਮੌੜ ਉਤਰਿਆ ਹੋਇਆ ਹੈ, ਤੁਸੀਂ ਆਪਣੇ ਸਾਥੀਆਂ ਸਮੇਤ ਉਸ ਨੂੰ ਫੜਨ ਲਈ ਚਲੋ ਤੇ ਮੈਂ ਤੁਹਾਡੇ ਨਾਲ ਚਲਦਾ ਹਾਂ। ਥਾਣੇਦਾਰ ਨੇ ਕਿਹਾ ਕਿ ਸਾਡੇ ਪਾਸ ਤਾਕਤ ਨਹੀਂ, ਆਦਮੀ ਘਟ ਹਨ, ਪਿਛੋਂ ਕੁਮਕ ਮੰਗਵਾਏ ਬਿਨਾਂ ਉਸ ਦਾ ਮੁਕਾਬਲਾ ਠੀਕ ਨਹੀਂ। ਪਰ ਡੋਗਰ ਨੇ ਹੱਠ ਕੀਤਾ, ਥਾਣੇਦਾਰ ਨੂੰ ਜਾਣਾ ਪਿਆ ਤੇ ਅਸੀਂ ਰਸਾਲੇ ਦੇ ਸਵਾਰ ਉਸ ਦੇ ਨਾਲ ਗਏ।

ਡੋਗਰ ਘੋੜੇ ਪਰ ਸਾਡੇ ਅਗੇ ਅਗੇ ਜਾ ਰਿਹਾ ਸੀ। ਜਦ ਅਸੀਂ ਉਸ ਦੈੜ ਪਾਸ ਪਹੁੰਚੇ ਤਾਂ ਜੀਉਣਾ, ਉਸ ਦਾ ਭਤੀਜਾ ਤੇ ਇਕ ਹੋਰ ਆਦਮੀ ਤਿੰਨੇ ਬੈਠੇ ਸਨ। ਉਨ੍ਹਾਂ ਦੀਆਂ ਘੋੜੀਆਂ ਚਰ ਰਹੀਆਂ ਸਨ। ਜੀਉਣੇ ਨੇ ਸਾਨੂੰ ਦੇਖ ਕੇ ਆਪਣੇ ਭਤੀਜੇ ਨੂੰ ਕਿਹਾ –

"ਹੁਣ ਕੀ ਦੇਖਦਾ ਹੈਂ, ਉਹ ਤਾਂ ਆ ਗਏ।"

ਇਤਨੀ ਗੱਲ ਸੁਣਦੇ ਸਾਰ ਉਸ ਦੇ ਭਤੀਜੇ ਨੇ ਡੋਗਰ ਵਲ ਸ਼ਿਸ਼ਤ ਬੰਨ੍ਹ ਕੇ ਗੋਲੀ ਚਲਾਈ। ਏਧਰੋਂ ਸਾਡੇ ਵਲੋਂ ਭੀ ਇਕ ਸਵਾਰ ਨੇ ਪਹਿਲਾਂ ਹੀ ਗੋਲੀ ਚਲਾ ਦਿਤੀ। ਪਰ ਸਾਡੀਆਂ ਬੰਦੂਕਾਂ ਨਿਕੰਮੀਆਂ ਹੋਈਆਂ ਹੋਈਆਂ ਸਨ ਕਿਉਂਕਿ ਸਫਰ ਵਿਚ ਕਿਸੇ ਨੇ ਸਾਫ ਭੀ ਨਹੀਂ ਕੀਤੀਆਂ ਸਨ। ਸਾਡੇ ਸਵਾਰ ਦੀ ਗੋਲੀ ਨਿਸਫਲ ਹੋ ਗਈ, ਪਰ ਜੀਉਣੇ ਦੇ ਭਤੀਜੇ ਦੀ ਗੋਲੀ ਆਪਣਾ ਕੰਮ ਕਰ ਗਈ ਤੇ ਡੋਗਰ ਨੂੰ ਪਰਲੋਕ ਦੇ ਰਸਤੇ ਤੋਰ ਗਈ। ਉਨ੍ਹਾਂ ਗੋਲੀ ਦਾ ਇਕੋ ਫਾਇਰ ਕੀਤਾ ਤੇ ਡੋਗਰ ਨੂੰ ਡਿਗਦੇ ਦੇਖ ਕੇ ਆਪੋ ਆਪਣੀਆਂ ਘੋੜੀਆਂ ਪਰ ਚੜ੍ਹ ਕੇ ਪਤਰਾ ਵਾਚ ਗਏ। ਸਾਨੂੰ ਥਾਣੇਦਾਰ ਨੇ ਕਿਹਾ, "ਅਸੀਂ ਏਸ ਅੱਲ੍ਹੜ ਨੂੰ ਬਥੇਰਾ ਸਮਝਾ ਰਹੇ ਕਿ ਮੌਕਾ ਠੀਕ ਨਹੀਂ, ਪਰ ਇਹ ਨ ਮੰਨਿਆ, ਓੜਕ ਆਪਣੀ ਜਾਨ ਖੋ ਬੈਠਾ। ਹੁਣ ਤੁਸੀਂ ਏਧਰ ਝਾੜਾਂ ਵਿਚ ਗੇੜਾ ਖਾ ਕੇ ਡੋਗਰ ਦੇ ਪਿੰਡ ਨੂੰ ਵਾਪਸ ਆਓ ਤੇ ਏਸ ਦੀ ਲੋਥ ਨੂੰ ਪਿੰਡ ਪੁਚਾਓ। ਮੈਂ ਪਿੰਡ ਜਾ ਕੇ ਅਫਸਰਾਂ ਪਾਸ ਰਪੋਟ ਕਰਦਾ ਹਾਂ।"

ਇਸ ਤੋਂ ਪਿਛੋਂ ਜੀਉਣਾ ਨੈਣਾਂ ਦੇਵੀ ਦੇ ਮੇਲੇ ਪਰ ਫੜਿਆ ਗਿਆ ਤੇ ਹਿਸਾਰ ਜੇਲ੍ਹ ਵਿਚ ਫਾਂਸੀ ਦਿਤਾ ਗਿਆ। ਉਸ ਦਾ ਭਤੀਜਾ ਭੀ ਕੈਦ ਹੋਇਆ।

## ਸਤਿਸੰਗ-ਭਜਨ, ਪੰਥ ਸੇਵਾ –

ਪਿੰਡ ਆ ਕੇ ਬਾਬਾ ਜੀ ਖੇਤੀ ਬਾੜੀ ਦੀ ਕਿਰਤ ਭੀ ਕਰਦੇ ਰਹੇ, ਪਰ ਆਪ ਦੀ ਨਿਤ ਕ੍ਰਿਆ ਇਹ ਸੀ ਕਿ ਸਦਾ ਤੜਕੇ (ਅੰਮ੍ਰਿਤ ਵੇਲੇ) ਬਾਣੀ ਦੇ ਪਾਠ ਤੇ ਨਾਮ ਅਭਿਆਸ ਦਾ ਅਨੰਦ ਲੈਂਦੇ। ਆਪ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਖਾਸ ਪ੍ਰੇਮੀਆਂ ਵਿਚੋਂ ਸਨ। ਅਖੰਡ ਪਾਠਾਂ ਤੇ ਦੀਵਾਨਾਂ ਦੇ ਸਮਾਗਮਾਂ ਵਿਚ ਸਦਾ ਭਾਈ ਸਾਹਿਬ ਦੇ ਨਾਲ ਰਹਿੰਦੇ। ਲੰਗਰ ਦਾ ਪ੍ਰਬੰਧ ਆਪ ਦੇ ਹੱਥ ਹੁੰਦਾ ਸੀ ਤੇ ਆਪ ਇਹ ਸੇਵਾ ਬੜੇ ਪ੍ਰੇਮ ਨਾਲ ਨਿਭਾਉਂਦੇ। ਕਦੇ ਅੱਕਦੇ ਨਹੀਂ, ਚਾਹੇ ਕਿਤਨੀ ਖੇਚਲ ਹੋਵੇ, ਸਦਾ ਪ੍ਰਸੰਨ-ਚਿਤ ਸੇਵਾ ਕਰਦੇ। ਸਰੀਰ ਭਾਵੇਂ ਬ੍ਰਿਧ ਸੀ, ਪਰ ਬੜੇ ਪੌਰਖੀ ਤੇ ਹਿੰਮਤੀ ਸਨ। ਤਬੀਅਤ ਨਰਮ, ਸੁਭਾਉ ਬੜਾ ਠੰਡਾ ਤੇ ਮਿੱਠਾ, ਹਰ ਇਕ ਗੱਲ ਨੂੰ ਲੰਬੀ ਸੋਚ ਨਾਲ ਵਿਚਾਰਨ ਵਾਲੇ ਸੀ। ਆਪ ਦਾ ਸਰੀਰ ਮਧਰਾ, ਅੰਗ ਪਤਲੇ, ਦਾੜ੍ਹਾ ਲੰਬਾ ਸੀ, ਚੇਹਰਾ ਸ਼ਾਂਤੀ ਤੇ ਗੰਭੀਰਤਾ ਦਾ ਅਸਰ ਪਾਉਂਦਾ ਸੀ ਤੇ ਗੱਲ ਬਾਤ ਵਿਚ ਬੜਾ ਪ੍ਰੇਮ ਤੇ ਰਸ ਸੀ।

## ਜੇਲ੍ਹ-ਯਾਤ੍ਰਾ –

ਅਖੰਡ ਪਾਠਾਂ, ਕੀਰਤਨ ਸਮਾਗਮਾਂ, ਦੀਵਾਨਾਂ ਦੇ ਲਾਹੇ ਲੈਣ ਤੇ ਸੇਵਾ ਵਿਚ ਦਸ ਬਰਸ ਦਾ ਸਮਾਂ ਲੰਘ ਗਿਆ। ਫੇਰ ਉਹ ਸਮਾਂ ਆ ਗਿਆ ਜਦ ਆਪ ਨੂੰ ਦੇਸ਼-ਸੇਵਾ ਤੇ ਗੁਰਦੁਆਰਾ ਰਕਾਬ ਗੰਜ ਦੇ ਸੰਬੰਧ ਵਿਚ ਪਿਛਲੀ ਉਮਰੇ ਜੇਲ੍ਹ-ਯਾਤਰਾ ਕਰਨੀ ਪਈ। 1914 ਈ: ਵਿਚ ਗੁਰਦੁਆਰਾ ਰਕਾਬ ਗੰਜ ਦਾ ਸਵਾਲ ਛਿੜਿਆ ਤੇ ਇਸੇ ਸਾਲ ਬਹੁਤ ਸਾਰੇ ਕੈਨੇਡੀਅਨ ਤੇ ਅਮਰੀਕਨ ਸੱਜਣ ਦੇਸ਼-ਸੇਵਾ ਨਮਿਤ ਪ੍ਰਦੇਸਾਂ ਤੋਂ ਆਏ, ਜਿਨ੍ਹਾਂ ਵਿਚੋਂ ਬਹੁਤ ਸਾਰੇ ਨਜ਼ਰਬੰਦ ਕੀਤੇ ਗਏ, ਬਹੁਤ ਸਾਰਿਆਂ ਨੂੰ ਉਸ ਜ਼ਮਾਨੇ ਦੇ ਪਹਿਲੇ, ਦੂਜੇ, ਤੀਜੇ ਮੁਕੱਦਮੇ ਸਾਜਿਸ਼ ਲਾਹੌਰ ਤੇ ਹੋਰ ਸਾਜਿਸ਼ ਦੇ ਮੁਕੱਮਿਆਂ ਵਿਚ ਗ੍ਰਿਫਤਾਰ ਹੋ ਕੇ ਫਾਂਸੀ, ਉਮਰ-ਕੈਦ ਆਦਿ ਦੀ ਸਜ਼ਾ ਹੋਈ। ਇਸ ਸਿਲਸਿਲੇ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ 19 ਮਈ 1915 ਈ: ਨੂੰ ਨਾਭੇ ਨਜ਼ਰਬੰਦ ਹੋਏ ਤੇ 14 ਜੂਨ ਨੂੰ ਲੁਧਿਆਣੇ ਲਿਆ ਕੇ ਗ੍ਰਿਫਤਾਰ ਕੀਤੇ ਗਏ। ਭਾਈ ਸਾਹਿਬ ਦੇ ਨਾਲ ਹੀ ਹੋਰ ਭੀ ਬਹੁਤ ਸਾਰੇ ਸਜਣ ਗ੍ਰਿਫਤਾਰ ਕੀਤੇ ਗਏ। ਬਾਬਾ ਰਾਮ ਸਿੰਘ ਜੀ ਜੁਲਾਈ 1915 ਵਿਚ ਗ੍ਰਿਫਤਾਰ ਕੀਤੇ ਗਏ। ਪਹਿਲਾਂ ਆਪ ਨੂੰ ਲੁਧਿਆਣੇ ਕੋਤਵਾਲੀ ਵਿਚ ਤੇ ਫਿਰ ਜੇਲ੍ਹ ਵਿਚ ਰਖਿਆ ਗਿਆ। ਲੁਧਿਆਣਾ ਜੇਲ੍ਹ ਵਿਚ ਆਪ ਚਾਰ ਮਹੀਨੇ ਰਹੇ। ਇਸ ਸਮੇਂ ਵਿਚ ਮਹੀਨਾ ਭਰ ਆਪ ਸੰਗ੍ਰਹਿਣੀ ਨਾਲ ਬੀਮਾਰ ਰਹੇ। ਭਾਵੇਂ ਆਪ ਡਾਢੇ ਲਾਚਾਰ ਸਨ, ਪਰ ਫੇਰ ਭੀ ਆਪ ਨੂੰ ਜੇਲ੍ਹ ਹਸਪਤਾਲ ਵਿਚ ਭੇਜਣ ਦੀ ਥਾਂ ਕੋਠੀ ਵਿਚ ਰਖਿਆ ਗਿਆ। ਉਹ ਜ਼ਮਾਨਾ ਐਸਾ ਹੀ ਸੀ ਕਿ ਜੇਲ੍ਹਾਂ ਵਿਚ ਬੜੀ ਸਖਤੀ ਦਾ ਵਰਤਾਉ ਹੁੰਦਾ ਸੀ।



Sri Satguru Jagjit Singh Ji eLibrary NamdhariElibrary@gmail.com

ਰਾਜਸੀ ਮੁਕੱਦਮਿਆਂ ਦੇ ਹਵਾਲਾਤੀਆਂ ਨੂੰ ਬੀਮਾਰੀ ਦੀ ਹਾਲਤ ਵਿਚ ਭੀ ਹਸਪਤਾਲ ਨਹੀਂ ਭੇਜਦੇ ਸਨ। ਆਪ ਦੇ ਕੈਦ ਹੋਣ ਦੇ ਸਮੇਂ ਦੀ ਹਾਲਤ ਸੰਬੰਧੀ ਜੇਲ੍ਹ ਚਿੱਠੀਆਂ ਦੇ ਦੂਜੇ ਹਿੱਸੇ ਵਿਚ ਜ਼ਿਕਰ ਹੈ।

27 ਅਕਤੂਬਰ 1915 ਈ: ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਹੋਰ ਸਾਥੀਆਂ ਸਮੇਤ ਆਪ ਨੂੰ ਲੁਧਿਆਣੇ ਤੋਂ ਲਾਹੌਰ ਸੈਂਟ੍ਰਲ ਜੇਲ੍ਹ ਵਿਚ ਲੈ ਜਾਇਆ ਗਿਆ ਤੇ ਇਨ੍ਹਾਂ ਸਭਨਾਂ ਪਰ, ਜਿਨ੍ਹਾਂ ਦੀ ਗਿਣਤੀ ਸੌ ਦੇ ਲਗਭਗ ਸੀ, ਸੈਂਟ੍ਰਲ ਜੇਲ੍ਹ ਵਿਚ ਦੂਜਾ ਮੁਕੱਦਮਾ ਸਾਜ਼ਿਸ਼ ਲਾਹੌਰ ਤਿੰਨ ਜੱਜਾਂ ਦੀ ਅਦਾਲਤ ਵਿਚ ਸ਼ੁਰੂ ਹੋਇਆ, ਜਿਸ ਦਾ ਫੈਸਲਾ 30 ਮਾਰਚ 1916 ਈ: ਨੂੰ ਸੁਣਾਇਆ ਗਿਆ। ਆਪ ਨੂੰ ਦਫਾ 121 (ੳ) ਅਨੁਸਾਰ ਉਮਰ ਕੈਦ, ਕਾਲਾ ਪਾਣੀ ਤੇ ਜ਼ਬਤੀ ਜਾਇਦਾਦ ਦੀ ਸਜ਼ਾ ਹੋਈ। 4 ਅਪ੍ਰੈਲ 1916 ਨੂੰ ਆਪ ਨੂੰ ਦਸ ਹੋਰ ਸਾਥੀਆਂ ਸਮੇਤ ਮਿੰਟਗੁਮਰੀ ਸੈਂਟ੍ਰਲ ਜੇਲ੍ਹ ਵਿਚ ਬਦਲ ਦਿਤਾ ਗਿਆ। ਆਪ ਅਕਸਰ ਕੋਠੀ-ਬੰਦ ਹੀ ਰਹੇ, ਪਰ ਸਦਾ ਆਪਣੇ ਸਾਥੀਆਂ ਨੂੰ ਦ੍ਰਿੜ੍ਹਤਾ ਤੇ ਅਡੋਲ ਰਹਿਣ ਦਾ ਉਪਦੇਸ਼ ਹੀ ਦਿੰਦੇ ਰਹੇ। ਆਪ ਨੇ ਆਪਣੀ ਕੈਦ ਦੇ ਦਿਨ ਬੜੇ ਹੱਠ ਤੇ ਹਿੰਮਤ ਨਾਲ ਗੁਜ਼ਾਰੇ। ਇਕ ਵਾਰ ਆਪ ਨੂੰ ਨਮੂਨੀਏ ਦਾ ਸਖਤ ਹਮਲਾ ਹੋਇਆ, ਪਰ ਬਚ ਗਏ। ਬ੍ਰਿਧ ਉਮਰ ਦੇ ਕਾਰਨ ਆਪ ਦੀ ਸਜ਼ਾ ਉਮਰ ਕੈਦ ਦੀ ਥਾਂ ਦੋ ਸਾਲ ਵਿਚ ਬਦਲ ਦਿਤੀ ਗਈ ਸੀ। 1918 ਈ: ਦੀਆਂ ਸਰਦੀਆਂ ਵਿਚ ਆਪ ਨੂੰ ਰਿਹਾ ਕਰ ਦਿਤਾ ਗਿਆ। ਪਰ ਰਿਹਾਈ ਸਮੇਂ ਆਪ ਨੂੰ ਆਪਣੇ ਕਿਸੇ ਸਾਥੀ ਨੂੰ ਮਿਲਣ ਦਾ ਮੌਕਾ ਨਾ ਦਿਤਾ ਗਿਆ।

## ਜੇਲ੍ਹ ਤੋਂ ਪਿਛੋਂ –

ਜੇਲ੍ਹ ਤੋਂ ਬਾਅਦ ਆਪ ਆਪਣੇ ਨਗਰ ਆ ਕੇ ਪਹਿਲਾਂ ਵਾਂਗ ਹੀ ਪੰਥ ਸੇਵਾ ਵਿਚ ਲਗ ਗਏ। ਦੀਵਾਨਾਂ ਵਿਚ ਜਾਂਦੇ ਤੇ ਸੇਵਾ ਕਰਦੇ ਰਹੇ। ਜਦ ਪਹਿਲੇ ਸ਼ਹੀਦੀ ਜਥੇ ਪਰ ਜੈਤੋ ਵਿਚ ਗੋਲੀ ਚਲੀ ਤਾਂ ਆਪ ਦੂਜੇ ਸ਼ਹੀਦੀ ਜਥੇ ਵਿਚ ਸ਼ਾਮਲ ਹੋਣ ਲਈ ਸ੍ਰੀ ਅੰਮ੍ਰਿਤਸਰ ਪਹੁੰਚੇ। ਆਪ ਨੂੰ ਸ਼੍ਰੋਮਣੀ ਕਮੇਟੀ ਨੇ ਜਥੇ ਵਿਚ ਭੇਜਣ ਤੋਂ ਨਾਂਹ ਕਰ ਦਿਤੀ। ਉਸ ਸਮੇਂ ਆਪ ਨੇ ਇਹ ਬਚਨ ਕਹੇ –

"ਕੀ ਆਪ ਮੈਨੂੰ ਬ੍ਰਿਧ ਹੋਣ ਕਰਕੇ ਜਥੇ ਨਾਲ ਨਹੀਂ ਭੇਜਦੇ? ਆਪ ਦੇ ਕਈਆਂ ਜਵਾਨਾਂ ਨਾਲੋਂ ਮੈਂ ਤਕੜਾ ਹਾਂ। ਮੈਂ ਪੰਜ ਮੀਲ ਦੌੜ ਸਕਦਾ ਹਾਂ, ਦੋ ਮਣ ਭਾਰ ਚੁਕ ਸਕਦਾ ਹਾਂ, ਜੇਲ੍ਹ ਵਿਚ ਭੀ ਰਿਹਾ ਹਾਂ ਤੇ ਕਦੇ ਭੀ ਮਾਫੀ ਮੰਗ ਕੇ ਰਿਹਾ ਨਹੀਂ ਹੋਇਆ ਤੇ ਸਿੱਖੀ ਦੇ ਨਾਮ ਨੂੰ ਲਾਜ ਨਹੀਂ ਲਾਈ। ਮੈਨੂੰ ਭੀ ਸ਼ਹੀਦੀ ਪ੍ਰਾਪਤ ਕਰਨ ਵਾਸਤੇ ਜਾਣ ਦਿਓ। ਬਥੇਰਾ ਚਿਰ ਜੀਉ ਲਿਆ ਹੈ।"

ਆਪ ਦਾ ਬਿਆਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਸ ਸਮੇਂ ਦੇ ਛਪੇ ਹੋਏ ਟਰੈਕਟ 'ਜੈਤੋ ਸਮਾਂਚਾਰ' ਵਿਚ ਦਰਜ ਹੈ। ਆਪ ਨੂੰ ਸ਼੍ਰੋਮਣੀ ਕਮੇਟੀ ਨੇ ਜੈਤੋ ਤੇ ਗੁਰੂ ਕੇ ਬਾਗ ਦੇ ਮੋਰਚਿਆਂ ਲਈ ਸੇਵਾ ਪੇਸ਼ ਕਰਨ ਸੰਬੰਧੀ ਪ੍ਰਸੰਸਾ ਪੱਤ੍ਰ ਦਿਤੇ।

## ਚਲਾਣਾ –

ਆਪ ਜੀ ਦੀ ਭਾਈ ਸਾਹਿਬ ਰਣਧੀਰ ਸਿੰਘ ਦੇ ਦਰਸ਼ਨ ਤੇ ਮਿਲਾਪ ਲਈ ਤੀਬਰ ਇੱਛਾ ਸੀ। ਜਦੋਂ ਆਪ ਨੇ ਭਾਈ ਸਾਹਿਬ ਦਾ ਲਹੌਰ ਜੇਲ੍ਹ ਵਿਚ (ਮਈ 1930 ਵਿਚ) ਆਉਣਾ ਸੁਣਿਆ ਤੇ ਇਹ ਪਤਾ ਲਗਾ ਕਿ ਆਪ ਰਿਹਾਅ ਹੋਣ ਵਾਲੇ ਹਨ ਤਾਂ ਆਪ ਬੜੇ ਪ੍ਰਸੰਨ ਹੋਏ। ਪਰ ਭਾਣਾ ਐਸਾ ਵਰਤਿਆ ਕਿ ਆਪ ਦਾ ਭਾਈ ਸਾਹਿਬ ਨਾਲ ਮਿਲਾਪ ਨ ਹੋ ਸਕਿਆ ਕਿਉਂਕਿ ਆਪ ਬੁਖਾਰ ਨਾਲ ਬੀਮਾਰ ਸਨ। ਤਿੰਨ ਚਾਰ ਮਹੀਨੇ ਬੀਮਾਰ ਰਹੇ। ਓੜਕ ਉਹ ਦਿਨ ਆ ਪੁੱਜਾ ਕਿ ਆਪ ਲਈ ਧੁਰ ਦਾ ਸੱਦਾ ਆ ਗਿਆ। ਆਪ 67 ਸਾਲ ਦੀ ਉਮਰ ਵਿਚ 11 ਜੂਨ 1930 ਈ: ਨੂੰ ਸਵੇਰੇ 8 ਵਜੇ ਗੁਰਪੁਰੀ ਨੂੰ ਸਿਧਾਰ ਗਏ। ਪਿੰਡ ਫਲ੍ਹੇਵਾਲ ਦੀ ਸੰਗਤ ਨੇ 20 ਜੂਨ ਨੂੰ ਆਪ ਦੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਾਇਆ।

ਆਪ ਦੇ ਘਰਵਾਲੀ ਮਾਈ ਪ੍ਰੇਮ ਕੌਰ ਭੀ ਬਾਬਾ ਜੀ ਵਾਂਗ ਹੀ ਬੜੇ ਸ਼ਰਧਾ ਸਿਦਕ ਵਾਲੇ ਸਨ ਤੇ ਸਦਾ ਸੇਵਾ ਭਾਵ ਵਿਚ ਬਾਬਾ ਜੀ ਦਾ ਹੱਥ ਵਟਾਉਂਦੇ ਰਹੇ ਤੇ ਬਾਬਾ ਜੀ ਦੇ ਚਲਾਣੇ ਤੋਂ ਤਿੰਨ ਸਾਲ ਬਾਅਦ ਮਾਈ ਜੀ ਭੀ ਚਲਾਣਾ ਕਰ ਗਏ। ਇਹ ਦੰਪਤੀ ਸਿੱਖੀ ਸਿਦਕ ਸ਼ਰਧਾ ਭਾਵਨੀ ਤੇ ਸੁੱਚੇ ਜੀਵਨ ਦੀ ਅਮਲੀ ਮਿਸਾਲ ਸੀ, ਜੋ ਹੋਰਨਾਂ ਲੋਕਾਂ ਲਈ ਸਿਖਿਆਦਾਇਕ ਹੈ। ਗ੍ਰਿਹਸਤ ਮਾਰਗ ਵਿਚ ਪਵਿੱਤਰ ਜੀਵਨ ਦੇ ਪੂਰਨੇ ਪਾ ਗਏ। ਇਨ੍ਹਾਂ ਦੀ ਔਲਾਦ ਕੋਈ ਨਹੀਂ ਸੀ।

ਆਪ ਜੀ ਦੀ ਉਮਰ ਦੇ ਪਿਛਲੇ ਦਿਨਾਂ ਵਿਚ ਆਪ ਦੀ ਪੱਤੀ ਦੀ ਨੰਬਰਦਾਰੀ, ਨੰਬਰਦਾਰ ਦੇ ਗੁਜ਼ਰ ਜਾਣ ਕਰਕੇ ਖਾਲੀ ਹੋ ਗਈ। ਇਹ ਹੱਕ ਖਾਨਦਾਨੀ ਤੌਰ ਪਰ ਆਪ ਨੂੰ ਪਹੁੰਚਦਾ ਸੀ। ਨੰਬਰਦਾਰੀ ਆਪ ਨੂੰ ਪੇਸ਼ ਕੀਤੀ ਗਈ, ਪਰ ਆਪ ਨੇ ਅਦਾਲਤ ਵਿਚ ਜਾ ਕੇ ਲਿਖਤੀ ਤੌਰ ਪਰ ਨੰਬਰਦਾਰੀ ਤੋਂ ਦਸਤਬਰਦਾਰੀ ਦੇ ਦਿੱਤੀ ਤੇ ਨੰਬਰਦਾਰੀ ਆਪਣੇ ਭਤੀਜੇ ਨੂੰ ਦੇ ਦਿਤੀ। ਆਪ ਦਾ ਸੁਭਾਉ ਤਿਆਗੀ ਤੇ ਬੈਰਾਗੀ ਸੀ। ਅਦਾਲਤ ਨੇ ਜ਼ੋਰ ਭੀ ਦਿਤਾ ਕਿ ਬਾਬਾ! ਨੰਬਰਦਾਰੀ ਕਿਉਂ ਛਡਦਾ ਹੈਂ? ਤੂੰ ਆਪਣੀ ਜ਼ਮੀਨ ਭਤੀਜੇ ਨੂੰ ਕਿਉਂ ਦਿੰਦਾ ਹੈਂ? ਜੇ ਇਸਨੇ ਤੇਰੀ ਸੇਵਾ ਨਾ ਕੀਤੀ ਤਾਂ ਕੀ ਬਣੇਗਾ? ਬਾਬਾ ਜੀ ਨੇ ਕਿਹਾ ਕਿ ਫੇਰ ਭੀ ਇਨ੍ਹਾਂ ਨੇ ਹੀ ਸਭ ਕੁਝ ਸਾਂਭਣਾ ਹੈ, ਹੁਣੇ ਹੀ ਕਿਉਂ ਨਾ ਜੀਉਂਦੇ ਜੀਅ ਸੰਭਾਲ ਦੇਵਾਂ। ਜੇ ਮੇਰਾ ਭਤੀਜਾ ਸੇਵਾ ਨਾ ਕਰੇਗਾ ਤਾਂ ਉਹ ਜਾਣੇ। ਇਸ ਤਰ੍ਹਾਂ ਦੇ ਉਦਾਰ, ਗੰਭੀਰ-ਚਿੱਤ, ਪ੍ਰੇਮ ਮੂਰਤ ਸੱਜਣ ਬਾਬਾ ਜੀ ਸਨ, ਜਿਨ੍ਹਾਂ ਦੀ ਯਾਦ ਹੁਣ ਭੀ ਆਪ ਦੇ ਪ੍ਰੇਮੀਆਂ ਨੂੰ ਸਰੂਰ ਦਾ ਹਲੂਣਾ ਦੇ ਜਾਂਦੀ ਹੈ। ਆਪ ਮਿੰਟਗੁਮਰੀ ਜੇਲ੍ਹ ਵਿਚ ਦਾਸ ਦੇ ਨਾਲ ਹੀ ਰਹੇ ਸਨ।

LLLLLL



Sri Satguru Jagjit Singh Ji eLibrary NamdhariElibrary@gmail.com

# The Celestial Song
# ਗੁਰੂ ਗੋਬਿੰਦ ਗੀਤ

***ਮੂਲ ਲੇਖਕ – ਡਾ. ਸਵਾਮੀ ਰਾਮ ਜੀ***
***ਅਨੁਵਾਦਕ– ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਅੰਕ ਜਨਵਰੀ 2000 – ਪੰਨਾ 43)*

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥***

ਬਹੁਤ ਘੱਟ ਹੀ ਇਤਿਹਾਸਕ ਬਿਰਤਾਂਤ ਤੁਸੀਂ ਇਹੋ ਜਿਹੀਆਂ ਹਸਤੀਆਂ ਬਾਰੇ ਪੜ੍ਹਿਆ ਹੋਵੇਗਾ ਜਿਨ੍ਹਾਂ ਨੇ ਮਾਨਵਤਾ ਨੂੰ ਝੰਜੋੜ ਦਿਤਾ। ਅਤਿ ਸੁਹਿਰਦਤਾ ਨਾਲ ਅੰਦਰ ਦੇ ਗੁਣਾਂ ਨੂੰ ਇਸ ਤਰ੍ਹਾਂ ਜਗਾਇਆ ਕਿ ਸਾਰੀ ਕੌਮ, ਸਾਰਾ ਦੇਸ਼ ਜਾਗਰੂਪ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਦੀ ਸਖਸ਼ੀਅਤ ਅਤਿ ਨਿਰਾਲੀ ਸੀ, ਉਨ੍ਹਾਂ ਦੇ ਕਿਰਦਾਰ ਵਰਗਾ ਕੋਈ ਦੂਸਰਾ ਹੋਇਆ ਹੀ ਨਹੀਂ, ਉਨ੍ਹਾਂ ਦੇ ਗੁਣ ਅਲੌਕਿਕ ਸਨ, ਉਨ੍ਹਾਂ ਦੇ ਸਰੀਰ ਵਰਗਾ ਕਿਸੇ ਦਾ ਸਰੀਰ ਨਹੀਂ ਸੀ, ਉਨ੍ਹਾਂ ਦੇ ਅਧਿਆਤਮਕ ਵਿਸਤਾਰ ਜਿਹਾ ਕਿਸੇ ਦਾ ਵਿਸਤਾਰ ਨਹੀਂ ਸੀ, ਉਹ ਸੰਤ ਸਿਪਾਹੀ ਸਨ ਤੇ ਇਹ ਕੇਵਲ ਉਨ੍ਹਾਂ ਲਈ ਹੀ ਕਿਹਾ ਜਾ ਸਕਦਾ ਹੈ। ਯੁੱਧ ਵਿਚ ਉਨ੍ਹਾਂ ਦੇ ਮੁਕਾਬਲੇ ਦਾ ਕੋਈ ਨਹੀਂ ਸੀ, ਉਨ੍ਹਾਂ ਦੀ ਧਰਮ ਨਿਸ਼ਠਾ ਵਰਗੀ ਕਿਸੇ ਦੀ ਨਿਸ਼ਠਾ ਨਹੀਂ ਸੀ। ਉਨ੍ਹਾਂ ਦੀ ਹੋਂਦ ਇਕ ਸ਼ਰਧਾ ਭਰੀ ਹੈਰਾਨੀ ਸੀ, ਅਸੀਮ ਦੀ ਬਹਾਦਰੀ ਸੀ, ਉਹ ਇਕ ਉਚ ਕੋਟੀ ਦੇ ਕਵੀ ਸਨ, ਦੂਰ ਅੰਦੇਸ਼ ਸਨ, ਸੰਤ ਸਨ, ਯੋਧੇ ਸਨ, ਉਚ ਕੋਟੀ ਦੇ ਲੀਡਰ ਸਨ, ਬਿਲਕੁਲ ਨਿਰਭੈ ਸਨ। ਉਨ੍ਹਾਂ ਨੇ ਥੱਕੇ ਮਨੁੱਖਾਂ ਦੇ ਅੰਦਰ ਸੁੱਤੀ ਪਈ ਧਰਮ ਦੀ ਸ਼ਕਤੀ ਨੂੰ ਜਗਾਇਆ। ਉਨ੍ਹਾਂ ਦੀ ਨੈਤਿਕਤਾ, ਆਤਮ ਵਿਸ਼ਵਾਸ਼ੀ ਸਮਾਜਿਕ ਸਿਧਾਂਤਾਂ ਨੇ ਦੇਸ਼ ਨੂੰ ਉਤਸ਼ਾਹਿਤ ਕੀਤਾ ਤੇ ਉਚੀ ਪ੍ਰਾਰਬਧ ਵਲ ਲੈ ਗਏ। ਮਾਨਵਤਾ ਦੇ ਸੰਪੂਰਨ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਮਿਸਾਲ ਲਾ ਜਵਾਬ ਹੈ, ਉਸ ਦੇ ਨਾਲ ਦੀ ਦੂਸਰੀ ਮਿਸਾਲ ਹੈ ਹੀ ਨਹੀਂ ਜਿਸ ਨੇ ਇਸ ਤਰ੍ਹਾਂ ਮਨੁੱਖਤਾ ਨੂੰ ਪ੍ਰੇਰਿਤ ਕੀਤਾ ਹੋਵੇ।

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬੇਅੰਤ ਔਕੜਾਂ ਨਾਲ ਭਰਿਆ ਪਿਆ ਸੀ। ਸਤਾਰ੍ਹਵੀਂ ਸਦੀ ਵਿਚ ਮੁਗਲ ਛੋਟੇ ਏਸ਼ੀਆ ਵਲੋਂ ਆਉਣੇ ਸ਼ੁਰੂ ਹੋਏ ਤੇ ਭਾਰਤੀ ਸਭਿਅਤਾ ਨੂੰ ਖਤਮ ਕਰਨ ਲਗ ਪਏ। ਛੋਟੇ ਛੋਟੇ ਰਾਜੇ ਬਹੁਤ ਹੀ ਹੰਕਾਰੀ ਸਨ। ਉਹ ਕਦੀ ਕਦੀ ਬਾਹਰੋਂ ਆਉਣ ਵਾਲਿਆਂ ਦਾ, ਹਮਲਾ ਕਰਨ ਵਾਲਿਆਂ ਦਾ ਮੁਕਾਬਲਾ ਕਰਦੇ ਸਨ, ਪਰ ਭਾਰਤ ਦੇ ਲੋਕੀ ਉਪਰਾਮ ਹੋ ਚੁੱਕੇ ਸਨ ਕਿਉਂਕਿ ਕੋਈ ਵੀ ਕੁਝ ਕਰਦਾ ਹੀ ਨਹੀਂ ਸੀ, ਦਬਿਆਂ ਹੋਇਆਂ ਦੀ ਮਨੋਵ੍ਰਿਤੀ ਤਰੱਕੀ ਕਰਨ ਲਈ ਬਿਲਕੁਲ ਖਤਮ ਹੋ ਚੁੱਕੀ ਸੀ, ਉਹ ਕਿਸੇ ਗੱਲ ਲਈ ਸੋਚ ਵੀ ਨਹੀਂ ਸਕਦੇ ਸੀ।

ਮੁਗਲਾਂ ਨੇ ਸਾਰਾ ਉਤਰੀ ਭਾਰਤ ਫੜ੍ਹੇ ਕਰ ਲਿਆ ਸੀ, ਉਨ੍ਹਾਂ ਨੇ ਬਹੁਤ ਸਾਰੇ ਲੋਕਾਂ ਨੂੰ ਇਸਲਾਮ ਵਿਚ ਲੈ ਆਂਦਾ ਸੀ, ਇਨ੍ਹਾਂ ਬਾਹਰੋਂ ਆਏ ਰਾਜਿਆਂ ਦਾ ਸਮਾਜਿਕ ਦੁਰ–ਵਿਵਹਾਰ ਬਹੁਤ ਹੀ ਨੰਗਾ ਦਿਖ ਰਿਹਾ ਸੀ। ਨੌਕਰੀਆਂ ਕੇਵਲ ਉਨ੍ਹਾਂ ਲਈ ਹੀ ਸਨ ਜਿਹੜੇ ਫਾਰਸੀ ਬੋਲਦੇ ਸਨ ਤੇ ਇਸਲਾਮ ਦੇ ਅਨੁਆਈ ਸਨ, ਕੁਰਾਨ ਨੂੰ ਮੰਨਦੇ ਸਨ ਤੇ ਉਹ ਹੀ ਰਸਮੋ ਰਿਵਾਜ ਪੂਰੇ ਕਰਦੇ ਸਨ। ਜਿਹੜੇ ਇਸਲਾਮ ਵਿਚ ਵਿਸ਼ਵਾਸ਼ ਨਹੀਂ ਰਖਦੇ ਸਨ, ਉਹ ਦੂਜੇ ਦਰਜੇ ਦੇ ਨਾਗਰਿਕ ਸਮਝੇ ਜਾਂਦੇ ਸਨ, ਉਨ੍ਹਾਂ ਨੂੰ ਬਹੁਤ ਘੱਟ ਆਰਥਿਕ ਤੇ ਸਮਾਜਿਕ ਖੁੱਲ੍ਹਾਂ ਦਿਤੀਆਂ ਗਈਆਂ ਸਨ, ਉਨ੍ਹਾਂ ਉਤੇ ਜਜ਼ੀਆ ਲਾਇਆ ਜਾਂਦਾ ਸੀ ਤੇ ਬਹੁਤ ਸਖਤ ਕਾਨੂੰਨ ਦੀ ਵਰਤੋਂ ਕੀਤੀ ਜਾਂਦੀ ਸੀ।

ਹਿੰਦੂਆਂ ਦਾ ਨਾ ਤਾਂ ਕੋਈ ਚੰਗਾ ਆਗੂ ਰਿਹਾ ਸੀ, ਰਾਜਸੀ ਮਜ਼ਹਬ ਇਸਲਾਮ ਸੀ, ਹਿੰਦੂ ਆਪਸ ਵਿਚ ਵੀ ਇਕੱਠੇ ਨਹੀਂ ਹੋ ਸਕਦੇ ਸੀ ਜਿਸ ਕਰਕੇ ਉਹ ਆਪਣੀਆਂ ਖਾਨਦਾਨੀ ਪਰੰਪਰਾਵਾਂ ਭੁੱਲ ਗਏ ਸਨ। ਜਿਹੜੇ ਘੋਰ ਤਪਸਿਆ ਕਰਨਾ ਚਾਹੁੰਦੇ ਸਨ ਜਾਂ ਅਧਿਆਤਮਵਾਦ ਦਾ ਡੂੰਘਾ ਅਭਿਆਸ ਕਰਨਾ ਚਾਹੁੰਦੇ ਸਨ, ਉਹ ਜੰਗਲਾਂ ਵਿਚ ਚਲੇ ਗਏ ਸਨ, ਉਹ ਗ੍ਰਹਿਸਤੀਆਂ ਦਾ ਮਾਰਗ ਦਰਸ਼ਨ ਕਰਨ ਲਈ ਰਹੇ ਹੀ ਨਹੀਂ। ਕੱਟੜਤਾ ਦਾ ਸਾਮ੍ਹਣਾ ਕਰਦੇ, ਦੂਸਰੇ ਮਜ਼ਹਬ ਦੇ ਰਸਮੋ ਰਿਵਾਜਾਂ ਨੂੰ ਦੇਖਦੇ ਲੋਕਾਂ ਦਾ ਆਪਣਾ ਅਧਿਆਤਮ ਤੱਤ ਮੱਧਮ ਪੈਣਾ ਸ਼ੁਰੂ ਹੋ ਗਿਆ। ਉਨ੍ਹਾਂ ਦੀਆਂ ਸਮਾਜਿਕ ਕਦਰਾਂ ਕੀਮਤਾਂ ਤੇ ਅਧਿਆਤਮਕ ਅਭਿਆਸ ਵੀ ਪੱਖਪਾਤ ਨਾਲ ਰੰਗੇ ਗਏ ਸਨ। 1000 ਸਾਲ ਹਿੰਦੂ ਦੂਸਰਿਆਂ ਦੇ ਗੁਲਾਮ ਰਹੇ, ਇਸ ਕਾਰਨ ਉਹ ਬਹੁਤ ਹੀ ਨਿਰਾਸ਼ਾਵਾਦੀ ਹੋ ਗਏ ਸੀ ਤੇ ਉਨ੍ਹਾਂ ਦਾ ਸਭਿਆਚਾਰ ਖੇਰੂੰ ਖੇਰੂ ਹੋਣ ਲਗ ਪਿਆ ਸੀ, ਵੱਖ–ਵੱਖ ਫਿਰਕਿਆਂ ਵਿਚ, ਧੜਿਆਂ ਵਿਚ ਵੰਡਿਆ ਜਾ ਰਿਹਾ ਸੀ।

ਇਹੋ ਜਿਹਾ ਸਮਾਜ ਜਿਹੜਾ ਸੰਗਠਿਤ ਨਾ ਹੋਵੇ, ਕਰਮਬੱਧ ਨਾ ਹੋਵੇ, ਸਾਵਧਾਨ ਨਾ ਹੋਵੇ ਉਹ ਅੰਤ ਵਿਚ ਮਜ਼ਬੂਰ ਹੋ ਕੇ ਆਪਣੇ ਆਪ ਨੂੰ ਪ੍ਰਾਰਬਧ ਤੇ ਛੱਡ ਦਿੰਦਾ ਹੈ। ਦੇਖਣ ਵਿਚ ਆਇਆ ਹੈ ਕਿ ਕਈ ਬਹੁਤ ਹੀ ਸ੍ਰੇਸ਼ਟ ਸਭਿਅਤਾਵਾਂ ਇਤਿਹਾਸ ਵਿਚੋਂ ਖਤਮ ਹੋ ਗਈਆਂ ਹਨ ਕਿਉਂਕਿ ਉਹ ਲਾਪ੍ਰਵਾਹ ਹੋ ਗਈਆਂ, ਉਨ੍ਹਾਂ ਨੇ ਗਲਤੀਆਂ ਕੀਤੀਆਂ। ਜਦੋਂ ਇਹ ਸਮੱਸਿਆ ਭਾਰਤ ਦੇ ਸਮਾਜਿਕ ਸਭਿਆਚਾਰ ਵਿਚ ਆਈ, ਨਿਹੱਥੇ ਹੋ ਗਏ, ਕਿਸੇ ਦਾ ਮੁਕਾਬਲਾ ਨਾ ਕਰ ਸਕੇ, ਆਪਣੀ ਸੁਰੱਖਿਆ ਵੀ ਨਾ ਕਰ ਸਕੇ। ਇਨ੍ਹਾਂ ਹਾਲਾਤਾਂ ਵਿਚ ਭਾਰਤ ਦੇ ਸਭਿਆਚਾਰ ਨੂੰ ਧੱਕਾ ਲੱਗਾ। ਇਹ ਦੁਬਿਧਾ ਬਹੁਪੱਖੀ ਸੀ। ਪਹਿਲਾ ਕਾਰਣ ਤਾਂ ਇਹ ਸੀ ਕਿ ਕਈ ਜਾਤਾਂ ਪਾਤਾਂ ਸਨ, ਉਨ੍ਹਾਂ ਦੀ ਅੱਗੇ ਹੋਰ ਵੰਡ ਸੀ, ਉਸ ਨੇ ਸਾਰੇ ਸਮਾਜ ਨੂੰ ਛੋਟੇ–ਛੋਟੇ ਹਿਸਿਆਂ ਵਿਚ ਵੰਡਿਆ ਹੋਇਆ ਸੀ।



Sri Satguru Jagjit Singh Ji eLibrary NamdhariElibrary@gmail.com

ਦੂਸਰਾ ਕਾਰਨ ਇਹ ਸੀ ਕਿ ਵੱਖ-ਵੱਖ ਮੰਦਰਾਂ ਨੇ ਵੱਖ-ਵੱਖ ਦੇਵੀ ਦੇਵਤਿਆਂ ਨੇ, ਕਰਮ ਕਾਡਾਂ ਨੇ ਭਾਰਤ ਦੇ ਸਮਾਜ ਦੀ ਸ਼ਕਤੀ ਖੇਰੂੰ ਖੇਰੂੰ ਕੀਤੀ ਪਈ ਸੀ, ਕੋਈ ਵੀ ਕੌਮਾਂ ਇਕ ਛੱਤ ਥੱਲੇ ਇਕੱਠੀਆਂ ਨਹੀਂ ਸੀ ਹੁੰਦੀਆਂ। ਤੀਸਰਾ ਕਾਰਨ ਇਹ ਸੀ ਕਿ ਭਾਰਤੀ ਸਮਾਜ ਛੋਟੇ-ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ, ਉਨ੍ਹਾਂ ਦਾ ਆਪਸ ਵਿਚ ਕੋਈ ਸਬੰਧ ਨਹੀਂ ਸੀ, ਕੋਈ ਭਾਈਚਾਰਾ ਨਹੀਂ ਸੀ। ਸੰਗਠਨ ਕਰਨਾ ਬਹੁਤ ਹੀ ਔਖਾ ਕੰਮ ਸੀ, ਇਹ ਹੀ ਕਾਰਣ ਹੈ ਕਿ ਮੁਗਲਾਂ ਨੇ ਹਮਲਾ ਕੀਤਾ ਤੇ ਜਿੱਤ ਕੇ ਹਾਕਮ ਬਣ ਗਏ।

ਆਪਸ ਦੇ ਪਰਸਪਰ ਲੜਾਈ ਝਗੜੇ ਨੇ ਤੇ ਬਾਹਰ ਦੀ ਹਕੂਮਤ ਕਾਰਨ ਭਾਰਤ ਦੀ ਸਭਿਆਤਾ ਦੀ ਸਾਰੀ ਤੰਦ ਤਾਣੀ ਹੀ ਭ੍ਰਿਸ਼ਟ ਹੋ ਕੇ ਬੇਅਰਥ ਹੋ ਚੁੱਕੀ ਸੀ, ਆਪਣੀ ਪੁਰਾਣੀ ਸ਼ਾਨ ਗੁਆ ਬੈਠੀ ਸੀ। ਭਾਰਤ ਜਿਸ ਨੂੰ ਸੋਨੇ ਦੀ ਚਿੜੀਆ ਕਿਹਾ ਜਾਂਦਾ ਸੀ, ਉਸ ਨੂੰ ਬੁਰੀ ਤਰ੍ਹਾਂ ਤਸੀਹੇ ਦਿਤੇ ਗਏ ਅਤੇ ਕੋਈ ਵੀ ਉਸ ਨੂੰ ਬਚਾਉਣ ਲਈ ਅੱਗੇ ਨਹੀਂ ਆਇਆ।

ਇਹੋ ਜਿਹੇ ਸਮਿਆਂ ਵਿਚ ਇਕ ਬਹਾਦਰ ਯੋਧੇ ਦੀ ਹੀ ਲੋੜ ਹੁੰਦੀ ਹੈ ਜਿਹੜਾ ਅੱਗੇ ਹੋ ਕੇ ਇਸ ਔਖੀ ਘੜੀ ਦਾ ਸਾਮ੍ਹਣਾ ਕਰੇ ਜਿਵੇਂ ਕਿ ਗੀਤਾ ਦੇ (47-8) ਸਲੋਕਾਂ ਵਿਚ ਦੱਸਿਆ ਹੈ ਜਦੋਂ-ਜਦੋਂ ਵੀ ਧਰਮ ਡੁੱਬਦਾ ਦਿਸੇਗਾ, ਜੀਵਨ ਮਨੋਰਥ ਅਧਿਆਤਮਵਾਦ ਖਤਮ ਹੁੰਦਾ ਦਿਸੇਗਾ, ਪ੍ਰਭੂ ਦੇ ਪਿਆਰੇ ਆਉਣਗੇ ਤੇ ਇਸ ਧਰਤੀ ਨੂੰ ਪਾਪਾਂ ਤੋਂ ਬਚਾਉਣਗੇ, ਪਾਪਾਂ ਦਾ ਨਾਸ਼ ਕਰਕੇ ਧਰਮ ਦੀ ਰੱਖਿਆ ਕਰਨਗੇ। ਸਤਾਰ੍ਹਵੀਂ ਸਦੀ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਪ੍ਰਗਟੇ ਤੇ ਭਾਰਤ ਵਿਚ ਧਰਮ ਦੀ ਰੱਖਿਆ ਕੀਤੀ।

ਉਸ ਸਮੇਂ ਐਨਾ ਜ਼ਿਆਦਾ ਅਤਿਆਚਾਰ ਹੋ ਰਿਹਾ ਸੀ ਕਿ ਸਾਰਾ ਸੰਤੁਲਨ ਵਿਗੜਿਆ ਪਿਆ ਸੀ, ਧੁਰ ਦਰਗਾਹ ਤੋਂ ਪਾਪਾਂ ਦਾ ਨਾਸ਼ ਕਰਨ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਇਸ ਧਰਤੀ ਤੇ ਆਏ ਤਾਂ ਜੋ ਇਸ ਦਾ ਸੰਤੁਲਨ ਮੁੜ ਕੇ ਠੀਕ ਕੀਤਾ ਜਾਵੇ। ਇਹ ਕੇਵਲ ਗੁਰੂ ਗੋਬਿੰਦ ਸਿੰਘ ਸਾਹਿਬ ਹੀ ਇਹੋ ਜਿਹੀ ਸ਼ਕਤੀ ਸਨ ਜਿਨ੍ਹਾਂ ਨੇ ਔਰੰਗਜ਼ੇਬ ਦਾ ਮੁਕਾਬਲਾ ਕੀਤਾ। ਉਸ ਸਮੇਂ ਭਾਰਤੀ ਸਭਿਅਤਾ ਬਿਲਕੁਲ ਢਹਿੰਦੀਆਂ ਕਲਾ ਵਿਚ ਸੀ।

ਬਹੁਤ ਛੋਟੀ ਅਵਸਥਾ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਤੇ ਬਹੁਤ ਵੱਡੀ ਜ਼ਿੰਮੇਵਾਰੀ ਆਣ ਪਈ। ਉਨ੍ਹਾਂ ਦਾ ਜਨਮ ਹੀ ਇਸ ਮੰਤਵ ਲਈ ਹੋਇਆ ਸੀ। ਉਹ ਗੁਰੂ ਵੰਸ਼ ਦੇ ਆਖਰੀ ਗੁਰੂ ਸਨ। ਇਹ ਗੁਰੂ ਵੰਸ਼ ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀ ਵਿਚ ਹੀ ਫਲਿਆ ਫੁਲਿਆ। ਇਹ ਗੁਰੂ ਨਾਨਕ ਦੀ ਜੋਤ ਵਿਚ ਦਸਵੇਂ ਸਥਾਨ ਉਤੇ ਸਨ। ਗੁਰੂ ਨਾਨਕ ਸਿੱਖ ਮਜ਼ਹਬ ਦੇ ਬਾਨੀ ਅਤੇ ਉਸ ਦੀ ਫਿਲੌਸਫੀ ਦੇਣ ਵਾਲੇ ਹੋਏ ਹਨ। ਗੁਰੂ ਨਾਨਕ ਦੇਵ ਜੀ (1469-1539) ਨੇ ਸਿੱਖ ਮਜ਼ਹਬ ਦੀ ਨੀਂਹ ਰੱਖੀ, ਸਤਿ ਦੇ ਮੋਤੀ ਪਰੋ ਕੇ ਗੁਰਬਾਣੀ ਦਿਤੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ ਜਿਸ ਨੂੰ ਆਦਿ ਗ੍ਰੰਥ ਵੀ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਸੰਗ੍ਰਹਿ ਹੈ ਜਿਸ ਵਿਚ ਛੇ ਗੁਰੂ ਸਾਹਿਬਾਨ ਦੀ ਬਾਣੀ ਅੰਕਿਤ ਹੈ ਤੇ ਤੇਰ੍ਹਾਂ ਭਗਤਾਂ ਦੀ ਬਾਣੀ ਜਿਹੜੇ ਸੂਫੀ ਪਿਛੋਕੜ ਤੇ ਅਧਿਆਤਮਵਾਦ ਨਾਲ, ਭਗਤੀ ਨਾਲ ਡੂੰਘਾ ਸਬੰਧ ਰਖਦੇ ਸਨ ਤੇ ਜਿਹੜੇ ਸਿੱਖ ਮਜ਼ਹਬ ਦੇ ਪ੍ਰਗਟ ਹੋਣ ਤੋਂ ਪਹਿਲਾਂ ਹੀ ਲਿਖ ਚੁੱਕੇ ਸੀ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ (1666-1708) ਨੇ ਗੁਰ ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਤੀ, ਉਨ੍ਹਾਂ ਨੇ ਗੁਰਬਾਣੀ ਨੂੰ ਮੋਹਰੇ ਰੱਖਿਆ -

***ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥***
***ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥***

***ਪੰਨਾ - 982***

ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਉਨ੍ਹਾਂ ਦੇ ਜਾਣ ਤੋਂ ਵੀਹ ਸਾਲ ਬਾਅਦ ਇਕੱਠੀਆਂ ਕੀਤੀਆਂ ਗਈਆਂ ਤੇ ਉਸ ਨੂੰ ਦਸਮ ਗ੍ਰੰਥ ਕਿਹਾ ਜਾਂਦਾ ਹੈ, ਉਸ ਵਿਚ 2000 ਪੰਕਤੀਆਂ ਹਨ ਤੇ ਉਸ ਨੂੰ ਸਾਹਿਤ ਦੀ ਇਕ ਅਤਿ ਉਤਮ ਰਚਨਾ ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ ਸਨ; ਜਿਨ੍ਹਾਂ ਦਾ ਕੋਈ ਨਹੀਂ ਸੀ, ਗੁਰੂ ਨਾਨਕ ਦੇਵ ਜੀ ਉਨ੍ਹਾਂ ਦੇ ਰਹੇ ਹਨ - ਗਰੀਬਾਂ ਨਿਮਾਣਿਆਂ ਨੂੰ ਖੜ੍ਹੇ ਕਰਨ ਵਾਲੇ। ਉਨ੍ਹਾਂ ਨੇ ਜੀਵਨ ਜੀਉਣ ਦਾ ਇਕ ਬੜਾ ਪ੍ਰੈਕਟੀਕਲ ਆਤਮ ਮਾਰਗ ਦੱਸਿਆ। ਸਿੱਖ ਪਰੰਪਰਾ ਜਗਿਆਸੂ ਨੂੰ ਸਮਾਜਿਕ ਜ਼ਿੰਮੇਵਾਰੀਆਂ ਤੋਂ ਜਾਣੂੰ ਕਰਾਉਂਦੀ ਹੈ। ਇਹ ਵੀ ਦਸਦੀ ਹੈ ਕਿ ਅਧਿਆਤਮਕ ਖੋਜ ਕੇਵਲ ਆਤਮਕ ਨਹੀਂ, ਇਹ ਸਮੁੱਚੀ ਹੈ, ਇਹ ਦੀਨ ਤੇ ਦੁਨੀਆਂ ਦੋਨੋਂ ਹੈ, ਮਨੁੱਖੀ ਜੀਵਨ ਦੇ ਪਹਿਲੂ ਵੀ ਓਨੇ ਹੀ ਜ਼ਰੂਰੀ ਹਨ ਜਿੰਨਾਂ ਆਤਮ ਜੀਵਨ। ਜੀਵਨ ਦੀ ਸੰਸਾਰਕ ਜ਼ਿੰਮੇਵਾਰੀ ਸਿੱਖ ਮਜ਼ਹਬ ਦੇ ਆਤਮਕ ਪੱਧਰ ਦਾ ਇਕ ਮੁਢਲਾ ਪ੍ਰਯੋਗੀ ਥੰਮ੍ਹ ਹੈ। ਸਿੱਖ ਮਜ਼ਹਬ ਭਾਰਤ ਦੀ ਸੰਸਕ੍ਰਿਤੀ ਦੀ ਬੜੀ ਹੀ ਜਾਗਰਤ ਤਰਕ ਭਰਪੂਰ ਪਰੰਪਰਾ ਹੈ।

ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਮੰਦਰ ਮਸੀਤ ਇਕ ਹੀ ਹੈ। ਮਨੁੱਖ ਸਭ ਇਕ ਹਨ, ਹਿੰਦੂ ਮੁਸਲਮਾਨਾਂ ਦਾ ਇਕ ਉਚਾ ਸਿਧਾਂਤਕ ਸਬੰਧ ਹੈ, ਉਨ੍ਹਾਂ ਨੇ ਹਿੰਦੂ ਅਤੇ ਸੂਫੀਆਂ ਦੇ ਸਿਧਾਂਤ ਅਪਣਾਏ ਤੇ ਦੋਨੋਂ ਮਜ਼ਹਬਾਂ ਦਾ ਮੇਲ ਕੀਤਾ। ਗੁਰੂ ਨਾਨਕ ਦੇਵ ਦੀ ਸਿਖਿਆ ਵਿਚ ਕੋਈ ਵੀ ਲੋਕਾ-ਚਾਰ, ਕਰਮਕਾਂਡ, ਰਸਮੋ ਰਿਵਾਜ, ਵਹਿਮ ਅਸਮਾਨਤਾਵਾਂ, ਅਸਹਿਨਸ਼ੀਲਤਾ, ਦੇਵੀ ਦੇਵਤੇ, ਜਾਤ ਪਾਤ, ਕੱਟੜਵਾਦ, ਕਿਸੇ ਵੀ ਕਿਸਮ ਦਾ ਕੋਈ ਹੱਠ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਦੀ ਨਿਸਕ੍ਰਿਆ ਸੁਸਤ ਵਾਤਾਵਰਣ ਤੋਂ ਪ੍ਰਭਾਵਿਤ ਨਹੀਂ ਹੋਏ, ਉਨ੍ਹਾਂ ਨੇ ਅਣਗਹਿਲੀ ਨਹੀਂ ਵਰਤੀ, ਉਹ ਤਾਂ ਸਿਧਾਂਤਾਂ ਤੇ ਖੜ੍ਹੇ ਰਹੇ ਤੇ ਉਨ੍ਹਾਂ ਦੀ ਕੀਮਤ ਵੀ ਦਿਤੀ। ਉਨ੍ਹਾਂ ਨੇ ਸੋਝੀ ਨਾਲ ਕੀਤੇ ਕਰਮਾਂ ਨੂੰ ਤਿਆਗ ਨਾਲੋਂ ਉਚੀ ਥਾਂ ਦਿਤੀ। ਉਨ੍ਹਾਂ ਦਾ ਮੰਤਵ ਸਾਰੇ ਸਮਾਜ ਨੂੰ ਉਪਰ ਚੁਕਣਾ ਸੀ, ਸਾਰੇ ਸਮਾਜ ਦਾ ਨਿਰਮਾਣ ਕਰਨਾ ਸੀ, ਇਕ ਕਿਸੇ ਖਾਸ ਵਰਗ ਦਾ ਉਥਾਨ ਕਰਨਾ ਨਹੀਂ ਸੀ। ਕਿਰਤੀ ਮਨੁੱਖ ਨੂੰ ਉਚਾ ਦਸਿਆ ਗਿਆ,



Sri Satguru Jagjit Singh Ji eLibrary NamdhariElibrary@gmail.com

ਤਿਆਗੀ ਨੂੰ ਨਹੀਂ, ਸਮਾਜਿਕ ਜ਼ਿੰਮੇਵਾਰੀਆਂ ਨੂੰ ਉਚਾ ਤੇ ਮਹੱਤਵਪੂਰਵਕ ਦੱਸਿਆ ਗਿਆ।

ਸਿੱਖ ਮਜ਼ਹਬ ਇਕ ਆਦਰਸ਼ਕ ਸਮਾਜ ਦਾ ਸਿਰਜਨਹਾਰ ਹੈ ਜਿਸ ਦੀਆਂ ਜੜ੍ਹਾਂ ਆਤਮਕ ਚੇਤਨਤਾ ਤੇ ਸਦਾਚਾਰਕ ਪੂਰਨਤਾ ਵਿਚ ਡੂੰਘੀਆਂ ਹਨ। ਗ੍ਰਿਹਸਤ ਵਿਚ ਰਹਿਣ ਵਾਲਾ, ਦਸਾਂ ਨੌਹਾਂ ਦੀ ਕਿਰਤ ਕਰਕੇ ਵੰਡ ਕੇ ਛਕਣ ਵਾਲਾ ਹੀ ਗੁਰੂ ਦਾ ਸਦਾ ਸਿੱਖ ਹੈ, ਸਰੀਰਕ ਸਹਿਨਸ਼ੀਲਤਾ ਮਾਨਸਿਕ ਸਹਿਨਸ਼ੀਲਤਾ ਤੇ ਚੜ੍ਹਦੀ ਕਲਾ, ਸਮਾਨਤਾ, ਸ਼ੁਧਤਾ, ਨਿਸ਼ਕਾਮ ਸੇਵਾ ਉਤਮ ਗਿਣੀਆਂ ਜਾਂਦੀਆਂ ਹਨ। ਸਿੱਖ ਮਜ਼ਹਬ ਵਿਚ ਕੇਵਲ ਇਕ ਨੂੰ ਦੇਖਿਆ, ਸੁਣਿਆ ਅਤੇ ਮੰਨਿਆ ਜਾਂਦਾ ਹੈ, ਸਭ ਨੂੰ ਇਕ ਰੂਪ ਦੇਖਿਆ ਜਾਂਦਾ ਹੈ।

ਵਾਹਿਗੁਰੂ ਸਰਬ ਵਿਆਪਕ ਹੈ, ਉਹ ਪਰੀਪੂਰਨ ਹੈ, ਵਾਹਿਗੁਰੂ ਸਤਿ ਹੈ, ਸਤਿ ਦੀ ਜੋਤ ਸਭ ਦੇ ਅੰਦਰ ਜਗਮਗਾ ਰਹੀ ਹੈ।

ਸਿੱਖ ਮਜ਼ਹਬ ਸਭ ਨੂੰ ਕਲਾਵੇ ਵਿਚ ਲੈਂਦਾ ਹੈ, ਲੋਕਤੰਤਰ ਦਾ ਸਿਧਾਂਤ ਅੱਗੇ ਰਖਦੇ ਹੋਏ ਸੰਪੂਰਨ, ਮਹੱਤਵਪੂਰਨ ਤੇ ਸਹਿਜ ਜੀਵਨ ਜੀਉਣ ਦੀ ਪ੍ਰੇਰਨਾ ਦਿੰਦਾ ਹੈ, ਇਸ ਤਰ੍ਹਾਂ ਨਾਲ ਆਤਮ ਮਾਰਗ ਤੇ ਚਲਣ ਦਾ ਵਿਕਾਸ ਕਰਦਾ ਹੈ। ਮਨੁੱਖੀ ਜੀਵਨ ਦੀ ਉਤਮਤਾ ਤੇ ਮਨੋਰਥ ਦੀ ਕਦਰ ਕੀਤੀ ਜਾਂਦੀ ਹੈ ਤੇ ਚਰਿਤਰ ਨਿਰਮਾਣ ਦਾ ਵੀ ਪੂਰਾ ਧਿਆਨ ਦਿਤਾ ਜਾਂਦਾ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਮਜ਼ਹਬ ਇਕ ਸੰਪੂਰਨ ਨਾਗਰਿਕ, ਸਦਾਚਾਰਕ ਮਨੁੱਖ ਦਾ ਅਨੁਆਈ ਹੈ, ਉਹ ਮਨੁੱਖ ਜਿਹੜਾ ਸੰਪੂਰਨਤਾ ਨਾਲ ਹਰ ਪਾਸੇ ਦੀ ਸੋਝੀ ਰਖਦਾ ਹੋਵੇ, ਦੇਸ਼ ਦੀ ਨਿਸ਼ਕਾਮ ਸੇਵਾ ਕਰ ਸਕਦਾ ਹੋਵੇ, ਸ੍ਵਾਸ ਸ੍ਵਾਸ ਨਾਮ ਜਪਦਾ ਹੋਵੇ, ਨਿਤਨੇਮੀ ਹੋਵੇ ਤੇ ਗੁਰਬਾਣੀ ਦਾ ਅਭਿਆਸੀ ਹੋਵੇ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ –

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥***
***॥ ਜਪੁ ॥***
***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ – 1***

ਸਿੱਖ ਮਜ਼ਹਬ ਕੇਵਲ ਇਕ ਦਾ ਹੀ ਪਸਾਰਾ ਦੇਖਦਾ ਤੇ ਮੰਨਦਾ ਹੈ, 'ਨਿਰਾਕਾਰ – ਪਰੀਪੂਰਨ ਅਨੰਤ ਸਦੈਵੀ ਨੂੰ ਮੰਨਦਾ ਹੈ। ਸਤਿ ਦੀ ਪ੍ਰਾਪਤੀ ਕੇਵਲ ਗੁਰੂ ਕ੍ਰਿਪਾ ਨਾਲ ਹੀ ਹੋ ਸਕਦੀ ਹੈ, ਸ਼ਰਧਾ ਨਾਲ, ਨਿਸ਼ਕਾਮ ਸੇਵਾ ਨਾਲ ਅਤੇ ਨੇਕ ਨੀਅਤੀ ਨਾਲ ਹੋ ਸਕਦੀ ਹੈ। ਇਹ ਗੱਲਾਂ ਵੇਦਾਂਤ ਨਾਲ ਮਿਲਦੀਆਂ ਹਨ, ਵੇਦਾਂਤ ਇਥੇ ਖਤਮ ਹੋ ਜਾਂਦਾ ਹੈ। ਗੁਰੂ ਉਹ ਹੈ ਜਿਹੜਾ ਤੁਹਾਨੂੰ ਪਾਰ ਲੰਘਾਉਂਦਾ ਹੈ, ਗੁਰੂ ਨੂੰ ਆਪਾ ਸਮਰਪਣ ਕਰਕੇ ਭਵਜਲ ਤਰ ਜਾਈਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਸਤਿ ਦਾ ਜੀਵਨ ਜੀਓ, ਤੁਸੀਂ ਤਰ ਜਾਓਗੇ। ਕਿਸੇ ਨਾਲ ਵੈਰ ਨਾ ਰੱਖੋ, ਸਭ ਵਿਚ ਉਸ ਵਾਹਿਗੁਰੂ ਨੂੰ ਦੇਖੋ। ਖਿਮਾ ਹੀ ਪਿਆਰ ਦਾ ਸਭ ਤੋਂ ਵੱਡਾ ਪ੍ਰਗਟਾਵਾ ਹੈ, ਸ਼ਕਤੀ ਹੈ; ਜਿਥੇ ਖਿਮਾ ਹੈ ਉਥੇ ਵਾਹਿਗੁਰੂ ਆਪ ਹੈ। ਗੁਰੂ ਨਾਨਕ ਦੇਵ ਜੀ ਬਹੁਤ ਵੱਡੇ ਮਾਨਵਵਾਦੀ ਤੇ ਇਕ ਵਾਹਿਗੁਰੂ ਵਿਚ ਵਿਸ਼ਵਾਸ਼ ਰੱਖਣ ਵਾਲੇ ਹੋਏ ਹਨ, ਉਨ੍ਹਾਂ ਨੇ ਸੇਵਾ ਸਿਮਰਨ ਅਤੇ ਸਭ ਨੂੰ ਇਕੋ ਤਰ੍ਹਾਂ ਦੇਖਣਾ ਤੇ ਬਰਾਬਰੀ ਦਾ ਵਰਤਾਅ ਹੀ ਕੀਤਾ ਤੇ ਕਰਨਾ ਦੱਸਿਆ ਹੈ। ਇਹ ਹੀ ਉਨ੍ਹਾਂ ਦੇ ਸਭ ਤੋਂ ਵੱਡੇ ਸਿਧਾਂਤ ਹਨ। ਉਹ ਅਹਿੰਸਾ ਦੇ ਬਹੁਤ ਵੱਡੇ ਅਭਿਆਸੀ ਸਨ ਤੇ ਉਨ੍ਹਾਂ ਨੇ ਅਹਿੰਸਾ ਨੂੰ ਹੀ ਅੱਗੇ ਰੱਖਿਆ। ਉਨ੍ਹਾਂ ਨੇ ਹਮੇਸ਼ਾ ਇਹ ਹੀ ਕਿਹਾ – ਕਿਸੇ ਲਈ ਬੁਰਾ ਨਾ ਸੋਚੋ – ਇਹ ਸੋਚ ਦੀ ਅਹਿੰਸਾ ਹੈ, ਕਿਸੇ ਨਾਲ ਫਿਕਾ ਨਾ ਬੋਲੋ – ਇਹ ਜੀਭ ਦੀ ਅਹਿੰਸਾ ਹੈ, ਕਿਸੇ ਦੇ ਕੰਮ ਵਿਚ ਬਾਧਾ ਨਾ ਬਣੋ – ਇਹ ਕਰਮ ਦੀ ਅਹਿੰਸਾ ਹੈ।

ਜੇ ਕੋਈ ਤੁਹਾਡੇ ਨਾਲ ਬੁਰਾ ਬੋਲਦਾ ਹੈ – ਉਸ ਨੂੰ ਖਿਮਾ ਕਰੋ, ਆਤਮਕ, ਮਾਨਸਿਕ ਤੇ ਸਰੀਰਕ ਸਹਿਨਸ਼ਕਤੀ ਦਾ ਅਭਿਆਸ ਕਰੋ, ਆਪਣੇ ਜੀਵਨ ਤੇ ਝੇਲ ਕੇ ਵੀ ਦੀਨ ਦੁਖੀਆਂ ਦੀ ਸੇਵਾ ਕਰੋ।

ਆਪਣੇ ਬਚਪਨ ਤੇ ਜਵਾਨੀ ਵਿਚ ਗੁਰੂ ਨਾਨਕ ਦੇਵ ਜੀ ਨੇ ਸਾਧੂ ਸੰਤਾਂ ਦਾ ਸਾਥ ਮਾਣਿਆ ਹੈ। ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਜੀ ਲਾਹੌਰ ਦੇ ਕੋਲ ਹੀ ਪਿੰਡ ਵਿਚ ਰਹਿੰਦੇ


Sri Satguru Jagjit Singh Ji eLibrary NamdhariElibrary@gmail.com

ਸਨ। ਵਿਆਹ ਤੋਂ ਬਾਅਦ ਵੀ ਗੁਰੂ ਨਾਨਕ ਦੇਵ ਜੀ ਅਧਿਆਤਮਕ ਪਾਸੇ ਵਲ ਹੀ ਲੱਗੇ ਰਹੇ, ਭਗਤੀ ਕੀਤੀ, ਪੜ੍ਹੇ, ਸਾਹਿਤ ਪੜ੍ਹਿਆ, ਕਬੀਰ ਜੀ ਦੀਆਂ ਲਿਖਤਾਂ ਪੜ੍ਹੀਆਂ, ਹੋਰ ਵਿਸ਼ਨੂੰ ਭਗਤਾਂ ਦੀਆਂ ਲਿਖਤਾਂ ਪੜ੍ਹੀਆਂ, ਸੂਫੀਆਂ ਦੀਆਂ ਲਿਖਤਾਂ ਵੀ ਦੇਖੀਆਂ, ਤੀਹ ਸਾਲ ਇਨ੍ਹਾਂ ਦਾ ਵਿਚਾਰ ਕਰਕੇ ਉਹ ਪੂਰੀ ਤਰ੍ਹਾਂ ਨਾਲ ਹੀ ਦਿਨ ਰਾਤ ਭਗਤੀ ਵਿਚ ਲੱਗ ਗਏ, ਹਰੇਕ ਥਾਂ ਤੇ ਗਏ, ਸੰਸਾਰ ਘੁੰਮੇ, ਬਾਲਾ ਤੇ ਮਰਦਾਨਾ ਉਨ੍ਹਾਂ ਦੇ ਨਾਲ ਹੀ ਰਹੇ, ਆਸਾਮ ਤੋਂ ਲੈ ਕੇ ਮੱਕੇ ਤਕ ਤਿੱਬਤ, ਲੰਕਾ, ਚੀਨ ਤੇ ਹੋਰ ਵੀ ਦੂਰ ਦੂਰ ਤਕ ਗਏ। ਅੰਤ ਵਿਚ ਕਰਤਾਰਪੁਰ ਆਪ ਜੀ ਟਿਕ ਗਏ, ਉਥੇ ਉਨ੍ਹਾਂ ਨੇ ਗ੍ਰਹਿਸਤ ਨਿਭਾਇਆ। ਜੀਵਨ ਦੇ ਆਖਰੀ ਪੰਦਰਾਂ ਸਾਲ ਸਿੱਖਾਂ ਸੇਵਕਾਂ ਨੂੰ ਪੜ੍ਹਾਇਆ। ਉਨ੍ਹਾਂ ਦੀ ਸਿਖਿਆ ਪੂਰੇ ਵਿਸ਼ਵ ਲਈ ਸੀ, ਹਲੂਣ ਦੇਣ ਵਾਲੀ ਸੀ ਜਿਸ ਨੇ ਸਭ ਨੂੰ ਜਗਾ ਦਿਤਾ, ਭਾਰਤ ਵਰਸ਼ ਵਿਚ ਜਾਗ੍ਰਤੀ ਲਿਆ ਦਿਤੀ।

ਗੁਰੂ ਨਾਨਕ ਦੇਵ ਜੀ ਨੇ ਗੁਰੂ ਪਰੰਪਰਾ ਚਲਾਈ। ਉਨ੍ਹਾਂ ਤੋਂ ਬਾਅਦ ਗੁਰੂ ਅੰਗਦ ਦੇਵ ਜੀ (1504–1552) ਹੋਏ ਹਨ, ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁਤਰਾਂ ਨੂੰ ਗੱਦੀ ਨਹੀਂ ਦਿਤੀ, ਉਨ੍ਹਾਂ ਦੇ ਬੇਟੇ ਸ੍ਰੀ ਚੰਦ ਜੀ ਤਿਆਗ ਵਿਚ ਵਿਸ਼ਵਾਸ਼ ਰਖਦੇ ਸਨ ਤੇ ਸੰਨਿਆਸੀਆਂ ਵਾਲੇ ਅਭਿਆਸ ਕਰਦੇ ਸਨ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਦਾ ਨਿਰਮਾਣ ਕੀਤਾ, ਲੰਗਰ ਦੀ ਪ੍ਰਥਾ ਚਲਾਈ, ਗੁਰਦਵਾਰੇ ਬਣਾਏ ਜਿਥੋਂ ਗੁਰੂ ਨਾਨਕ ਦਾ ਉਪਦੇਸ਼ ਦਿਤਾ ਜਾਣ ਲਗ ਪਿਆ, ਗੁਰੂ ਅੰਗਦ ਦੇਵ ਜੀ ਨੇ ਆਪਣੀ ਗੁਰਗੱਦੀ ਵਡੇਰੀ ਉਮਰ ਦੇ ਗੁਰੂ ਅਮਰਦਾਸ ਜੀ (1479–1574) ਨੂੰ ਦਿਤੀ। ਗੁਰੂ ਅਮਰਦਾਸ ਜੀ ਬਹੁਤ ਹੀ ਵੱਡੇ ਸਮਾਜ ਸੁਧਾਰਕ ਰਹੇ। ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ ਥਾਪੀਆਂ ਤੇ ਨਾਲ ਹੀ ਸੇਵਕ ਵੀ ਥਾਪੇ, ਉਨ੍ਹਾਂ ਨੇ ਬੀਬੀਆਂ ਵਿਚ ਪਰਦੇ ਦੀ ਰਵਾਇਤ ਹਟਾਈ, ਸਤੀ ਪ੍ਰਥਾ ਹਟਾਈ, ਲੰਗਰ ਛਕਣਾ ਉਨ੍ਹਾਂ ਨੇ ਸਭ ਲਈ ਜ਼ਰੂਰੀ ਕੀਤਾ, ਸਾਰੇ ਪੰਗਤ ਵਿਚ ਬੈਠ ਕੇ ਹੀ ਲੰਗਰ ਛਕਣ, ਕੋਈ ਜਾਤ ਪਾਤ ਉਚੇ ਨੀਵੇਂ ਦਾ ਕੋਈ ਭੇਦ ਨਹੀਂ ਰਖਣਾ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਜਵਾਈ ਗੁਰੂ ਰਾਮਦਾਸ ਜੀ (1534–1581) ਗੱਦੀ ਤੇ ਬੈਠੇ ਉਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਨਗਰ ਵਸਾਇਆ।

ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਪੁੱਤਰ ਗੁਰੂ ਅਰਜਨ ਦੇਵ ਜੀ (1563–1606) ਨੇ ਅੰਮ੍ਰਿਤਸਰ ਨੂੰ ਇਕ ਧਾਰਮਕ ਕੇਂਦਰ ਬਣਾਇਆ, ਗੁਰਦਵਾਰਾ ਬਣਾ ਕੇ ਉਥੇ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਕਰਮਬੱਧ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ, ਆਪ ਫਰਸ਼ ਤੇ ਆਸਨ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਉਚੀ ਥਾਂ ਤੇ ਬਿਰਾਜਮਾਨ ਕੀਤਾ। ਪੰਜਾਬ ਵਿਚ ਬਹੁਤ ਸਾਰੇ ਗੁਰਦਵਾਰੇ ਬਣਾਏ। ਇਨ੍ਹਾਂ ਸੰਸਥਾਵਾਂ ਨੂੰ ਚਲਾਉਣ ਲਈ ਉਨ੍ਹਾਂ ਨੇ ਸੇਵਕਾਂ ਤੋਂ ਦਸਵੰਧ ਲੈਣਾ ਸ਼ੁਰੂ ਕੀਤਾ। ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਨੂੰ ਅੱਗੇ ਰੱਖ ਕੇ ਸਿੱਖ ਕੌਮ ਦਾ ਨਾਮ ਦਿਤਾ ਤੇ ਨਿਸ਼ਕਾਮ ਸੇਵਾ ਨੂੰ ਅੱਗੇ ਚਲਾਇਆ। ਜਦੋਂ ਮੁਗਲ ਬਾਦਸ਼ਾਹ ਨੇ ਦੇਖਿਆ ਕਿ ਗੁਰੂ ਅਰਜਨ ਦੇਵ ਜੀ ਦੇ ਸੇਵਕ ਦਿਨ ਪ੍ਰਤੀ ਦਿਨ ਵਧ ਰਹੇ ਹਨ ਤੇ ਉਨ੍ਹਾਂ ਦੀ ਸੱਤ੍ਹਾ ਵੀ ਵਧ ਰਹੀ ਹੈ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਬੁਰਾ ਭਲਾ ਕਹਿਣਾ ਸ਼ੁਰੂ ਕਰ ਦਿਤਾ, ਭੰਡਣਾ ਸ਼ੁਰੂ ਕਰ ਦਿਤਾ ਤੇ ਉਨ੍ਹਾਂ ਨੂੰ ਕਹਿਣਾ ਸ਼ੁਰੂ ਕਰ ਦਿਤਾ ਕਿ ਗੁਰੂ ਸਾਹਿਬ ਮੁਗਲਾਂ ਨੂੰ ਬੁਰਾ ਭਲਾ ਕਹਿ ਰਹੇ ਹਨ। ਮੁਗਲ ਬਾਦਸ਼ਾਹ ਨੇ ਅੰਤ ਵਿਚ ਗੁਰੂ ਸਾਹਿਬ ਨੂੰ ਤਸੀਹੇ ਦੇਣੇ ਸ਼ੁਰੂ ਕੀਤੇ ਤੇ ਉਨ੍ਹਾਂ ਨੂੰ ਸ਼ਹੀਦ ਕਰ ਦਿਤਾ ਗਿਆ। ਉਹ ਪਹਿਲੇ ਸਿੱਖ ਗੁਰੂ ਸਨ ਜਿਨ੍ਹਾਂ ਨੇ ਸ਼ਹੀਦੀ ਦਿਤੀ ਤੇ ਸ਼ਹੀਦੀ ਦੀ ਨੀਂਹ ਰੱਖੀ, ਧਰਮ ਲਈ ਸ਼ਹੀਦੀ ਦੇ ਕੇ ਸਿੱਖੀ ਦੀ ਨੀਂਹ ਰੱਖੀ।

ਮੁਗਲਾਂ ਦਾ ਰਵੱਈਆ ਦੇਖ ਕੇ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਗੁਰੂ ਹਰਿ ਗੋਬਿੰਦ ਸਾਹਿਬ (1595-1644) ਸਿੱਖਾਂ ਦੀ ਵਡਿਆਈ, ਜਸ ਪ੍ਰਤਾਪ ਨੂੰ ਵਧਾਉਣ ਲਈ ਉਨ੍ਹਾਂ ਨੇ ਮੀਰੀ ਪੀਰੀ ਦੀ ਤਲਵਾਰ ਪਾਈ ਤੇ ਸਿੱਖਾਂ ਨੂੰ ਸ਼ਸਤਰਾਂ ਵਿਚ ਨਿਪੁੰਨ ਕਰਨਾ ਆਰੰਭਿਆ। ਉਨ੍ਹਾਂ ਨੂੰ ਇਸ ਗੱਲ ਲਈ ਵੀ ਮੁਗਲਾਂ ਨੇ ਦੁਖੀ ਕਰਨਾ ਸ਼ੁਰੂ ਕਰ ਦਿਤਾ ਪਰ ਗੁਰੂ ਸਾਹਿਬ ਦੀ ਸਿਖਿਆ ਤੇ ਉਨ੍ਹਾਂ ਦੇ ਸਿਧਾਂਤਾਂ ਨੇ ਸਿੱਖਾਂ ਨੂੰ ਇਕੱਤਰ ਕਰਕੇ ਸਿੱਖਾਂ ਦਾ ਚਰਿਤ੍ਰ ਬਲਵਾਨ ਬਣਾ ਦਿਤਾ ਤੇ ਉਹ ਧਰਮ ਦੇ ਰੱਖਿਅਕ ਬਣ ਗਏ। ਉਨ੍ਹਾਂ ਤੋਂ ਬਾਅਦ ਗੁਰੂ ਹਰਿ ਰਾਇ ਜੀ (1630–1664) ਵੀ ਹਥਿਆਰ ਬੰਦ ਹੁੰਦੇ ਰਹੇ ਤੇ ਜ਼ੁਲਮ ਦੇ ਵਿਰੁੱਧ ਖੜ੍ਹੇ ਹੋਣ ਲਈ ਤਤਪਰ ਰਹਿਣ ਲੱਗੇ, ਗੁਰੂ ਹਰਿਰਾਇ ਜੀ ਇਸ ਗੱਲ ਨੂੰ ਅਧਿਆਤਮ ਦਾ ਇਕ ਪੱਖ ਹੀ ਲੈ ਕੇ ਸਾਧਾਰਣ ਰਵੱਈਏ ਨਾਲ ਹੀ ਚਲਦੇ ਰਹੇ। ਸਿੱਖ ਯੋਧਿਆਂ ਦੀ ਬਹਾਦਰੀ ਉਨ੍ਹਾਂ ਦਾ ਚਰਿਤ੍ਰ ਬਣ ਗਿਆ। ਧਰਮ ਲਈ ਖੜ੍ਹੇ ਹੋ ਕੇ ਲੜਨਾ ਉਨ੍ਹਾਂ ਲਈ ਭਗਤੀ ਦਾ ਹੀ ਹਿੱਸਾ ਹੋ ਗਿਆ। ਗੁਰੂ ਹਰਿ ਰਾਇ ਜੀ ਦੇ ਸਪੁੱਤਰ ਗੁਰੂ ਸ੍ਰੀ ਹਰਿ ਕ੍ਰਿਸ਼ਨ ਜੀ (1650–1664) ਕੇਵਲ ਤਿੰਨ ਸਾਲ ਹੀ ਰਹੇ। ਭਾਵੇਂ ਉਹ ਬਾਲ ਅਵਸਥਾ ਵਿਚ ਹੀ ਸਨ ਪਰ ਉਹ ਹਰ ਪੱਖੋਂ ਪੂਰਨ ਸਨ। ਉਨ੍ਹਾਂ ਤੋਂ ਬਾਅਦ ਗੁਰੂ ਤੇਗ ਬਹਾਦਰ ਸਾਹਿਬ (1621–1675) ਗੁਰੂ ਗੱਦੀ ਤੇ ਬਿਰਾਜਮਾਨ ਹੋਏ।

ਗੁਰੂ ਤੇਗ ਬਹਾਦਰ ਨੌਵੇਂ ਗੁਰੂ ਹੋਏ ਹਨ। ਆਪ ਜੀ ਗੁਰੂ ਹਰਿ ਗੋਬਿੰਦ ਜੀ ਦੇ ਸਪੁੱਤਰ ਸਨ। ਇਹ ਬਹੁਤ ਹੀ ਸੋਝੀ ਵਾਲੇ ਤੇ ਬਹੁਤ ਹੀ ਯੋਧਾ ਆਗੂ ਸਨ। ਗੁਰੂ ਸਾਹਿਬ ਬਹੁਤ ਦੂਰ-ਦੂਰ ਘੁੰਮੇ ਤੇ ਸਿੱਖੀ ਦਾ ਸੁਨੇਹਾ ਦਿਤਾ। ਆਪ ਜੀ ਨੇ ਅਨੰਦਪੁਰ ਸਾਹਿਬ ਵਸਾਇਆ, ਜੋ ਸ਼ਿਵਾਲਿਕ ਦੀਆਂ ਪਹਾੜੀਆਂ ਤੇ ਸਥਿਤ ਹੈ ਤੇ ਵਧੇਰੇ ਸੁਰਖਿਅਤ ਥਾਂ ਹੈ। ਆਪ ਜੀ ਦੀ ਬਾਣੀ ਬਹੁਤ ਹੀ ਵੈਰਾਗ ਦੀ ਬਾਣੀ ਹੈ। ਆਪ ਜੀ ਦੇ ਸਪੁੱਤਰ ਗੋਬਿੰਦ ਰਾਇ ਹੋਏ ਜਿਨ੍ਹਾਂ ਨੇ ਖਾਲਸਾ ਪੰਥ ਦੀ ਨੀਂਹ ਰੱਖੀ ਤੇ ਗੁਰੂ ਗੋਬਿੰਦ ਸਿੰਘ ਜੀ ਸਜੇ। ਆਪ ਜੀ ਪੂਰਨ ਗੁਰੂ ਦੇ ਨਾਲ-ਨਾਲ ਪੂਰਨ ਯੋਧਾ ਅਤੇ ਰਾਜਸੀ ਠਾਠ ਬਾਠ ਵਾਲੇ ਵੀ ਹੋਏ ਹਨ। ਆਪ ਜੀ ਨੇ ਗੁਰ ਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਕੇ ਦੇਹਧਾਰੀ ਗੁਰੂ ਦੀ ਮਰਿਆਦਾ ਦਾ ਅੰਤ ਕਰ ਦਿਤਾ। ਗੁਰੂ ਤੇਗ ਬਹਾਦਰ ਦੇ ਸਮੇਂ ਔਰੰਗਜ਼ੇਬ ਨੇ ਹਿੰਦੂ ਪੰਡਤਾਂ ਤੇ ਬਹੁਤ ਜ਼ੁਲਮ ਸ਼ੁਰੂ ਕਰ ਦਿਤਾ ਸੀ, ਉਹ ਸਾਰੇ ਇਕੱਠੇ ਹੋ ਕੇ ਗੁਰੂ ਤੇਗ ਬਹਾਦਰ ਜੀ ਕੋਲ ਆਏ ਤੇ ਆਪਣੀ ਰੱਖਿਆ ਲਈ ਬੇਨਤੀਆਂ ਕੀਤੀਆਂ। ਮੁਗਲਾਂ ਦੇ ਜ਼ੁਲਮ ਨੂੰ ਦੇਖਦਿਆਂ ਗੁਰੂ ਸਾਹਿਬ ਜੀ ਨੇ ਫੁਰਮਾਇਆ –

ਧਰਮ ਦੀ ਰੱਖਿਆ ਬਹੁਤ ਹੀ ਜ਼ਰੂਰੀ ਹੈ। ਜ਼ੁਲਮ ਦਾ ਅੰਤ ਹੋਣਾ ਹੀ ਚਾਹੀਦਾ ਹੈ। ਇਸ ਅਤਿਆਚਾਰ ਤੋਂ ਛੁਟਕਾਰਾ

(ਬਾਕੀ ਪੰਨਾ 53 ਤੇ)



Sri Satguru Jagjit Singh Ji eLibrary NamdhariElibrary@gmail.com

# ਅਮਰ ਕਥਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ - 58 )*

ਸੋ ਭਾਈ ਮਨਸੁੱਖ ਕਹਿਣ ਲੱਗਿਆ, "ਰਾਜਨ! ਆਪ ਵਿਚਾਰ ਕਰੀ ਜਾਓ ਜੋ ਮੈਂ ਆਪ ਪਾਸ ਅਰਜ਼ ਕਰਦਾ ਹਾਂ। ਆਪਣੇ ਮਨ ਦੇ ਅੰਦਰ ਨਿਰਣਾ ਕਰੀ ਜਾਓ। ਜੇ ਮੈਂ ਗਲਤ ਕਹਾਂ, ਓਥੇ ਮੇਰੇ ਨਾਲ ਵਿਚਾਰ ਕਰ ਲਓ।" ਰਾਜਾ ਕਹਿਣ ਲੱਗਿਆ, "ਭਾਈ ਮਨਸੁਖ! ਤੇਰੇ ਬਚਨ ਮੈਨੂੰ ਸ਼ਾਂਤੀ ਦਿੰਦੇ ਤੁਰੇ ਜਾ ਰਹੇ ਨੇ, ਐਸੀ ਸ਼ਾਂਤੀ ਜੋ ਮੈਂ ਅਜ ਤਕ ਨਹੀਂ ਦੇਖੀ। ਮੇਰਾ ਮਨ ਅੰਦਰ ਨੂੰ ਜੁੜਦਾ ਜਾ ਰਿਹਾ ਹੈ, ਕੋਈ ਰਸ ਜਿਹਾ ਮੇਰੇ ਉਤੇ ਤਾਰੀ ਹੋ ਰਿਹਾ ਹੈ। ਤੂੰ ਕਹੁ, ਜੀ ਭਰ ਕੇ ਬਚਨ ਕਰ, ਮੈਂ ਤੇਰੇ ਸਾਰੇ ਬਚਨ ਹਿਰਦੇ ਵਿਚ ਤੋਲ ਤੋਲ ਕੇ ਅੰਦਰ ਧਾਰਨ ਕਰ ਰਿਹਾ ਹਾਂ। ਜਿੰਨੇ ਹੁਣ ਤਕ ਤੂੰ ਬਚਨ ਕੀਤੇ ਨੇ ਉਹ ਸਾਰੇ ਮੈਂ ਆਪਣੇ ਹਿਰਦੇ ਵਿਚ ਧਾਰੇ ਨੇ।"

ਭਾਈ ਮਨਸੁਖ ਨੇ ਕਿਹਾ, ਰਾਜਨ! ਹੁਣ ਦਸਵੀਂ ਦਾ ਵਰਤ ਤੈਨੂੰ ਗੁਰਮਤਿ ਅਨੁਸਾਰ ਦਸਦੇ ਹਾਂ। ਇਹ ਦਸਵੀਂ ਦਾ ਵਰਤ ਅਸੀਂ ਮਨ ਨੂੰ ਕਾਬੂ ਕਰਨ ਵਾਸਤੇ ਰਖਦੇ ਹਾਂ। ਐਂ ਨਹੀਂ, ਭੁੱਖੇ ਨਹੀਂ ਅਸੀਂ ਰਹਿੰਦੇ ਕਿਉਂਕਿ ਭੁੱਖੇ ਰਹਿਣਾ ਸਾਡੇ ਗੁਰੂ ਨੇ ਨਹੀਂ ਦੱਸਿਆ।

***ਛੋਡਹਿ ਅੰਨੁ ਕਰਹਿ ਪਾਖੰਡ॥***
***ਨਾ ਸੋਹਾਗਨਿ ਨਾ ਓਹਿ ਰੰਡ॥ ਪੰਨਾ - 873***

ਅੰਨ ਤਾਂ ਸਰੀਰ ਦੀ ਜ਼ਰੂਰਤ ਹੈ। ਇਸ ਦੀ ਖੁਰਾਕ ਬਦਲ ਦੇ, ਇਹ medical advice (ਡਾਕਟਰੀ ਸਲਾਹ) ਹੈ ਲੇਕਿਨ ਇਸ ਨੂੰ ਧਰਮ ਕਹਿ ਕੇ ਫਲ ਦੇਣ ਵਾਲੀ ਗੱਲ ਕਹਿ ਦੇਣਾ ਇਹ ਤਾਂ ਇਕ ਵਹਿਮ ਪ੍ਰਸਤੀ ਹੈ। ਹਿਸਾਬ ਨਾਲ ਚੱਲੋ, ਮੈਡੀਕਲ ਸਿਸਟਮ (ਹਿਕਮਤ) ਅਨੁਸਾਰ ਚੱਲੋ। ਵਰਤ ਰੱਖੋ; ਡਾਕਟਰ ਕਹਿੰਦੇ, ਰੋਟੀ ਨਾ ਖਾਈਂ ਫਲ ਖਾਈਂ, ਭਾਰੀ ਰੋਟੀ ਨਾ ਖਾਈਂ, ਤੂੰ ਚਾਵਲ ਖਾ ਕੇ ਗੁਜ਼ਾਰਾ ਕਰ ਲਈਂ, ਤੇਰਾ ਮਿਹਦਾ ਵਾਧੂ ਭਾਰੀ ਹੋਇਆ ਹੋਇਐ। ਪੇਟ ਭਰ ਕੇ ਨਾ ਖਾਈਂ, ਮਿਹਦੇ ਨੂੰ ਆਰਾਮ ਦੇਹ -

***ਅਲਪ ਅਹਾਰ ਸੁਲਪ ਸੀ ਨਿਦ੍ਰਾ......।***
***ਪਾਤਸ਼ਾਹੀ ੧੦***

ਬਹੁਤਾ ਸੌਂ ਕੇ ਰੋਗੀ ਹੋ ਜਾਏਂਗਾ, ਤੇਰੀ ਉਮਰ ਘਟ ਜਾਏਗੀ। ਬਹੁਤਾ ਪੇਟ ਭਰ ਭਰ ਕੇ ਖਾਏਂਗਾ, ਰੋਗੀ ਹੋ ਜਾਏਂਗਾ। ਜਿਗਰ ਜਿਹੜਾ ਹੈ ਇਹ ਐਡਾ ਵੱਡਾ ਕਾਰਖਾਨਾ ਪ੍ਰਭੂ ਨੇ ਲਾਇਆ ਹੋਇਆ ਹੈ, ਏਥੇ ਕੋਈ ਬੰਦਾ ਇਸਦੀ ਨਕਲ ਨਹੀਂ ਕਰ ਸਕਦਾ। ਹਰ ਚੀਜ਼ ਦੇ ਵਿਚੋਂ ਤੱਤ ਕੱਢ ਕੇ ਅੱਖਾਂ ਵੱਲ ਭੇਜਦੈ, ਕੰਨ ਵਾਲਾ ਕੰਨ ਨੂੰ ਭੇਜਦੈ, ਦਿਮਾਗ ਵਾਲਾ ਦਿਮਾਗ ਨੂੰ ਭੇਜਦੈ, ਖੂਨ ਵਾਲਾ ਖੂਨ ਨੂੰ ਭੇਜਦੈ। ਕਿੱਡਾ ਵੱਡਾ ਕਾਰਖਾਨਾ ਪ੍ਰਮੇਸ਼ਰ ਨੇ ਅੰਦਰ ਲਾਇਆ ਹੋਇਆ ਹੈ। ਡਾਕਟਰੀ ਸਲਾਹ ਲੈ ਲੈ, ਵਕਤ ਨੂੰ ਧਰਮ ਦੇ ਨਾਲ ਨਾ ਜੋੜ ਕਿਉਂਕਿ ਤੂੰ ਗੁਮਰਾਹ ਹੋ ਜਾਏਂਗਾ, ਤੈਨੂੰ ਪਤਾ ਨਹੀਂ ਲੱਗਣਾ ਕਿ ਧਰਮ ਦਾ ਰਸਤਾ ਕੀ ਹੈ, ਇਹ ਕੀ ਹੈ। ਸੋ ਰਾਜਨ! ਜਦ ਤਕ ਮਨ ਨਹੀਂ ਮੰਨਦਾ, ਓਨਾਂ ਚਿਰ ਧਰਮ ਦੇ ਰਾਹ ਤੇ ਪੈਣਾ ਜਿਹੜਾ ਹੈ ਉਹ ਇਸ ਤਰ੍ਹਾਂ ਹੈ ਕਿ ਕੋਈ ਸਫਰ ਨਹੀਂ ਤਹਿ ਹੋ ਰਿਹਾ, ਅੱਖਾਂ ਦੇ ਉਪਰ ਖੋਪੇ ਦੇ ਕੇ ਕੋਹਲੂ ਦੇ ਬਲਦ ਵਾਂਗੂੰ ਪੈੜ ਦੇ ਵਿਚ ਹੀ ਗੇੜੇ ਕੱਢੇ ਨੇ। ਜੇ ਮਨ ਮੰਨ ਜਾਵੇ ਤਾਂ ਗੱਲ ਬਣਨੀ ਹੈ, ਮਨ ਕਹਿਣਾ ਤਾਂ ਹੀ ਮੰਨੇਗਾ ਜੇ ਇਹ ਵਸ ਆਏਗਾ-

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥ ਪੰਨਾ - 342***

ਮਨ ਦੇ ਨਾਲ ਬਾਤ ਚਲਦੀ ਹੈ। ਇਹ ਮਨ ਅੜੀ ਕਰਦਾ ਹੈ, ਜੀਵ ਨੂੰ ਥੱਲੇ ਤੋਂ ਕਾਬੂ ਕਰੀਂ ਬੈਠੈ ਤੇ ਇਸ ਨੇ ਮਿਤਰਤਾ ਕੀਹਦੇ ਨਾਲ ਪਾਈ ਹੋਈ ਹੈ? ਕ੍ਰੋਧ ਨਾਲ, ਲੋਭ ਨਾਲ, ਮੋਹ ਨਾਲ, ਹੰਕਾਰ ਨਾਲ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਨਾਸਤਕਤਾ, ਆਹ ਭੈੜੀਆਂ ਚੀਜ਼ਾਂ ਨਾਲ; ਫੇਰ ਆਸਾ, ਤ੍ਰਿਸ਼ਨਾ, ਅੰਦੇਸਾ, ਇਹਨਾਂ ਭੈੜੀਆਂ ਡਾਇਣਾਂ ਦੇ ਨਾਲ ਮਿਤਰਤਾ ਪਾਈ ਬੈਠਾ ਹੈ। ਸਤਿ, ਸੰਤੋਖ, ਧੀਰਜ, ਖਿਮਾ, ਦਇਆ, ਕੋਮਲ ਹਿਰਦਾ, ਕੋਮਲ ਬਚਨ, ਅਲਪ ਅਹਾਰ ਸੁਲਪ ਸੀ ਨਿੰਦਰਾ, ਆਹ ਚੀਜ਼ਾਂ ਦੇ ਨਾਲ ਮਨ ਦੀ ਮਿਤਰਤਾ ਨਹੀਂ ਹੈ, ਇਨ੍ਹਾਂ ਤੋਂ ਦੂਰ ਰਹਿੰਦਾ ਹੈ। ਸੋ ਮਨ ਵਸ ਹੋਣਾ ਚਾਹੀਦਾ ਹੈ। ਰਾਜਾ ਕਹਿਣ ਲੱਗਿਆ, "ਭਾਈ ਮਨਸੁਖ! ਜਿਥੇ ਤੁਸੀਂ ਐਨੇ ਯਤਨ ਦੱਸੇ ਨੇ, ਕ੍ਰਿਪਾ ਕਰਕੇ ਇਹ ਵੀ ਦੱਸ ਦਿਓ ਕਿ ਮਨ ਕਿਵੇਂ ਵਸ ਆ ਜਾਂਦਾ ਹੈ ਕਿਉਂਕਿ ਤੁਹਾਡੀ ਗੱਲ ਠੀਕ ਹੈ; ਅਸੀਂ ਇਕ ਸਕਿੰਟ ਵਾਸਤੇ ਵੀ ਨਹੀਂ ਟਿਕਦੇ।" ਭਾਈ ਮਨਸੁਖ ਨੇ ਦੱਸਿਆ, "ਰਾਜਨ! ਮੇਰੇ ਸਤਿਗੁਰੂ ਨੇ ਜਦ ਪਹਿਲੀ ਉਦਾਸੀ ਧਾਰਨ ਕਰੀ, ਜਦੋਂ ਵੇਈ ਨਦੀ ਵਿਚੋਂ ਨਿਕਲੇ ਸੀ ਉਸ ਵੇਲੇ ਆਪ ਨੇ ਸਾਰ ਬਚਨ ਕਹੇ -

***ਨਾ ਹਮ ਹਿੰਦੂ ਨ ਮੁਸਲਮਾਨ॥***
***ਅਲਹ ਰਾਮ ਕੇ ਪਿੰਡੁ ਪਰਾਨ।। ਪੰਨਾ - 1136***

ਹਿੰਦੂਆਂ ਨੇ ਕੋਈ ਨੋਟਿਸ ਇਸ ਬਚਨ ਦਾ ਨਾ ਲਿਆ ਕਿਉਂਕਿ ਗੁਲਾਮ ਸਨ। ਮੁਸਲਮਾਨਾਂ ਨੇ ਇਸਲਾਮ ਦਾ ਰਾਜ ਹੋਣ ਕਰਕੇ ਬੁਰਾ ਮਨਾਇਆ ਅਤੇ ਮੇਰੇ ਸਤਿਗੁਰੂ ਨੂੰ ਪੁਛਿਆ, ਤੂੰ ਇਹ ਗੱਲ ਕੀ ਕਹਿੰਦਾ ਹੈਂ? ਸ਼ਰ੍ਹਾ ਦੇ ਖਿਲਾਫ ਬੋਲ ਰਿਹਾ ਹੈਂ? ਗੁਰੂ ਨਾਨਕ ਦੇਵ ਜੀ ਕਹਿੰਦੇ ਨੇ, ਹੈ ਹੀ ਨਹੀਂ ਕੋਈ। ਇਸਲਾਮ ਦੀ ਗੱਲ ਤਾਂ ਸਮਝੋ ਕਿ ਕਹਿੰਦੀ ਕੀ ਹੈ, ਨਮਾਜ਼ਾਂ ਦਾ ਅਰਥ ਤਾਂ ਸਮਝੋ ਕਿ ਕਹਿੰਦੇ ਕੀ ਨੇ, ਤੁਸੀਂ ਉਸ ਤੇ ਚਲਦੇ ਹੋ? ਤੁਸੀਂ ਤਾਂ ਜ਼ੋਰ ਜ਼ਬਰ ਵਿਚ ਪਏ ਹੋਏ ਓ। ਜੀਵਾਂ



Sri Satguru Jagjit Singh Ji eLibrary NamdhariElibrary@gmail.com

ਨੂੰ ਮਾਰੀਂ ਜਾਂਦੇ ਓ, ਤੰਗ ਕਰਦੇ ਓ, ਗੁਰੂ ਨਾਨਕ ਦੇਵ ਜੀ ਨੇ ਰਾਜੇ ਦੇ ਕਾਰਜਾਂ ਨੂੰ ਕਸਾਈਆਂ ਦੇ ਕੰਮ ਨਾਲ ਤੁਲਨਾ ਦਿਤੀ। ਉਨ੍ਹਾਂ ਦੱਸਿਆ ਕਿ ਧਰਮ ਅਲੋਪ ਹੋ ਗਿਆ ਹੈ, ਕਰਮਕਾਂਡ ਪ੍ਰਧਾਨ ਹੋ ਚੁੱਕਿਆ ਹੈ। ਗਿਆਨ ਵਿਹੂਣੀ ਪਰਜਾ ਹੱਕ-ਬੇਹੱਕ ਦੀ ਪਛਾਣ ਤੋਂ ਵੰਚਿਤ ਹੋ ਕੇ ਅੰਨ੍ਹੀ ਹੋ ਚੁੱਕੀ ਹੈ, ਆਗੂ ਕਰਮਕਾਂਡ ਦੀ ਆੜ ਵਿਚ ਪਾਪ ਨੂੰ ਧਰਮ ਦੀ ਪਰੀਭਾਸ਼ਾ ਦੇ ਰਹੇ ਹਨ। ਸਭ ਕੁਛ ਸਮਝਾਇਆ ਮੇਰੇ ਸਤਿਗੁਰੂ ਨੇ। ਇਸਲਾਮ ਵਾਲਿਆਂ ਨੇ ਕਿਹਾ, "ਹੇ ਨਾਨਕ! ਤੇਰੇ ਲਈ ਫੇਰ ਦੋਵੇਂ ਇਕ ਹੋਏ? ਪੂਜਾ ਤੇ ਨਮਾਜ਼ ਵਿਚ ਤੈਨੂੰ ਕੋਈ ਫਰਕ ਨਹੀਂ ਲਗਦਾ, ਮਸਜਿਦ ਤੇ ਮੰਦਰ ਵਿਚ ਤੈਨੂੰ ਕੋਈ ਫਰਕ ਨਹੀਂ ਲਗਦਾ, ਦੋਵੇਂ ਬਰਾਬਰ ਲਗਦੇ ਨੇ? ਫੇਰ ਆ ਚੱਲ ਆਪਾਂ ਨਮਾਜ਼ ਪੜ੍ਹੀਏ। ਆਪ ਨੇ ਕਿਹਾ, "ਚਲੋ, ਨਵਾਬ ਸਾਹਿਬ! ਅਸੀਂ ਹਰ ਵਕਤ ਨਮਾਜ਼ ਪੜ੍ਹਦੇ ਹਾਂ ਤੁਸੀਂ ਪੰਜ ਵਕਤ ਪੜ੍ਹਦੇ ਹੋ, ਅਸੀਂ ਤਾਂ ਹਰ ਵਕਤ ਪੜ੍ਹਦੇ ਹਾਂ, ਇਕ ਸਕਿੰਟ ਵਾਸਤੇ ਵੀ ਅਸੀਂ ਵਿਹਲੇ ਨਹੀਂ ਹੁੰਦੇ। ਚਲੋ, ਤੁਹਾਡੇ ਨਾਲ ਪੜ੍ਹ ਲੈਂਦੇ ਹਾਂ।"

ਮੇਰੇ ਸਤਿਗੁਰੂ ਗਏ, ਇਕ ਪਾਸੇ ਹੋ ਕੇ ਬੈਠ ਗਏ। ਨਮਾਜ਼ ਸ਼ੁਰੂ ਹੋ ਗਈ। ਖਤਮ ਹੋ ਗਈ ਤਾਂ ਨਵਾਬ ਨੇ ਪੁਛਿਆ, "ਨਾਨਕ! ਤੂੰ ਨਮਾਜ਼ ਪੜ੍ਹਨ ਆਇਆ ਸੀ, ਪਰ ਨਮਾਜ਼ ਤੂੰ ਪੜ੍ਹੀ ਨਹੀਂ। ਤੇ ਮੇਰੇ ਸਤਿਗੁਰੂ ਨੇ ਪਤਾ ਹੈ ਕੀ ਜਵਾਬ ਦਿਤਾ? ਸੁਣੋ ਧਿਆਨ ਨਾਲ। ਕਹਿਣ ਲੱਗੇ, "ਨਵਾਬ ਸਾਹਿਬ! ਮੈਂ ਤਾਂ ਨਮਾਜ਼ ਪੜ੍ਹੀ ਹੈ ਤੂੰ ਨਹੀਂ ਪੜ੍ਹੀ। ਨਵਾਬ ਕਹਿਣ ਲੱਗਿਆ, "ਹੈਰਾਨੀ ਦੀ ਗੱਲ ਹੈ ਦੇਖੋ ਲੋਕੋ, ਮੈਂ ਨਮਾਜ਼ ਪੜ੍ਹੀ ਹੈ ਤੇ ਮੈਨੂੰ ਨਾਨਕ ਕਹਿੰਦਾ ਹੈ, ਨਮਾਜ਼ ਨਹੀਂ ਪੜ੍ਹੀ। ਕਿਉਂ ਕਾਜ਼ੀ ਸਾਹਿਬ ਮੈਂ ਨਮਾਜ਼ ਨਹੀਂ ਪੜ੍ਹੀ? ਕਾਜ਼ੀ ਨੇ ਕਿਹਾ ਕਿ ਮੈਂ ਵੀ ਪੜ੍ਹੀ ਹੈ ਤੁਸੀਂ ਵੀ ਪੜ੍ਹੀ ਹੈ।" ਮੇਰੇ ਸਤਿਗੁਰੂ ਨੇ ਕਿਹਾ, "ਦੌਲਤ ਖਾਨ ਨਵਾਬ ਸਾਹਿਬ! ਆਹ ਘੋੜੇ ਕੌਣ ਖਰੀਦ ਰਿਹਾ ਸੀ, ਕੰਧਾਰ ਵਿਚ? ਕੌਣ ਛਾਂਟ ਰਿਹਾ ਸੀ ਕਿ ਐਨੇ ਕੁਮੈਤ ਘੋੜੇ ਲੈਣੇ ਨੇ, ਐਨੇ ਸੁਰੰਗ ਲੈਣੇ ਨੇ, ਐਨੇ ਸਫੈਦ, ਨੀਲੇ ਲੈਣੇ ਨੇ, ਐਨੇ ਬੈਲਰ ਘੋੜੇ ਲੈਣੇ ਨੇ, ਐਨੇ ਤੋਪਾਂ ਖਿੱਚਣ ਵਾਲੇ ਮਜ਼ਬੂਤ ਕਦ ਕਾਠ ਵਾਲੇ ਲੈਣੇ ਨੇ, ਐਨੇ ਭਾਰ ਬਰਦਾਰੀ ਵਾਲੇ, ਐਨੇ ਸਵਾਰੀ ਵਾਲੇ। ਤੂੰ ਤਾਂ ਰੰਗ ਛਾਂਟਦਾ ਫਿਰਦਾ ਸੀ ਓਥੇ।" ਨਵਾਬ ਨੇ ਚਰਨਾਂ ਤੇ ਹੱਥ ਲਾ ਦਿਤੇ, "ਹੇ ਨਾਨਕ! ਵਲੀ ਅੱਲਾ, ਤੂੰ ਗੱਲ ਸਮਝ ਗਿਆ। ਮੇਰੇ ਅੰਦਰ ਦੀ ਜਾਣਦੈਂ, ਤੇਰੇ ਤੇ ਅੱਲਾਹ ਵਿਚ ਕੋਈ ਭੇਦ ਨਹੀਂ।"

ਕਾਜ਼ੀ ਕਹਿਣ ਲੱਗਿਆ, "ਮੈਂ ਤਾਂ ਨਮਾਜ਼ ਪੜ੍ਹੀ ਹੈ, ਮੇਰੇ ਨਾਲ ਪੜ੍ਹ ਲੈਂਦੇ।"

ਆਪ ਨੇ ਕਿਹਾ, "ਕਾਜ਼ੀ ਸਾਹਿਬ! ਤੁਸੀਂ ਤਾਂ ਘਰ ਵਿਚ ਨਵੀਂ ਸੂਈ ਘੋੜੀ ਦੀ ਵਛੇਰੀ ਮੋੜਦੇ ਰਹੇ ਹੋ ਕਿ ਉਹ ਖੂਹ ਵਿਚ ਨਾ ਗਿਰ ਪਵੇ।"

ਸੋ ਰਾਜਨ! ਮੈਨੂੰ ਵੀ ਮੇਰੇ ਸਤਿਗੁਰੂ ਇਹ ਕਹਿੰਦੇ ਨੇ ਕਿ ਭਜਨ ਬੰਦਗੀ, ਜੇ ਮਨ ਸਾਥ ਨਹੀਂ ਦਿੰਦਾ ਤਾਂ ਐਵੇਂ ਹੀ ਇਹ ਵਾਧੂ ਦੀ ਕਿਰਿਆ (exercise) ਹੈ, ਇਕ ਥਕੇਵਾਂ ਹੈ, ਇਕ ਸੁੱਤੇ ਪਏ ਦੀ ਬਾਤ ਹੈ। ਜਿੰਨਾਂ ਚਿਰ ਮਨ ਨਹੀਂ ਸਾਫ ਹੁੰਦਾ ਅਤੇ ਭਜਨ ਕਰਨ ਲਈ ਸਾਥ ਨਹੀਂ ਦਿੰਦਾ, ਨਮਾਜ਼ ਦਾ ਕੋਈ ਲਾਭ ਨਹੀਂ।

ਸੋ ਰਾਜਾ ਕਹਿਣ ਲੱਗਿਆ, "ਠੀਕ ਹੈ, ਤੁਸੀਂ ਜੋ ਗੱਲ ਕਹਿੰਦੇ ਹੋ, ਮੈਂ ਬਿਲਕੁਲ 100% ਇਸਦੇ ਨਾਲ ਸਹਿਮਤ ਹਾਂ। ਇਹ ਜੋ ਅਸੀਂ ਕਰਦੇ ਹਾਂ ਜਿੰਨਾ ਵੀ ਕਰਮ ਧਰਮ, ਵਰਤ ਵੀ ਰਖਦੇ ਹਾਂ, ਸਾਡਾ ਮਨ ਤਾਂ ਇਥੇ ਰਹਿੰਦਾ ਨਹੀਂ ਹੈ, ਮਨ ਤਾਂ ਉਹੋ ਹੀ ਚੀਜ਼ਾਂ ਸੋਚਦਾ ਹੈ ਜਿਹੜੀਆਂ ਪਹਿਲਾਂ ਸੋਚਦਾ ਸੀ। ਕ੍ਰਿਪਾ ਕਰਕੇ ਦੱਸੋ ਕਿ ਮਨ ਵਸ ਆਉਣ ਦੀ ਵੀ ਕੋਈ ਜੁਗਤ ਹੈ?" ਉਸ ਵੇਲੇ ਆਪ ਨੇ ਇਸ ਤਰ੍ਹਾਂ ਫੁਰਮਾਨ ਕੀਤਾ-

***ਧਾਰਨਾ - ਮਨ ਵਸ ਆਵੇ ਨਾਨਕਾ,***
***ਜੇ ਪੂਰਨ ਕਿਰਪਾ ਹੋਇ - 2***
***ਜੇ ਪੂਰਨ ਕਿਰਪਾ ਹੋਇ - 2***
***ਮਨ ਵਸ ਆਵੇ ਨਾਨਕਾ,...।***

ਕਹਿਣ ਲੱਗੇ, "ਰਾਜਨ! ਆਦਮੀ ਕਰਮ ਵੀ ਕਰਦਾ ਹੈ, ਧਰਮ ਵੀ ਕਰਦਾ ਹੈ, ਵਰਤ ਵੀ ਰਖਦਾ ਹੈ, ਸਤਿਸੰਗ ਵਿਚ ਵੀ ਜਾਂਦਾ ਹੈ, ਤੀਰਥ ਯਾਤਰਾ ਵੀ ਕਰਦਾ ਹੈ, ਦੂਰ ਦਰਾਜ਼ ਗੁਰਦਵਾਰਿਆਂ ਦੇ, ਤੀਰਥਾਂ ਦੇ, ਗੁਰਧਾਮਾਂ ਦੇ ਦਰਸ਼ਨ ਵੀ ਕਰਦਾ ਹੈ, ਦਾਨ ਵੀ ਕਰਦਾ ਹੈ, ਸਭ ਨੇਕ ਕੰਮ ਕਰਦਾ ਹੈ ਲੇਕਿਨ ਆਪਣੇ ਸੁਭਾਉ ਤੋਂ ਬਾਹਰ ਨਹੀਂ ਨਿਕਲ ਸਕਦਾ ਕਿਉਂਕਿ ਇਹ ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ ਦੇ ਅਧੀਨ ਹੀ



Sri Satguru Jagjit Singh Ji eLibrary NamdhariElibrary@gmail.com

ਕਾਰਜ ਕਰਦਾ ਹੈ। ਜੇ ਸਤੋ ਗੁਣ ਵਧ ਹੋਵੇ ਤਾਂ ਮਨ ਵਿਚ ਪ੍ਰਕਾਸ਼ ਹੋ ਜਾਂਦਾ ਹੈ, ਨਾਮ ਜਪਣ, ਧਰਮ ਕਰਨ ਦਾ ਉਤਸ਼ਾਹ ਜਾਗਦਾ ਹੈ, ਰਜੋ ਗੁਣ ਬਹੁਤ ਹੋਵੇ ਤਾਂ ਧਰਮ-ਅਧਰਮ, ਨੇਕੀ-ਬਦੀ, ਪੂਜਾ-ਪਾਠ ਤੋਂ ਅਰੁਚੀ ਦੀ ਪੀਂਘ ਝੂਟਦਾ ਹੈ, ਤ੍ਰਿਸ਼ਨਾ ਪ੍ਰਧਾਨ ਹੋਣ ਕਰਕੇ ਦਿਨ ਰਾਤ ਕਾਰਜਾਂ ਵਿਚ ਦੌੜਿਆ ਫਿਰਦਾ ਹੈ। ਜੇ ਤਮੋ ਗੁਣ ਵਧ ਹੋਵੇ ਤਾਂ ਕਾਮ, ਕ੍ਰੋਧ, ਲੋਭ, ਮੋਹ, ਅਭਿਮਾਨ ਦੀਆਂ ਘੁੰਮਣ-ਘੇਰੀਆਂ ਵਿਚ ਘੁਮੇਟਣੀਆਂ ਖਾਂਦਾ, ਆਲਸੀ, ਨਾਸਤਕ, ਬੇਚੈਨ, ਝਗੜੇ ਝਾਟਿਆਂ ਦਾ ਜੀਵਨ ਬਤੀਤ ਕਰਦਾ ਹੈ, ਆਪ ਭੀ ਦੁਖੀ ਰਹਿੰਦਾ ਹੈ ਅਤੇ ਦੂਜਿਆਂ ਨੂੰ ਵੀ ਦੁਖੀ ਕਰਦਾ ਹੈ। ਇਸ ਮਹਾਂ ਨੀਚ ਅਵਸਥਾ ਨੂੰ ਮੂੜ੍ਹ ਅਵਸਥਾ ਕਹਿੰਦੇ ਹਨ। ਸੋ ਮਨ ਤਿੰਨਾਂ ਗੁਣਾਂ ਦੇ ਅਸਰ ਕਬੂਲਦਾ ਕਿਸੇ ਥਿਰ ਅਵਸਥਾ ਵਿਚ ਨਹੀਂ ਰਹਿੰਦਾ। ਪਰ ਭਜਨ ਪਾਠ ਕਰਨ ਲਈ ਸਤੋ ਗੁਣੀ ਬਿਰਤੀ ਦੀ ਆਵਸ਼ਕਤਾ ਹੈ। ਸੁਭਾਉ ਓਹੀ ਰਹਿੰਦਾ ਹੈ, ਕੁੱਤੇ ਦੀ ਪੂਛ ਵਰਗਾ ਸੁਭਾਉ ਹੁੰਦਾ ਹੈ। 12 ਸਾਲ ਬਾਅਦ ਨਲਕੀ ਵਿਚੋਂ ਜਦੋਂ ਕੁੱਤੇ ਦੀ ਪੂਛ ਕੱਢੀ, ਫੇਰ ਵਿੰਗੀ ਦੀ ਵਿੰਗੀ। ਇਸੇ ਤਰ੍ਹਾਂ ਜੋ ਆਦਮੀ ਦਾ ਇਨ੍ਹਾਂ ਗੁਣਾਂ ਅਧੀਨ ਬੁਨਿਆਦੀ ਸੁਭਾਉ ਹੁੰਦਾ ਹੈ, ਜਿਹੜੇ ਪ੍ਰਮਾਣੂਆਂ ਦੇ ਨਾਲ ਇਸ ਦਾ ਸੁਭਾਉ ਬਣਿਆ ਹੁੰਦਾ ਹੈ, ਉਹ ਸੁਭਾਅ ਬਦਲਿਆ ਨਹੀਂ ਕਰਦਾ, ਉਹੋ ਸੁਭਾਉ ਫੇਰ ਆ ਜਾਂਦਾ ਹੈ। ਚੋਰ ਚੋਰੀ ਕਰਦਾ ਹੈ, ਸਾਧ ਬਣ ਜਾਵੇ, ਫੇਰ ਵੀ ਉਸ ਦੇ ਮਨ ਦੇ ਅੰਦਰ ਕਦੇ ਨਾ ਕਦੇ ਉਹ ਖਿਆਲ ਪੈਦਾ ਹੋ ਜਾਂਦੈ। ਵਿਕਾਰੀ ਆਦਮੀ ਚੰਗਾ ਬਣ ਜਾਵੇ, ਚੰਗਾ ਬਣਿਆ ਹੋਇਆ ਫੇਰ ਵੀ ਵਿਕਾਰ ਅੰਦਰ ਉਠ ਖੜ੍ਹਦੇ ਨੇ। ਸੁਭਾਉ ਨਹੀਂ ਜਾਇਆ ਕਰਦਾ। ਸੋ ਸਾਰੀਆਂ ਦਸਾਂ ਦਿਸ਼ਾਵਾਂ ਦੇ ਸਾਧਨ ਕਰਦਾ ਹੋਇਆ ਮਨ ਉਹੋ ਜਿਹਾ ਹੀ ਰਹਿੰਦਾ ਹੈ। ਜਿੰਨਾ ਚਿਰ ਪੂਰਨ ਸਮਰੱਥ ਗੁਰੂ ਦੇ ਚਰਨਾਂ ਵਿਚ ਨਹੀਂ ਆਉਂਦਾ ਤੇ ਮਨ ਵਿਚ ਇਹ ਪ੍ਰਤੀਤ ਨਹੀਂ ਲਿਆਉਂਦਾ ਕਿ ਮੇਰਾ ਗੁਰੂ ਆਪ ਹੀ ਵਾਹਿਗੁਰੂ ਹੈ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ।।***
***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ ਪੰਨਾ - 442***

ਉਸ ਦੇ ਬਚਨਾਂ ਦੀ ਕਮਾਈ ਨਹੀਂ ਕਰਦਾ ਤਾਂ ਦੁਨੀਆਂ ਦੇ ਕਰਮ ਧਰਮ ਤਾਂ ਲਕੀਰ ਦੇ ਫਕੀਰ ਵਾਲੀ ਗੱਲ ਹੈ, ਕਰਦਾ ਤੁਰਿਆ ਜਾਂਦੈ। ਗੁਰੂ ਵੀ ਧਾਰਦੈ, ਚਿੰਨ੍ਹ ਵੀ ਧਾਰਨ ਕਰਦੈ ਪਰ ਆਦਮੀ ਬਦਲਦਾ ਨਹੀਂ, ਉਹੋ ਜਿਹਾ ਹੀ ਰਹਿੰਦਾ ਹੈ। ਕਿਉਂਕਿ ਪੂਰੇ ਗੁਰੂ ਦੀ ਇਸ ਤੇ ਮਿਹਰ ਨਹੀਂ ਹੋਈ, ਮਨ ਵਸ 'ਚ ਨਹੀਂ ਆਇਆ। ਮਨ ਆਪਣੀਆਂ ਗੱਲਾਂ ਛੱਡਦਾ ਨਹੀਂ।

***ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ॥***
***ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥ ਪੰਨਾ - 298***

ਸੋ ਕਹਿਣ ਲੱਗਿਆ, ਰਾਜਨ! ਸਾਨੂੰ ਗੁਰੂ ਮਹਾਰਾਜ ਦਸਵੀਂ ਦਾ ਵਰਤ ਰਖਾਉਂਦੇ ਨੇ ਕਿ ਦਸਵੀਂ ਦਾ ਵਰਤ ਰੱਖ ਕੇ ਭੁੱਖੇ ਨਹੀਂ ਰਹਿਣਾ। ਦਸਵੀਂ ਵਾਲੇ ਦਿਨ ਤੁਸੀਂ ਆਪਣੇ ਮਨ ਦੇ ਨਾਲ ਜੂਝਣਾ ਹੈ।

***ਦਸਮੀ ਦਸ ਦੁਆਰ ਬਸਿ ਕੀਨੇ॥ ਪੰਨਾ - 298***

ਦਸੇ ਦੁਆਰ ਵਸ ਕਰਨੇ ਹਨ। ਨੌਂ ਤਾਂ ਵਸ ਹੁੰਦੇ ਨਹੀਂ ਹਨ, ਦਸਵਾਂ ਗੁਪਤ ਹੈ। ਜਿਹੜਾ ਦਸਵੇਂ ਦੁਆਰ ਨੂੰ ਵਸ ਕਰ ਲੈਂਦਾ ਹੈ, ਉਸ ਦੀ ਰਹਿਤ ਉਥੇ ਹੀ ਪੂਰੀ ਹੋ ਜਾਂਦੀ ਹੈ।

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥ ਪੰਨਾ - 468***

ਉਥੇ ਦਾ ਵਾਸਾ, ਨਿਜ ਘਰ ਦਾ ਵਾਸਾ ਉਸ ਨੂੰ ਮਿਲ ਜਾਂਦਾ ਹੈ ਜਿਸ ਨੇ ਦਸਵਾਂ ਦੁਆਰ ਪ੍ਰਾਪਤ ਕਰ ਲਿਆ। ਨੌਂ ਦੁਆਰੇ ਜਿਹੜੇ ਨੇ - ਅੱਖਾਂ, ਕੰਨ, ਨੱਕ, ਜ਼ੁਬਾਨ ਆਦਿ ਅਸੀਂ ਨੌਂ ਦੇ ਨੌਂ ਹੀ ਅੰਦਰੋਂ ਵਸ ਕਰਨ ਦਾ ਤਰੱਦਦ ਕਰਦੇ ਹਾਂ। ਦਸਵੇਂ ਦੁਆਰ ਬਾਰੇ ਅਸੀਂ ਅਗਿਆਨੀ ਹਾਂ।

***ਦਸਮੀ ਦਸ ਦੁਆਰ ਬਸਿ ਕੀਨੇ॥***
***ਮਨਿ ਸੰਤੋਖੁ ਨਾਮ ਜਪਿ ਲੀਨੇ।। ਪੰਨਾ - 298***

ਨਾਮ ਜਪਣ ਦੇ ਨਾਲ ਸਾਡੇ ਮਨ ਦੀ ਜੋ ਦੌੜ ਭੱਜ ਸੀ, ਉਹ ਸੰਤੋਖ ਦੇ ਵਿਚ ਬਦਲ ਗਈ, ਮਨ ਟਿਕ ਗਿਆ।

***ਕਰਨੀ ਸੁਨੀਐ ਜਸੁ ਗੋਪਾਲ॥ ਪੰਨਾ - 298***

ਕੰਨਾਂ ਦੇ ਨਾਲ ਹਰੀ ਦਾ ਜਸ ਸ੍ਰਵਣ ਕਰਕੇ ਅਸੀਂ ਕੰਨਾਂ ਨੂੰ ਵਸ ਵਿਚ ਰਖਦੇ ਹਾਂ।

***ਨੈਨੀ ਪੇਖਤ ਸਾਧ ਦਾਇਆਲ॥ ਪੰਨਾ - 299***

ਅੱਖਾਂ ਦੇ ਨਾਲ ਅਸੀਂ ਗੁਰੂ ਦੇ ਦਰਸ਼ਨ ਕਰਦੇ ਹਾਂ, ਦਿਆਲ ਗੁਰੂ ਦੇ ਦਰਸ਼ਨ ਕਰਦੇ ਹਾਂ ਤੇ ਇਸ ਦੇ ਨਾਲ ਸਾਡੀਆਂ ਅੱਖਾਂ ਉਸ ਦੇ ਦਰਸ਼ਨ ਨਾਲ ਖਿੱਚੀਆਂ ਜਾਂਦੀਆਂ ਨੇ, ਰਸ ਵਿਚ ਆ ਜਾਂਦੀਆਂ ਨੇ, ਫਿੱਕਾ, ਕਾਮੁਕ, ਵੈਰ ਭਾਵ ਨਾਲ ਦੇਖਣਾ ਫਿਰ ਸਾਨੂੰ ਚੰਗਾ ਨਹੀਂ ਲਗਦਾ।

***ਰਸਨਾ ਗੁਨ ਗਾਵੈ ਬੇਅੰਤ॥ ਪੰਨਾ - 299***

ਰਸਨਾ ਦੇ ਨਾਲ ਅਸੀਂ ਨਿੰਦਿਆ ਚੁਗਲੀ ਨਹੀਂ ਕਰਦੇ, ਹਰੀ ਦਾ ਜਸ ਕਰਦੇ ਹਾਂ, ਸਾਡੀ ਰਸਨਾ ਰਸ ਨਾਲ ਭਰ ਜਾਂਦੀ ਹੈ, ਗੀਹਦੀ ਹੋ ਜਾਂਦੀ ਹੈ, ਬੋਲਣ ਨੂੰ ਜੀਅ ਨਹੀਂ ਕਰਦਾ, ਫਿੱਕੀ ਗੱਲ ਜ਼ੁਬਾਨ 'ਚੋਂ ਕੱਢਣ ਨੂੰ ਜੀਅ ਨਹੀਂ ਕਰਦਾ। ਸੋ ਅਸੀਂ ਹਰੀ ਦਾ ਜਸ ਗਾ ਕੇ ਰਸਨਾ ਵਸ ਕਰਦੇ ਹਾਂ।

***ਮਨ ਮਹਿ ਚਿਤਵੈ ਪੂਰਨ ਭਗਵੰਤ॥ ਪੰਨਾ - 299***

ਮਨ ਵਿਚ ਅਸੀਂ ਪੂਰਨ ਭਗਵਾਨ, ਜਿਹੜਾ ਅੰਗ ਸੰਗ ਹੈ, ਉਸ ਦੀ ਚਿਤਵਨੀ ਕਰਦੇ ਹਾਂ।

***ਹਸਤ ਚਰਨ ਸੰਤ ਟਹਲ ਕਮਾਈਐ॥ ਪੰਨਾ -***



Sri Satguru Jagjit Singh Ji eLibrary NamdhariElibrary@gmail.com

***299***

ਹੱਥਾਂ ਤੇ ਪੈਰਾਂ ਦੇ ਨਾਲ ਸਾਧੂਆਂ ਦੀ ਸੇਵਾ ਕਰਦੇ ਹਾਂ, ਸੰਗਤ ਦੀ ਸੇਵਾ ਕਰਦੇ ਹਾਂ, ਪੱਖਾ ਝੱਲਦੇ ਹਾਂ, ਜਲ ਪਿਲਾਉਂਦੇ ਹਾਂ, ਦਰੀਆਂ ਵਿਛਾਉਂਦੇ ਹਾਂ, ਬਰਤਨ ਮਾਂਜਦੇ ਹਾਂ, ਪਰਸ਼ਾਦੇ ਲਾਹੁੰਦੇ ਹਾਂ। ਇਸ ਤਰ੍ਹਾਂ ਸੰਗਤਾਂ ਦੀ, ਸਾਧੂਆਂ ਦੀ ਸੇਵਾ ਕਰਦੇ ਹਾਂ।

***ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ॥***
***ਪੰਨਾ - 299***

ਇਹ ਸੰਜਮ ਜਦੋਂ ਅਸੀਂ ਰੱਖਣਾ ਸ਼ੁਰੂ ਕਰ ਦਿੰਦੇ ਹਾਂ, ਫੇਰ ਕੀ ਹੁੰਦਾ ਹੈ? ਫੇਰ ਪ੍ਰਭੂ ਕ੍ਰਿਪਾ ਕਰ ਦਿੰਦਾ ਹੈ। ਜਦੋਂ ਕ੍ਰਿਪਾ ਕਰ ਦਿੰਦਾ ਹੈ, ਫੇਰ ਮਨ ਵਸ ਦੇ ਵਿਚ ਆ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਅਸੀਂ ਦਸਵੀਂ ਦਾ ਵਰਤ ਰਖਦੇ ਹਾਂ।

ਬਾਕੀ ਆ ਗਈ ਇਕਾਦਸ਼ੀ, ਜਿਸ ਦੇ ਵਾਸਤੇ ਤੂੰ ਮੈਨੂੰ ਫੜ ਕੇ ਮੰਗਾਇਆ ਹੈ। ਅਸੀਂ ਇਸ ਦਾ ਵੀ ਵਰਤ ਰੱਖਦੇ ਹਾਂ ਰਾਜਨ! ਪਰ ਸਾਡੇ ਵਰਤ ਰੱਖਣ ਦਾ ਤਰੀਕਾ ਹੋਰ ਹੈ, ਤੁਸੀਂ ਅੰਨ ਨਹੀਂ ਖਾਂਦੇ। ਅਸੀਂ ਹਰ ਰੋਜ਼ ਵਰਤ ਰਖਦੇ ਹਾਂ। ਜਿੰਨੀ ਭੁੱਖ ਹੈ - ਜੇ ਚਾਰ ਪਰਸ਼ਾਦਿਆਂ ਦੀ ਭੁੱਖ ਹੈ ਤਾਂ ਅਸੀਂ ਤਿੰਨ ਛਕਦੇ ਹਾਂ। ਅਲਪ ਅਹਾਰ ਦਾ ਵਰਤ ਰਖਦੇ ਹਾਂ, ਬੋਲਣ ਦਾ ਵਰਤ ਰਖਦੇ ਹਾਂ, ਥੋੜ੍ਹਾ ਬੋਲਦੇ ਹਾਂ। ਸੌਣ ਦਾ ਵਰਤ ਰਖਦੇ ਹਾਂ -

***ਅਲਪ ਅਹਾਰ ਸੁਲਪ ਸੀ ਨਿੰਦ੍ਰਾ***
***ਦਇਆ ਛਿਮਾ ਤਨਿ ਪ੍ਰੀਤਿ॥***
***ਪਾਤਸ਼ਾਹੀ ੧੦, ਸ਼ਬਦ ਹਜ਼ਾਰੇ***

ਤੇ ਅੰਦਰਲਾ ਵਰਤ ਦਸਾਂ ਦੁਆਰਿਆਂ ਨੂੰ ਵਸ ਕਰਨ ਦਾ ਰਖਦੇ ਹਾਂ, ਮਨ ਨੂੰ ਬਾਰ-ਬਾਰ ਰੋਕਦੇ ਹਾਂ; ਮਨ ਦੌੜਦਾ ਹੈ, ਫੇਰ ਰੋਕ ਕੇ ਪ੍ਰਭੂ ਵਲ ਲਾਉਂਦੇ ਹਾਂ, ਫੇਰ ਭਜਨ ਤੇ ਬੈਠਦੇ ਹਾਂ। ਫੇਰ ਮਨ ਦੌੜਦਾ ਹੈ ਫੇਰ ਰੋਕ ਲੈਂਦੇ ਹਾਂ, ਫੇਰ ਗੁਰੂ ਦੇ ਧਿਆਨ ਵਿਚ ਲਾਉਂਦੇ ਹਾਂ, ਫੇਰ ਗੁਰੂ ਸ਼ਬਦ ਦੀ ਧੁਨੀ ਵਿਚ ਲਾਉਂਦੇ ਹਾਂ। ਇਸ ਤਰ੍ਹਾਂ ਰੋਕ ਰੋਕ ਕੇ ਜਿਸ ਨੂੰ ਤੁਸੀਂ 'ਪ੍ਰਤਿਹਾਰ' ਕਹਿੰਦੇ ਹੋ, ਇਹ ਵੀ ਅਭਿਆਸ ਕਰਦੇ ਹਾਂ। ਵਿਸ਼ੇ ਭਾਵਨਾ ਅੰਦਰੋਂ ਅਸੀਂ ਖਤਮ ਕਰਦੇ ਹਾਂ, ਜਾਲ ਦਿੰਦੇ ਹਾਂ। ਵਿਸ਼ੇ ਭਾਵਨਾ ਵਲ ਮਨ ਅਸੀਂ ਜਾਣ ਨਹੀਂ ਦਿੰਦੇ। ਜਦੋਂ ਜਾਂਦਾ ਹੈ ਤਾਂ ਗੁਰਬਾਣੀ ਦਾ ਆਸਰਾ ਲੈ ਕੇ ਉਸ ਨੂੰ ਅਸੀਂ ਰੋਕਦੇ ਹਾਂ ਕਿ ਮਨਾ! ਇਸ ਗੱਲ ਦਾ ਇਹ ਨਤੀਜਾ ਨਿਕਲਦਾ ਹੈ, ਦੇਖ ਲੈ, ਤਿਆਰ ਹੈਂ ਫੇਰ ਤੂੰ ਇਹ ਤਕਲੀਫਾਂ ਝੱਲਣ ਨੂੰ?

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ।।***
***ਸੰਨੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ।।***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ।।***
***ਪੰਨਾ - 315***

ਇਉਂ ਅਸੀਂ ਮਨ ਨੂੰ ਫਿਰ ਸਮਝਾਉਂਦੇ ਹਾਂ। ਇਹ ਪ੍ਰਤਿਹਾਰ ਹੈ ਸਾਡਾ, ਰੋਕ ਰੋਕ ਗੁਰ ਸ਼ਬਦ ਨਾਲ ਲਾਉਂਦੇ ਹਾਂ। ਮਨ ਨੂੰ ਵਿਸ਼ੇ ਭਾਵਨਾ ਦੇ ਅੰਦਰ ਨਹੀਂ ਜਾਣ ਦਿੰਦੇ ਤੇ ਸਾਰੇ ਸਰੀਰਾਂ ਦੇ ਵਿਚ ਅਸੀਂ ਪੰਜ ਤੱਤ ਦਾ ਪੁਤਲਾ ਨਹੀਂ ਦੇਖਦੇ, ਕਿਸੇ ਨੂੰ ਅਸੀਂ ਬੁਰਾ ਨਹੀਂ ਕਹਿੰਦੇ, ਅਸੀਂ ਆਪਣੇ ਆਪ ਨੂੰ ਹੀ ਬੁਰਾ ਕਹਿੰਦੇ ਹਾਂ। ਰਾਜੇ ਸ਼ਿਵਨਾਭ ਨੇ ਕਿਹਾ, "ਤੁਸੀਂ ਆਪਣੇ ਆਪ ਨੂੰ ਕਿਉਂ ਬੁਰਾ ਕਹਿ ਦਿੰਨੇ ਓਂ - ਐਨੇ ਚੰਗੇ ਬੰਦੇ ਹੋ ਕੇ?" ਕਹਿਣ ਲੱਗਾ, ਅਸੀਂ ਕਿਸੇ ਨੂੰ ਬੁਰਾ ਨਹੀਂ ਕਹਿੰਦੇ, ਸਾਡੇ ਸਤਿਗੁਰੂ ਨੇ ਸਾਨੂੰ ਸਿਖਾਇਆ ਹੈ ਕਿ ਜੇ ਬੁਰਾ ਕਹਿਣਾ ਹੈ ਤਾਂ ਆਪ ਨੂੰ ਬੁਰਾ ਕਹੋ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ।। ਪੰਨਾ - 1364***

ਸਾਰਿਆਂ ਨਾਲੋਂ ਮੈਂ ਬੁਰਾ ਹਾਂ, ਮੈਨੂੰ ਛੱਡ ਦਿਓ, ਬਾਕੀ ਸਾਰੇ ਭਲੇ ਹੀ ਭਲੇ ਨੇ। -

***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***
***ਪੰਨਾ - 1364***

***ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪੰਨਾ - 728***

ਸੋ ਨਿੰਦਿਆ ਕਿਸਦੀ ਕਰ ਲਵਾਂਗੇ ਜਦ ਅਸੀਂ ਛੱਡ ਹੀ ਦਿਤੀ। ਨਿੰਦਿਆ ਤਾਂ ਕਰਾਂਗੇ ਜੇ ਪਹਿਲਾਂ ਸਾਡੇ ਮਨ 'ਚ ਗੁਮਾਨ ਆਏਗਾ ਕਿ ਮੈਂ ਚੰਗਾ ਹਾਂ, ਫੇਰ ਅਸੀਂ ਕਹਾਂਗੇ। ਜਿੰਨਾ ਚਿਰ ਬੰਦਾ ਨਿੰਦਿਆ ਕਰਦਾ ਹੈ ਓਨਾਂ ਚਿਰ ਦੋ ਵਿਚ ਹੈ। ਸੋ ਅਸੀਂ ਹਰੀ ਦਾ ਜਸ ਕਰਦੇ ਹਾਂ। ਹਰੀ ਦਾ ਜਸ ਜਿਹੜਾ ਹੈ -

***ਕਲਜੁਗ ਮਹਿ ਕੀਰਤਨੁ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ॥ਪੰਨਾ - 1076***

ਇਹ ਸਾਡਾ ਇਕਾਦਸ਼ੀ ਦਾ ਵਰਤ ਹੈ -

***ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ॥ ਪੰਨਾ - 299***

ਸਾਰਿਆਂ ਘਟਾਂ ਦੇ ਵਿਚ ਅਸੀਂ ਪ੍ਰਮੇਸ਼ਰ ਨੂੰ ਦੇਖਦੇ ਹਾਂ -

***ਧਾਰਨਾ - ਸਭਨਾਂ ਅੰਦਰ ਓ ਰਾਮ ਦੇਖਣਾ - 2***
***ਇਹੋ ਵਰਤ ਗੁਰਾਂ ਨੇ ਦੱਸਿਆ - 2***
***ਸਭਨਾਂ ਅੰਦਰ ਓ ਰਾਮ ਦੇਖਣਾ,.......।***

ਸਭਨੀ ਘਟੀਂ ਰਾਮ ਦੇਖਣਾ, ਪਰ ਦੇਖਦਾ ਨਹੀਂ ਹੈ ਕੋਈ। ਗੁਰੂ ਨੇ ਇਹ ਗੱਲ ਦੱਸੀ ਹੈ ਕਿ ਸਾਰਿਆਂ ਘਟਾਂ ਦੇ ਵਿਚ ਰੱਬ ਦੇਖਣਾ ਹੈ। ਇਹ ਵਰਤ ਸਾਨੂੰ ਗੁਰੂ ਨਾਨਕ ਪਾਤਸ਼ਾਹ ਨੇ ਦੱਸਿਆ ਹੈ। ਰਾਜਨ! ਅਸੀਂ ਇਕਾਦਸੀ ਦਾ ਵਰਤ ਰਖਦੇ ਹਾਂ ਕਿ ਹਰੇਕ ਦੇ ਅੰਦਰ ਵਾਹਿਗੁਰੂ ਨੂੰ ਦੇਖੋ -



Sri Satguru Jagjit Singh Ji eLibrary NamdhariElibrary@gmail.com

***ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ॥***
***ਪੰਨਾ - 299***

ਸਾਰੀਆਂ ਇੰਦ੍ਰੀਆਂ ਨੂੰ ਵਸ ਕਰਕੇ ਮਨ ਨੂੰ ਇਕਾਗਰਤਾ ਦੇ ਘਰ ਵਿਚ ਲਿਜਾ ਕੇ ਪ੍ਰਮੇਸ਼ਰ ਦਾ ਨਾਮ ਸੁਣੋ। ਨਾਮ ਅੰਦਰ ਵੀ ਹੈ, ਨਾਮ ਬਾਹਰ ਵੀ ਹੈ। ਜਦ ਸੰਗਤ ਨਾਮ ਜਪਦੀ ਹੈ, ਬਾਹਰ ਨਾਮ ਹੈ, ਚਾਹੇ ਹਰੀ ਦਾ ਜਸ ਹੈ, ਚਾਹੇ ਕੀਰਤਨ ਹੈ, ਚਾਹੇ ਬਾਣੀ ਪੜ੍ਹਦੇ ਹਾਂ, ਚਾਹੇ ਸੁਣਦੇ ਹਾਂ; ਇਹ ਸਭ ਨਾਮ ਕਹਾਉਂਦਾ ਹੈ। ਜਦੋਂ ਅਸੀਂ ਅੰਦਰ ਬਿਰਤੀ ਇਕਾਗਰ ਕਰਦੇ ਹਾਂ ਤਾਂ ਨਾਮ ਦੀ ਧੁਨ ਵਿਚ ਜਾਂਦੇ ਹਾਂ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥ ਪੰਨਾ - 879***

ਉਸ ਵੇਲੇ ਅਸੀਂ ਅੰਦਰ ਨਾਮ ਸਰਵਣ ਕਰਦੇ ਹਾਂ ਤੇ ਸਾਡਾ ਅਨੁਭਵ ਇਹ ਹੁੰਦਾ ਹੈ ਕਿ ਚਾਰੇ ਪਾਸੇ ਅੰਦਰ ਬਾਹਰ ਵਾਹਿਗੁਰੂ ਹੀ ਲਹਿਰਾਂ ਮਾਰ ਰਿਹਾ ਹੈ।

***ਮਨਿ ਸੰਤੋਖੁ ਸਰਬ ਜੀਅ ਦਇਆ॥ ਪੰਨਾ - 299***

ਮਨ ਦੇ ਵਿਚ ਸੰਤੋਖ ਕਰਦੇ ਹਾਂ ਤੇ ਸਾਰਿਆਂ ਜੀਆਂ ਤੇ ਅਸੀਂ ਦਇਆ ਕਰਦੇ ਹਾਂ।

***ਇਨ ਬਿਧਿ ਬਰਤੁ ਸੰਪੂਰਨ ਭਇਆ॥***
***ਪੰਨਾ - 299***

ਅਸੀਂ ਇਹ ਨਿਰਾਰਥਕ ਵਰਤ ਨਹੀਂ ਕਰਦੇ ਕਿ ਰੋਟੀ ਨਾ ਖਾਓ, ਭੁੱਖੇ ਮਰੀ ਜਾਓ। ਪਹਿਲਾਂ ਹੀ ਦੋ ਦਿਨ ਦੀਆਂ ਰੋਟੀਆਂ ਰੱਜ ਕੇ ਖਾ ਲਓ ਕਿ ਕਲ੍ਹ ਨੂੰ ਰੋਟੀ ਨਹੀਂ ਖਾਣੀ, ਹੁਣੇ ਰੱਜ ਕੇ ਹੀ ਖਾ ਲਓ ਚਾਹੇ ਸਾਰੀ ਰਾਤ ਔਖਾ ਹੀ ਰਹੇ, ਫੇਰ ਚੂਰਣ ਲੈਂਦੇ ਫਿਰੋ। ਰਾਜਨ! ਅਸੀਂ ਐਹੋ ਜਿਹੇ ਵਰਤ ਨਹੀਂ ਰੱਖਦੇ। ਅਸੀਂ ਵਰਤ ਇਹ ਰਖਦੇ ਹਾਂ ਕਿ ਮਨ ਵਿਚ ਸੰਤੋਖ, ਸਾਰਿਆਂ ਜੀਆਂ ਤੇ ਦਇਆ, ਵਾਹਿਗੁਰੂ ਨੂੰ ਹਰ ਥਾਂ ਦੇਖਣਾ ਤੇ ਨੌਆਂ ਇੰਦ੍ਰਿਆਂ ਨੂੰ, ਕਰਮ ਇੰਦ੍ਰਿਆਂ ਨੂੰ, ਗਿਆਨ ਇੰਦ੍ਰਿਆਂ ਨੂੰ ਅਸੀਂ ਵਸ ਵਿਚ ਕਰਕੇ ਰਖਦੇ ਹਾਂ।

***ਧਾਵਤ ਮਨੁ ਰਾਖੈ ਇਕ ਠਾਇ॥ ਪੰਨਾ - 299***

ਇਸ ਦੌੜਦੇ ਮਨ ਨੂੰ ਅਸੀਂ ਪ੍ਰਭੂ ਦੇ ਚਰਨਾਂ ਵਿਚ ਰਖਦੇ ਹਾਂ, ਇਕ ਸਕਿੰਟ ਵਾਸਤੇ ਵੀ ਭੁਲਣ ਨਹੀਂ ਦਿੰਦੇ ਕਿ ਵਾਹਿਗੁਰੂ ਹਾਜ਼ਰ ਨਾਜ਼ਰ ਨਹੀਂ ਹੈ। ਐਸ ਤਰ੍ਹਾਂ ਰਹਿੰਦੇ ਹਾਂ ਜਿਵੇਂ ਸਮੁੰਦਰ ਵਿਚ ਮੱਛੀ ਨੂੰ ਗਿਆਨ ਹੋਵੇ ਕਿ ਮੈਂ ਪਾਣੀ ਵਿਚ ਹਾਂ।

***ਮਨੁ ਤਨੁ ਸੁਧੁ ਜਪਤ ਹਰਿ ਨਾਇ॥ਪੰਨਾ - 299***

ਇਸ ਦਾ ਫਲ ਕੀ ਹੋਏਗਾ? ਮਨ ਵੀ ਤੇ ਤਨ ਵੀ ਸ਼ੁਧ ਹੋ ਜਾਣਗੇ ਜਦ ਨਾਮ ਦਾ ਜਾਪ ਕਰਾਂਗੇ।

***ਸਭ ਮਹਿ ਪੂਰਿ ਰਹੇ ਪਾਰਬ੍ਰਹਮ।। ਪੰਨਾ - 299***

ਸਾਰਿਆਂ ਦੇ ਅੰਦਰ ਵਾਹਿਗੁਰੂ ਪਰੀਪੂਰਨ ਹੋਇਆ ਹੋਇਆ ਹੈ। ਰਾਜਨ! ਗੁਰੂ ਮਹਾਰਾਜ ਜੀ ਸ਼ੁਭ ਸਿੱਖਿਆ ਦਿੰਦੇ ਫੁਰਮਾਉਂਦੇ ਹਨ ਕਿ ਨਾਮ ਰਸਨਾ ਨਾਲ ਜਪਣਾ, ਬਾਣੀ ਪੜ੍ਹਨ ਤੋਂ ਲੈ ਕੇ ਸ੍ਵਾਸ ਸ੍ਵਾਸ ਅਨਹਦ ਸ਼ਬਦ ਦੇ ਨਾਲ ਰਲਾ ਕੇ, ਵੀਚਾਰ ਰਾਹੀਂ ਵਾਹਿਗੁਰੂ ਜੀ ਨੂੰ ਅੰਦਰ ਬਾਹਰ ਪਰੀਪੂਰਨ ਦੇਖ ਕੇ, ਆਪਣੇ ਅਹੰ (ਹਉਮੈ) ਨੂੰ ਮਿਟਾ ਕੇ ਇਹ ਜਾਣਨਾ ਕਿ ਕੇਵਲ ਵਾਹਿਗੁਰੂ ਹੀ ਇਸ ਪਰਪੰਚ ਵਿਚ ਇਕ ਤੋਂ ਅਨੇਕ ਹੋਇਆ ਖੇਡ ਰਿਹਾ ਹੈ।

***ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ॥***

***ਪੰਨਾ - 299***

ਅਸੀਂ ਹਰੀ ਦਾ ਕੀਰਤਨ ਕਰਦੇ ਹਾਂ ਤੇ ਸਾਡਾ ਇਹ ਅਟੱਲ ਧਰਮ ਹੈ ਜਿਹੜਾ ਨਾ ਕਦੇ ਟਾਲਿਆ ਜਾਵੇ।

ਸੋ ਇਸ ਤਰ੍ਹਾਂ ਦੇ ਨਾਲ ਐਨੇ ਬਚਨ ਜਦ ਰਾਜਾ ਸ਼ਿਵਨਾਭ ਨੇ ਸਰਵਣ ਕੀਤੇ ਤਾਂ ਉਸ ਨੇ ਕਿਹਾ ਕਿ ਤੁਸੀਂ ਦੁਆਦਸ਼ੀ ਵਿਚ ਭੀ ਵਰਤ ਰਖਦੇ ਹੋਂ?

ਭਾਈ ਮਨਸੁਖ ਨੇ ਕਿਹਾ ਕਿ ਹਾਂ, ਦੁਆਦਸ਼ੀ ਦਾ ਵਰਤ ਅਸੀਂ ਇਸ ਤਰ੍ਹਾਂ ਨਹੀਂ ਰਖਦੇ ਕਿ ਹੁਣ ਰੋਟੀ ਰੱਜ ਕੇ ਖਾ ਲਓ, ਪੂਜਾ ਕਰ ਲਓ, ਕਿਉਂਕਿ ਅਸੀਂ ਤਾਂ ਪੂਜਾ ਰੋਜ਼ ਹੀ ਕਰਦੇ ਹਾਂ। ਦੁਆਦਸ਼ੀ ਦਾ ਵਰਤ ਸਾਨੂੰ ਗੁਰੂ ਨਾਨਕ ਪਾਤਸ਼ਾਹ ਨੇ ਇਸ ਤਰ੍ਹਾਂ ਨਾਲ ਦੱਸਿਆ ਹੈ -

***ਧਾਰਨਾ - ਗੁਰਮੁਖ ਨਾਮ ਦਾਨ ਇਸ਼ਨਾਨ - 2***
***ਨਾਮ ਦਾਨ ਇਸਨਾਨ ਗੁਰਮੁਖ - 2, 2.***
***ਗੁਰਮੁਖ ਨਾਮ ਦਾਨ ਇਸ਼ਨਾਨ - 2***

ਰਾਜਨ! ਤੁਸੀਂ ਦੁਆਦਸ਼ੀ ਦਾ ਵਰਤ ਉਪਾਰਨ ਕਰਕੇ ਉਸ ਦਿਨ ਮੰਦਰ ਜਾਂਦੇ ਹੋ, ਓਥੇ ਫੇਰ ਸਾਲਗ੍ਰਾਮ ਦੀ ਪੂਜਾ ਕਰਕੇ ਚਰਨਾਮ੍ਰਿਤ ਲੈਂਦੇ ਹੋ; ਤੁਲਸੀ ਦੀ ਪੂਜਾ ਕਰਦੇ ਹੋ, ਫੇਰ ਆ ਕੇ ਘਰ ਪ੍ਰਸ਼ਾਦਾ ਛਕਦੇ ਹੋ। ਇਸ ਦੇ ਨਾਲ ਤੁਹਾਡਾ ਵਰਤ ਉਪਾਰਨ ਹੋ ਗਿਆ, ਪ੍ਰੰਤੂ ਸਾਡਾ ਜੋ ਵਰਤ ਹੈ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਦੁਆਦਸੀ ਦਾਨੁ ਨਾਮੁ ਇਸਨਾਨੁ॥ ਪੰਨਾ - 299***

ਦਾਨ ਕਰਨਾ, ਨਾਮ ਜਪਣਾ ਤੇ ਇਸ਼ਨਾਨ ਕਰਨਾ। ਕਿੰਨਾ ਕਿੰਨਾ ਫਲ ਹੈ? ਇਥੇ ਮੈਂ ਦੇਖਿਆ ਹੈ ਕਿ ਤੁਹਾਡੇ ਦੇਸ਼ ਦੇ ਅੰਦਰ ਅੰਮ੍ਰਿਤ ਵੇਲੇ ਨਹੀਂ ਉਠਦੇ। ਦਿਨ ਚੜ੍ਹੇ ਸਮੁੰਦਰ ਦੇ ਕਿਨਾਰੇ ਜਾਂ ਨਦੀ ਦੇ ਵਿਚ ਇਸ਼ਨਾਨ ਕਰਦੇ ਦੇਖੀਦੇ ਨੇ। ਸਾਡੇ ਸਤਿਗੁਰੂ ਤਾਂ ਕਹਿੰਦੇ ਨੇ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।।***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥***


Sri Satguru Jagjit Singh Ji eLibrary NamdhariElibrary@gmail.com

*ਪੰਨਾ-305*

ਕਿੰਨਾ ਕੁ ਫਲ ਹੈ, ਪਾਤਸ਼ਾਹ ਦਸਦੇ ਨੇ ਕਿ ਜੇ ਕੋਈ ਪ੍ਰੇਮੀ ਪਹਿਰ ਰਾਤ ਰਹਿੰਦੀ ਉਠੇ, ਦਿਨ ਚੜ੍ਹਨ ਤੋਂ ਤਿੰਨ ਘੰਟੇ ਪਹਿਲਾਂ, ਸੂਰਜ ਚੜ੍ਹਨ ਤੋਂ ਪਹਿਲਾਂ ਤਾਂ ਉਸ ਦਾ ਫਲ ਹਜ਼ਾਰ ਗਊਆਂ ਪੁੰਨ ਕਰਨ ਜਿੰਨਾ ਜਾਂ ਸਵਾ ਮਣ ਸੋਨਾ ਪੁੰਨ ਕਰਨ ਜਿੰਨਾ ਹੁੰਦਾ ਹੈ। ਉਸ ਦੀ ਵਿਧੀ ਹੋਇਆ ਕਰਦੀ ਹੈ ਕਿ ਇਸ਼ਨਾਨ ਕਿਵੇਂ ਕਰਨਾ ਹੈ।

ਪਹਿਲੇ ਮਹਾਂਪੁਰਸ਼ ਦੱਸਿਆ ਕਰਦੇ ਸੀ ਕਿ ਇਸ਼ਨਾਨ ਕਰਨ ਦੀ ਇਹ ਵਿਧੀ ਹੋਇਆ ਕਰਦੀ ਹੈ। ਉਸ ਦੇ ਨਾਲ ਕੀ ਹੋਇਆ ਕਰਦਾ ਹੈ -

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ***
***ਮਨ ਤਨ ਭਏ ਅਰੋਗਾ॥ ਪੰਨਾ - 611***

ਮਨ ਵੀ ਅਰੋਗ ਹੋ ਜਾਏਗਾ ਤੇ ਤਨ ਵੀ ਅਰੋਗ ਹੋ ਜਾਏਗਾ ਕਿਉਂਕਿ ਐਨਾ ਪੁੰਨ ਉਸ ਦੇ ਹਿੱਸੇ ਆ ਜਾਂਦਾ ਹੈ। ਗੁਰਮੁਖ ਜਿਹੜੇ ਨੇ ਉਹ ਨਿਸ਼ਕਾਮ ਕਰਮ ਕਰਦੇ ਨੇ। ਜੇ ਸਾਕਾਮ ਕੰਮ ਕਰਨ ਤਾਂ ਇਹ ਲੱਖਾਂ ਗੁਣਾਂ ਥੱਲੇ ਆ ਜਾਂਦੇ ਨੇ, ਸਵਰਗਾਂ ਵਿਚ ਚਲੇ ਜਾਂਦੇ ਨੇ। ਗਿਆਰਾਂ ਬਾਰਾਂ ਸਵਰਗ ਨੇ। ਜਿਹੋ ਜਿਹਾ ਕੋਈ ਪੁੰਨ ਦਾਨ ਕਰਦਾ ਹੈ, ਵੈਸਾ ਹੀ ਉਨ੍ਹਾਂ ਨੂੰ ਫਲ ਭੋਗਣਾ ਪੈਣਾ ਹੈ।

***ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਈ॥ ਪੰਨਾ - 1414***

ਫਲ ਜਦ ਭੋਗਣ ਤੋਂ ਮੁੱਕ ਜਾਏਗਾ, ਚਾਹੇ ਲੱਖ ਸਾਲ ਤੋਂ ਬਾਅਦ ਹੈ, ਚਾਹੇ ਕਰੋੜ ਸਾਲ ਤੋਂ ਬਾਅਦ, ਮੁੜ ਕੇ ਇਥੇ ਹੀ ਫੇਰ ਆਉਣਾ ਪੈਂਦਾ ਹੈ। ਫੇਰ ਮਾਂ ਦੇ ਪੇਟ ਵਿਚ ਪੁੱਠੇ ਲਟਕਣਾ ਪੈਂਦਾ ਹੈ। ਜਿਹੜਾ ਆਦਮੀ ਨਿਸ਼ਕਾਮ ਕਰਮ ਕਰਕੇ, ਗਿਆਨ ਦੀ ਪ੍ਰਾਪਤੀ ਕਰਕੇ ਆਪਣੀ ਆਤਮਕ ਸਥਿਤੀ ਵਿਚ ਆਤਮਕ ਸਰੂਪ ਨੂੰ ਜਾਣ ਕੇ ਪ੍ਰਭੂ ਦੇ ਨਾਲ ਇਕਮਿਕ ਹੋ ਗਿਆ, ਉਹ-

***ਸਚ ਖੰਡਿ ਵਸੈ ਨਿਰੰਕਾਰੁ॥ ਪੰਨਾ - 8***

ਸੱਚਖੰਡ ਦੇ ਅੰਦਰ ਉਸ ਦਾ ਵਾਸਾ ਹੋ ਜਾਂਦਾ ਹੈ।

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥ ਪੰਨਾ - 517***

ਜੋ ਨਿਰੰਕਾਰ ਦੀ ਦਰਗਾਹ ਹੈ ਓਥੇ ਵਾਸਾ ਹੋ ਜਾਂਦਾ ਹੈ। ਭਾਵੇਂ ਅਸੀਂ ਸਾਰੇ ਕਰਮ ਨਿਸ਼ਕਾਮ ਕਰਦੇ ਹਾਂ ਪਰ ਫੇਰ ਵੀ ਜੇ ਕਿਸੇ ਨੇ ਪੁੰਨ ਲੈਣੇ ਨੇ, ਕਿਸੇ ਦੇ ਮਨ ਵਿਚ ਚਾਓ ਹੈ ਕਿ ਮੈਂ ਸਕਾਮ ਕਰਮ ਕਰਨੇ ਹਨ ਅਤੇ ਸਵਾ ਮਣ ਸੋਨੇ ਦਾ ਪੁੰਨ ਲੈਣਾ ਹੈ ਤਾਂ ਜਿਹੜਾ ਪਹਿਰ ਰਾਤ ਰਹਿੰਦੀ ਇਕ ਚਿੱਤ ਹੋ ਕੇ, ਮੂਲ ਮੰਤਰ ਦੇ ਪਾਠ ਕਰਦਾ ਹੋਇਆ ਇਸ਼ਨਾਨ ਕਰਦੈ, ਮਨ ਐਧਰ ਓਧਰ ਦੌੜਨ ਨਹੀਂ ਦਿੰਦਾ, ਉਸ ਨੂੰ ਐਨਾ ਫਲ ਪ੍ਰਾਪਤ ਹੋ ਜਾਂਦਾ ਹੈ। ਦੋ ਘੜੀਆਂ 50 ਮਿੰਟ ਬਾਅਦ ਜਿਹੜਾ ਇਸ ਵਿਧੀ ਨਾਲ ਇਸ਼ਨਾਨ ਕਰਦਾ ਹੈ, ਉਸ ਨੂੰ ਸਵਾ ਮਣ ਚਾਂਦੀ ਦਾ ਪੁੰਨ ਪ੍ਰਾਪਤ ਹੋ ਜਾਂਦਾ ਹੈ। ਉਸ ਤੋਂ ਦੋ ਘੜੀਆਂ ਬਾਅਦ, ਇਕ ਘੜੀ ਬਾਅਦ ਇਸ਼ਨਾਨ ਕਰਦਾ ਹੈ ਉਸ ਨੂੰ ਸਵਾ ਮਣ ਤਾਂਬੇ ਦਾ; ਜਿਹੜਾ ਦੋ ਘੜੀਆਂ ਸੂਰਜ ਚੜ੍ਹਨ ਤੋਂ ਪਹਿਲਾਂ, 40 ਮਿੰਟ ਪਹਿਲਾਂ ਇਸ਼ਨਾਨ ਕਰਦਾ ਹੈ, ਉਸ ਨੂੰ ਪ੍ਰਾਤਹਕਾਲ ਕਹਿੰਦੇ ਨੇ। ਉਸ ਵੇਲੇ ਜਿਹੜਾ ਇਸ਼ਨਾਨ ਕਰਦਾ ਹੈ ਉਸ ਨੂੰ ਸਵਾ ਮਣ ਅੰਨ ਪੁੰਨ ਕਰਨ ਦਾ ਜਾਂ ਦੁੱਧ ਪੁੰਨ ਕਰਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

***ਰਾਮਦਾਸ ਸਰੋਵਰਿ ਨਾਤੇ॥***
***ਸਭਿ ਉਤਰੇ ਪਾਪ ਕਮਾਤੇ॥ ਪੰਨਾ - 625***

ਕੋਈ ਇਹ ਸ਼ਬਦ ਪੜ੍ਹਦਾ ਹੈ, ਕੋਈ ਮੂਲ ਮੰਤਰ ਦੇ ਪਾਠ ਕਰਦਾ ਹੈ। ਚਿੱਤ ਨੂੰ ਇਕਾਗਰ ਕਰਨਾ, ਮਨ ਨੂੰ ਦੌੜਨ ਨਾ ਦੇਣਾ, ਇਹ ਸ਼ਰਤ ਹੋਇਆ ਕਰਦੀ ਹੈ। ਇਹ ਚੀਜ਼ ਔਖੀ ਹੈ ਥੋੜ੍ਹੀ ਜਿਹੀ ਕਿਉਂਕਿ ਮਨ ਨਹੀਂ ਟਿਕਿਆ ਕਰਦਾ, ਬਾਰ-ਬਾਰ ਦੌੜਦੈ। ਇਸ ਤਰ੍ਹਾਂ ਜਿਹੜਾ ਦਿਨ ਚੜ੍ਹੇ ਇਸ਼ਨਾਨ ਕਰਦਾ ਹੈ, ਉਸ ਨੂੰ ਨਾ ਪਾਪ ਹੈ, ਨਾ ਪੁੰਨ ਹੈ, ਸਰੀਰ ਦੀ ਸਫਾਈ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਇਸ਼ਨਾਨ ਬਾਰੇ ਸਾਨੂੰ ਗੁਰੂ ਮਹਾਰਾਜ ਦਸਦੇ ਨੇ -

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥ ਪੰਨਾ - 611***

ਅਸੀਂ ਫਲ ਨਹੀਂ ਚਾਹੁੰਦੇ, ਅਸੀਂ ਪ੍ਰਮੇਸ਼ਰ ਦੀ ਯਾਦ ਵਾਸਤੇ ਸਰੀਰ ਨੂੰ ਸਾਵਧਾਨ ਕਰਨ ਲਈ ਇਸ਼ਨਾਨ ਕਰਦੇ ਹਾਂ। ਉਸ ਤੋਂ ਬਾਅਦ ਪ੍ਰਭੂ ਦੀ ਯਾਦ ਵਿਚ ਬਹਿ ਜਾਂਦੇ ਹਾਂ। ਫੇਰ ਸਾਡੇ ਅੰਦਰ ਪ੍ਰਭੂ ਦੀ ਖਿੱਚ ਪੈਦਾ ਹੁੰਦੀ ਹੈ। ਦਿਨ ਦਾ ਥਕੇਵਾਂ ਖਤਮ ਹੁੰਦਾ ਹੈ। ਉਸ ਵੇਲੇ ਸਾਡੀ ਬਿਰਤੀ ਰੱਬ ਦੇ ਵਲ, ਪ੍ਰਮੇਸ਼ਰ ਵਲ ਨੂੰ ਜਾਂਦੀ ਹੈ ਜਿਵੇਂ ਚਮਕ ਪੱਥਰ ਨੂੰ ਲੋਹਾ ਧੂ ਧੂ ਕੇ, ਦੌੜ ਦੌੜ ਕੇ ਜਾਂਦਾ ਹੈ। ਇਸ ਤਰ੍ਹਾਂ ਅਸੀਂ ਵੀ ਜਾ ਕੇ ਨਾਮ ਦੀ ਧੁਨ ਦੇ ਨਾਲ ਲਗ ਜਾਂਦੇ ਹਾਂ, ਫੇਰ ਸਾਡਾ ਮਨ ਉਹਦੇ ਨਾਮ ਦੇ ਨਾਲ ਚਿਪਕ ਜਾਂਦਾ ਹਾਂ, ਫੇਰ ਅਸੀਂ ਬਾਹਰ ਨਹੀਂ ਜਾਂਦੇ, ਸਮਾਧੀ ਸਥਿਤ ਹੋ ਜਾਂਦੇ ਹਾਂ। ਨਿਰਬੀਜ ਸਮਾਧੀ ਜਾਂ ਸਹਿਜ ਸਮਾਧੀ ਦਾ ਪਰਮ ਆਨੰਦ ਮਾਣਦੇ ਹਾਂ।

ਦੂਸਰਾ ਹੈ ਦਾਨ। ਅਸੀਂ ਕਿਰਤ ਕਰਕੇ, ਸ਼ੁਧ ਕਿਰਤ ਦੇ ਵਿਚੋਂ ਦਸਵੰਧ ਅਸੀਂ ਗੁਰੂ ਦੇ ਲੇਖੇ ਲਾਉਂਦੇ ਹਾਂ। ਦੁਕਾਨ ਕਰਨ ਵਾਲਾ, ਖੇਤੀ ਕਰਨ ਵਾਲਾ ਬੰਦਾ ਸੌ ਰੁਪਏ ਵਿਚੋਂ ਇਕ ਰੁਪਈਆ ਕੱਢੇ; ਉਸ ਦਾ ਦਸਵੰਧ ਹੋ ਜਾਂਦਾ ਹੈ ਕਿਉਂਕਿ 10% ਤੋਂ ਵੱਧ ਖੇਤੀ ਵਿਚ ਬਚਿਆ ਨਹੀਂ ਕਰਦਾ। ਉਹ ਵੀ ਆਪਣੀ ਮਿਹਨਤ ਹੀ ਬਚੀ ਹੈ। ਉਸ ਦਾ ਕਾਰਨ ਇਹ ਹੈ ਕਿ ਚੀਜ਼ਾਂ ਖਾਣ ਵਾਲੇ ਭਾਅ ਬੰਨ੍ਹਦੇ ਹਨ, ਵੇਚਣ ਵਾਲਿਆਂ ਦੇ ਹੱਥ ਵਿਚ ਨਹੀਂ ਹੈ ਭਾਅ ਬੰਨ੍ਹਣਾ। ਬਾਕੀ ਜਿੰਨੀਆਂ ਚੀਜ਼ਾਂ ਨੇ, ਜਿੰਨੀਆਂ ਦੁਕਾਨਾਂ ਨੇ, ਜਿੰਨੀਆਂ ਇੰਡਸਟਰੀਜ਼ ਨੇ, ਮਾਲ ਪੈਦਾ ਕਰਨ ਵਾਲੇ ਭਾਅ ਬੰਨ੍ਹਦੇ ਹਨ। ਖਾਣ ਵਾਲਾ, ਵਰਤਣ ਵਾਲਾ ਨਹੀਂ ਕਹਿੰਦਾ ਕਿ ਮੈਂ ਗੱਡੀ ਐਨੇ ਦੀ ਲੈਣੀ ਹੈ। ਉਤੋਂ ਲਿਖਿਆ ਲਿਖਾਇਆ



Sri Satguru Jagjit Singh Ji eLibrary NamdhariElibrary@gmail.com

ਆਉਂਦਾ ਹੈ ਕਿ ਗੱਡੀ ਐਨੇ ਦੀ ਅਸੀਂ ਦੇਣੀ ਹੈ। ਉਹ ਸਿਆਣੇ ਨੇ, ਉਨ੍ਹਾਂ ਦੇ ਕੋਲ ਕੰਟਰੋਲ ਹੈ। ਉਨ੍ਹਾਂ ਦਾ ਜਿੰਨੇ ਪ੍ਰਤੀਸ਼ਤ ਲਾਭ ਲੈਂਦੇ ਨੇ, ਉਹਦੇ ਵਿਚੋਂ ਇਮਾਨਦਾਰੀ ਦੇ ਨਾਲ ਦਸਵਾਂ ਹਿੱਸਾ ਕੱਢਣਾ ਉਨ੍ਹਾਂ ਦਾ ਦਸਵੰਧ ਹੋਇਆ ਕਰਦਾ ਹੈ।

ਅਸੀਂ ਸਤੋ ਗੁਣੀ ਦਾਨ ਕਰਦੇ ਹਾਂ, ਤਮੋ ਗੁਣੀ ਤੇ ਰਜੋ ਗੁਣੀ ਦਾਨ ਨਹੀਂ ਕਰਦੇ। ਤਮੋ ਗੁਣੀ ਦਾਨ ਹੁੰਦਾ ਹੈ, ਮਜ਼ਬੂਰੀ ਨਾਲ ਕੱਢਿਆ ਹੋਇਆ ਪੈਸਾ ਕਿ 500 ਰੁਪਏ ਦੇਹ, ਨਹੀਂ ਤਾਂ ਮੈਂ ਤੁਹਾਨੂੰ ਸਰਾਪ ਦੇ ਦੇਵਾਂਗਾ, ਤੇਰਾ ਕੰਮ ਨਹੀਂ ਚੱਲਣਾ। ਪੈਸਾ ਡਰਾ ਕੇ ਕਢਾ ਲੈਣਾ, ਇਹ ਤਮੋ ਗੁਣੀ ਦਾਨ ਹੈ। ਇਹ ਦਾਨ ਲੈਣ ਵਾਲਾ ਵੀ ਦੋਸ਼ੀ ਹੈ ਤੇ ਦਾਨ ਦੇਣ ਵਾਲਾ ਵੀ ਦੋਸ਼ੀ ਹੈ। ਇਸ ਦਾ ਕੁਛ ਪੱਲੇ ਨਹੀਂ ਪਿਆ ਕਰਦਾ, ਖੇਚਲ ਪੱਲੇ ਪੈਂਦੀ ਹੈ। ਰਜੋਗੁਣੀ ਦਾਨ ਹੁੰਦਾ ਹੈ, ਆਪਣੀ ਪ੍ਰਸਿੱਧੀ ਵਾਸਤੇ ਪੱਥਰ ਲਵਾਉਂਣਾ, ਅਰਦਾਸਾਂ ਕਰਾਉਣੀਆਂ, ਪਤਾ ਲਗ ਜਾਵੇ ਕਿ ਮੈਂ ਐਨੇ ਪੈਸੇ ਦਿਤੇ ਨੇ। ਸੋ ਇਸ ਦਾ ਫਲ ਜਿਹੜਾ ਹੈ ਇਸਦੀ ਐਨੀ ਕੁ ਖੁਸ਼ੀ ਹੁੰਦੀ ਹੈ ਕਿ ਪਤਾ ਲਗ ਗਿਆ ਕਿ ਮੈਂ ਦਸ ਹਜ਼ਾਰ ਰੁਪਿਆ ਦਿਤਾ ਹੈ, ਲੋਕਾਂ ਨੇ ਵਾਹਵਾ-ਵਾਹਵਾ ਕਰ ਦਿਤੀ। ਸਤੋ ਗੁਣੀ ਦਾਨ ਉਹ ਹੁੰਦਾ ਹੈ ਕਿ ਖੱਬੇ ਹੱਥ ਨੂੰ ਨਾ ਪਤਾ ਲੱਗੇ ਕਿ ਸੱਜੇ ਹੱਥ ਨੇ ਕੀ ਦਿਤਾ ਹੈ। ਇਸ ਨੂੰ ਇਹ ਨਾ ਪਤਾ ਲੱਗੇ ਕਿ ਮੈਂ ਕਿੰਨੇ ਰੁਪਏ ਦੇ ਦਿਤੇ। ਇਹ ਸਹਿਜ ਦਾਨ ਹੋਇਆ ਕਰਦਾ ਹੈ ਜੋ ਅਸੀਂ ਆਪਣੀ ਕਮਾਈ 'ਚੋਂ ਦਾਨ ਕਰਦੇ ਹਾਂ।

ਦੂਸਰਾ ਦਾਨ ਹੁੰਦਾ ਹੈ ਸਾਡਾ ਸ਼ੁਭ ਬਚਨਾਂ ਦਾ। ਵਾਹਿਗੁਰੂ ਨੇ ਕਿਸੇ ਨੂੰ ਮੱਤ ਦਿਤੀ ਹੈ ਉਹ ਬਚਨਾਂ ਦੇ ਨਾਲ ਦੂਸਰਿਆਂ ਦਾ ਅੰਧਕਾਰ ਦੂਰ ਕਰੇਗਾ। ਸ਼ੁੱਧ ਰਸਤੇ ਤੇ ਪਾਵੇ, ਦੱਸੇ ਕਿ ਇਹ ਗੱਲ ਠੀਕ ਹੈ।

ਤੀਸਰਾ ਦਾਨ ਹੁੰਦਾ ਹੈ ਮਾਨਸਕ ਦਾਨ। ਮਨ ਦੇ ਨਾਲ ਅਸੀਂ ਚਾਹੁੰਦੇ ਹਾਂ ਕਿ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ'। ਭਲਾ ਮੰਗਦੇ ਹਾਂ ਸੰਸਾਰ ਦਾ, ਬੁਰਾ ਨਹੀਂ ਮੰਗਦੇ। ਫੁਰਨਾ ਕਰਦੇ ਹਾਂ ਕਿ ਹੇ ਵਾਹਿਗੁਰੂ! ਇਸਦਾ ਭਲਾ ਕਰ, ਇਹ ਦੁਖੀ ਹੈ। ਬੁੱਧੀ ਦੇ ਨਾਲ ਵੀ ਭਲਾ ਕਰਦੇ ਹਾਂ। ਬੁੱਧੀ ਦਿਤੀ ਹੈ ਪ੍ਰਮੇਸ਼ਰ ਨੇ; ਬੇਅੰਤ ਕੰਮ ਨੇ, ਕੋਈ ਇੰਜਨੀਅਰ ਹੈ, ਕੋਈ ਡਾਕਟਰ ਹੈ, ਕੋਈ ਮਾਸਟਰ ਹੈ, ਕੋਈ ਹੋਰ ਕੁਝ ਹੈ। ਜਿਹੋ ਜਿਹੀ ਬੁੱਧੀ ਵਾਹਿਗੁਰੂ ਨੇ ਦਿਤੀ ਹੈ, ਉਹੋ ਜਿਹੀ ਬੁੱਧੀ ਦੇ ਨਾਲ ਸੇਵਾ ਕਰਨੀ, ਉਹ ਬੁੱਧੀ ਦਾ ਦਾਨ ਹੋਇਆ ਕਰਦਾ ਹੈ।

ਇਸ ਤੋਂ ਉਤੇ ਹੁੰਦਾ ਹੈ ਜਿਸ ਨੂੰ ਆਤਮਕ ਦਾਨ ਕਹਿੰਦੇ ਨੇ, ਜੀਅ ਦਾਨ ਕਹਿੰਦੇ ਨੇ, ਉਹ ਸਾਧੂ ਸੰਤ ਕਰਦੇ ਹੁੰਦੇ ਨੇ -

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ ਪੰਨਾ - 749***

ਮੁਰਦੇ ਦੇ ਅੰਦਰ ਆਤਮਕ ਰੌ ਚਲਦੀ ਹੋਵੇ ਤਾਂ ਉਹ ਜਿਉਂਦਾ ਕਿਹਾ ਜਾਂਦਾ ਹੈ। ਜੇ ਆਤਮ ਜੋਤ ਬੁਝੀ ਹੋਵੇ, ਅਗਿਆਨ ਦਾ ਘੁੱਪ ਹਨ੍ਹੇਰਾ ਹੋਵੇ ਤਾਂ ਉਹ ਮੁਰਦਾ ਹੈ। ਮੁਰਦੇ ਦੋ ਤਰ੍ਹਾਂ ਦੇ ਹੁੰਦੇ ਹਨ - ਇਕ ਮੁਰਦੇ ਉਹ ਹਨ ਜਿਨ੍ਹਾਂ ਨੂੰ ਸਭ ਕੋਈ ਜਾਣਦਾ ਹੈ। ਜਦੋਂ ਜੀਵਨ ਕਲਾ ਸਰੀਰ ਵਿਚੋਂ ਨਿਕਲ ਜਾਵੇ, ਪ੍ਰਾਣ ਨਿਕਲ ਜਾਣ ਤਾਂ ਉਹ ਮੁਰਦਾ ਕਿਹਾ ਜਾਂਦਾ ਹੈ। ਦੂਜਾ ਮੁਰਦਾ ਉਹ ਹੈ ਜਿਸਦੇ ਅੰਦਰ ਨਾਮ ਦੀ current (ਰੌ) ਨਾ ਚਲ ਰਹੀ ਹੋਵੇ। ਮੇਰੇ ਸਤਿਗੁਰੂ ਜੀ ਨਾਮ ਤੋਂ ਹੀਣੇ ਨੂੰ ਮੁਰਦਾ ਕਹਿੰਦੇ ਹਨ। ਆਤਮਕ ਜੀਵਨ ਇਕ ਉਚੇਰੀ ਅਵਸਥਾ ਹੈ ਜੋ ਨਾਮ ਜਪਣ ਨਾਲ ਪ੍ਰਾਪਤ ਹੁੰਦੀ ਹੈ। ਜੀਵਨ ਆਤਮਕ ਸੰਗੀਤ ਨਾਲ, ਅਨਹਦ ਨਾਦ ਦੀ ਗੁੰਜਾਰ ਨਾਲ ਸੁਹਾਵਣਾ ਹੋ ਉਠਦਾ ਹੈ। ਮਹਾਨ ਝਰਨ੍ਹਾਟਾਂ ਦਿੰਦੇ ਰਸ ਦਾ ਅਨੁਭਵ ਸਦੀਵੀ ਖੀਵਾ ਰਖਦਾ ਹੈ, ਅੰਤਸ਼ਕਰਣ ਵਿਚ ਠੰਢਾਂ ਪਾਉਂਦਾ ਹੈ, ਜੋਤਿ ਪ੍ਰਕਾਸ਼ ਹੋ ਜਾਂਦੀ ਹੈ। ਰਾਜਨ! ਮੇਰੇ ਗੁਰਦੇਵ ਅਜਿਹੇ ਜੀਵਨ ਦੀ ਪ੍ਰਾਪਤੀ ਨੂੰ ਧੰਨ ਧੰਨ ਆਖਦੇ ਹਨ। ਜਦੋਂ ਅੰਦਰਲੇ ਪ੍ਰਕਾਸ਼ ਨੇ ਅੰਦਰ ਨੂਰੋ ਨੂਰ ਕਰ ਦਿਤਾ ਤਾਂ ਵਾਹਿਗੁਰੂ ਜੀ, ਜੋ ਸਭ ਦੇ ਨਾਲ ਰਹਿੰਦੇ ਹਨ, ਉਹ ਅੰਗ-ਸੰਗ ਹਰ ਥਾਂ ਜਗ ਮਗਾਉਂਦੀ ਜੋਤ ਦੇ ਰੂਪ ਵਿਚ, ਆਤਮਕ ਜੀਵਨ ਦੀ ਮੌਜ ਵਿਚ ਰਖਦੇ ਹਨ। ਉਹ ਪ੍ਰਾਣਾਂ ਦੇ ਅਧਾਰ ਹਨ। ਆਪਣੇ ਨਿਜ ਆਪੇ ਦਾ ਮਹਾਨ ਆਪਾ ਹਨ। ਰਾਜਨ! ਅਜਿਹੀ ਅਵਸਥਾ ਵਿਚ ਇਕ ਨੂਰ ਤੋਂ ਉਪਜੀ ਸਾਰੀ ਕੁਦਰਤ ਮਹਾਨ ਚੇਤਨ ਸਤਾ ਨਾਲ ਸਾਂਗੋ ਪਾਂਗ ਦ੍ਰਿਸ਼ਟੀਗੋਚਰੇ ਹੁੰਦੀ ਹੈ, ਨਿਜ ਅਹੰਭਾਵ (ਹਉਮੈ) ਦਾ ਨਾਸ਼ ਹੋ ਕੇ ਇਹ ਨਿੱਕਾ ਆਪਾ ਮਹਾਨ ਆਪਾ ਬਣ ਕੇ ਮਾਲਕੇ-ਕੁਲ ਪ੍ਰਤੱਖ ਭਾਸਣ ਲਗ ਪੈਂਦਾ ਹੈ। ਇਸ ਅਵਸਥਾ ਨੂੰ ਅਸੀਂ ਜੀਵਨ ਆਖਦੇ ਹਾਂ। ਫੁਰਮਾਨ ਹੈ-

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥ ਪੰਨਾ - 142***

ਸੋ ਸਮਰੱਥ ਮਹਾਂਪੁਰਸ਼ ਜੀਅ ਦਾਨ ਦੇ ਕੇ ਆਤਮ ਸੂਝ ਬਖਸ਼ਦੇ ਹਨ। ਇਸ ਭੁਆਟਣੀਆਂ ਖਾਂਦੇ ਜੀਵ ਨੂੰ ਭਵਜਲ ਪਾਰ ਕਰਾ ਕੇ ਆਤਮਕ ਸੂਝ ਬਖਸ਼ ਕੇ, ਸਦੀਵੀ ਜੀਵਨ ਬਖਸ਼ ਦਿੰਦੇ ਹਨ। ਜੀਅ ਦਾਨ ਸਭ ਕਿਸਮ ਦੇ ਹੋਰ ਦਾਨਾਂ ਤੋਂ ਪਰਮ ਸ੍ਰੇਸ਼ਟ ਹੈ। ਇਹ ਦਾਨ ਕੇਵਲ ਓਹੋ ਮਹਾਂਪੁਰਸ਼ ਹੀ ਦੇ ਸਕਦੇ ਹਨ ਜਿਨ੍ਹਾਂ ਨੂੰ ਦਰਗਾਹੀ ਹੁਕਮ ਅਨੁਸਾਰ ਸੰਸਾਰ ਦੇ ਭਲੇ ਲਈ ਇਹ ਮਿਸ਼ਨ ਦੇ ਕੇ ਭੇਜਿਆ ਜਾਂਦਾ ਹੈ, ਉਹ ਪ੍ਰਮੇਸ਼ਰ ਦੇ ਨਾਲ ਮਿਲਾ ਦਿੰਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ ਨਾਮ ਦੀ ਜੁਗਤਿ ਹੈ। ਨਾਮ ਦੀ ਜੁਗਤ ਸਾਨੂੰ ਸਤਿਗੁਰੂ ਦਸਦੇ ਨੇ ਕਿ ਪਹਿਲਾਂ ਵਿਸ਼ਵਾਸ਼ ਕਰੋ ਕਿ ਵਾਹਿਗੁਰੂ ਹਾਜ਼ਰ ਨਾਜ਼ਰ ਹੈ, ਉਹ ਦੇਖਦਾ ਹੈ। ਜਦ ਤੁਸੀਂ ਇਸ ਵਿਸ਼ਵਾਸ਼ ਵਿਚ ਆਓਂਗੇ, ਤੁਹਾਡਾ ਮਨ ਨਹੀਂ ਨੱਠੇਗਾ, ਨਾ ਹੀ ਡਰ ਲੱਗੇਗਾ। ਇਕ ਮਹਾਤਮਾ ਦੇ ਸਾਮ੍ਹਣੇ ਬੈਠੇ ਤੁਸੀਂ ਐਧਰ ਓਧਰ ਝਾਕੀ ਜਾਂਦੇ ਹੋ, ਡਰ ਲਗਦਾ ਹੈ ਕਿ ਸੰਤ ਕੀ


Sri Satguru Jagjit Singh Ji eLibrary NamdhariElibrary@gmail.com

ਕਹਿਣਗੇ। ਜਦੋਂ ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਵਾਹਿਗੁਰੂ ਦੀ ਹਜ਼ੂਰੀ ਵਿਚ ਬੈਠ ਕੇ ਫੇਰ ਮਨ ਦੌੜਦਾ ਹੈ, ਫੇਰ ਤਾਂ ਬੇਅਦਬੀ ਕਰ ਰਹੇ ਹਾਂ। ਉਸ ਦੀ ਕਚਹਿਰੀ ਵਿਚ ਬੈਠ ਕੇ ਅਸੀਂ contempt of court (ਰੱਬ ਦੀ ਕਚਹਿਰੀ ਦੀ ਤੌਹੀਨ) ਕਰ ਰਹੇ ਹਾਂ ਕਿਉਂਕਿ ਇਹ ਇਸ ਕਰਕੇ ਕਰ ਰਹੇ ਹਾਂ ਕਿ ਅਸੀਂ ਮੰਨਿਆਂ ਨਹੀਂ ਕਿ ਸਾਨੂੰ ਵਾਹਿਗੁਰੂ ਦੇਖ ਰਿਹਾ ਹੈ।

***ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥ ਪੰਨਾ - 612***

ਪਹਿਲਾਂ ਸਾਨੂੰ ਵਿਸ਼ਵਾਸ਼ ਕਰਾਉਂਦੇ ਨੇ ਕਿ ਭਾਈ ਬੰਦਗੀ ਕਰਨੀ ਹੈ। ਤੂੰ ਪਹਿਲਾਂ ਵਿਸ਼ਵਾਸ਼ ਵਿਚ ਆ ਕਿ ਵਾਹਿਗੁਰੂ ਮੇਰੇ ਨਾਲ ਹੈ, ਇਹ ਉਸਦਾ ਨਾਮ ਹੈ, ਇਸ ਨਾਮ ਦੇ ਰਾਹੀਂ ਮੈਂ ਉਸ ਦੇ ਕੋਲ ਪਹੁੰਚਣਾ ਹੈ। ਇਹ ਪਉੜੀ ਹੈ। ਸੋ ਇਸ ਕਰਕੇ ਅਸੀਂ ਸ਼ੌਂਕ ਦੇ ਨਾਲ ਫੇਰ ਨਾਮ ਜਪਦੇ ਹਾਂ। ਆਪ ਜਪਦੇ ਹਾਂ ਤੇ ਦੂਸਰਿਆਂ ਨੂੰ ਵੀ ਜਪਾਉਂਦੇ ਹਾਂ।

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***
***ਪੰਨਾ - 306***

ਸੋ ਇਸ ਤਰ੍ਹਾਂ ਦੇ ਨਾਲ -

***ਦੁਆਦਸੀ ਦਾਨੁ ਨਾਮੁ ਇਸਨਾਨੁ॥***
***ਹਰਿ ਕੀ ਭਗਤਿ ਕਰਹੁ ਤਜਿ ਮਾਨੁ॥***
***ਪੰਨਾ - 299***

ਅਭਿਮਾਨ ਤਜ ਕੇ ਭਗਤੀ ਕਰਨੀ ਹੈ। ਨਿਮ੍ਰਿਤ ਭਾਵ ਵਿਚ ਪ੍ਰਵੇਸ਼ ਕਰਨਾ ਹੈ।

***ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ।।***
***ਪੰਨਾ - 299***

ਸੰਗਤ ਵਿਚ ਆ ਕੇ, ਗੁਰੂ ਦੀ ਸੰਗਤ ਵਿਚ ਆ ਕੇ ਅਸੀਂ ਨਾਮ ਦਾ ਅੰਮ੍ਰਿਤ ਪੀਂਦੇ ਹਾਂ -

***ਮਨ ਤ੍ਰਿਪਤਾਸੈ ਕੀਰਤਨ ਪ੍ਰਭ ਰੰਗਿ॥***
***ਪੰਨਾ - 299***

ਜਦੋਂ ਪਿਆਰ ਨਾਲ, ਪ੍ਰਭੂ ਦੇ ਪਿਆਰ ਵਿਚ ਅਸੀਂ ਕੀਰਤਨ ਕਰਦੇ ਹਾਂ ਫੇਰ ਸਾਡੇ ਮਨ ਦੀ ਪਿਆਸ ਮਿਟ ਜਾਂਦੀ ਹੈ।

***ਕੋਮਲ ਬਾਨੀ ਸਭ ਕਉ ਸੰਤੋਖੈ॥ ਪੰਨਾ - 299***

ਅਸੀਂ ਕੋਮਲ ਬਾਣੀ ਬੋਲਦੇ ਹਾਂ, ਸਾਡੇ ਪਾਸ ਕ੍ਰੋਧ ਵਿਚ ਵੀ ਕੋਈ ਆਇਆ ਹੋਵੇ, ਉਸਦੇ ਮਨ ਵਿਚ ਵੀ ਸੰਤੋਖ ਆ ਜਾਏਗਾ -

***ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ॥***
***ਗੁਰ ਪੂਰੇ ਤੇ ਏਹ ਨਿਹਚਉ ਪਾਈਐ॥***
***ਨਾਨਕ ਰਾਮ ਰਮਤ ਫਿਰਿ ਜੋਨਿ ਨ ਆਈਐ॥***

***ਪੰਨਾ - 299***

ਸੋ ਤੁਸੀਂ ਜਿਹੜਾ ਵਰਤ ਉਪਾਰਨ ਕਰਦੇ ਹੋ - ਚਰਨਾਮ੍ਰਿਤ ਲੈ ਕੇ, ਅਸੀਂ ਇਹ ਵਰਤ ਇਸ ਤਰ੍ਹਾਂ ਦੇ ਨਾਲ ਉਪਾਰਨ ਕਰਦੇ ਹਾਂ। 'ਗੁਰਮੁਖਿ ਨਾਮ ਦਾਨ ਇਸਨਾਨ' ਇਸ ਨੂੰ ਅਸੀਂ ਦ੍ਰਿੜ ਕਰਦੇ ਹਾਂ। ਮਾਣ ਤੋਂ ਰਹਿਤ ਹੋ ਕੇ ਭਗਤੀ ਕਰਦੇ ਹਾਂ, ਸੰਗਤ ਵਿਚ ਆ ਕੇ ਬਾਣੀ ਦਾ ਅੰਮ੍ਰਿਤ ਹਿਰਦੇ ਵਿਚ ਪਾਨ ਕਰਦੇ ਹਾਂ, ਹਰੀ ਦਾ ਜਸ ਕਰਕੇ ਮਨ ਨੂੰ ਤ੍ਰਿਪਤ ਕਰਦੇ ਹਾਂ। ਜੀਵ ਆਤਮਾ ਹਰਿਨਾਮ ਰਸ ਵਿਚ ਮਸਤ ਹੋ ਜਾਂਦੀ ਹੈ, ਸੰਤੋਖ ਧਾਰਨ ਕਰਕੇ ਕੋਮਲ ਬਾਣੀ ਬੋਲਦੇ ਹਾਂ। ਸੋ ਇਹ ਫਲ ਕਿ ਸਾਰੇ ਹੀ ਵਾਹਿਗੁਰੂ ਹੈ, ਇਹ ਸਾਨੂੰ ਗੁਰੂ ਤੋਂ ਪ੍ਰਾਪਤ ਹੁੰਦਾ ਹੈ ਤੇ ਇਸ ਦਾ ਨਤੀਜਾ ਇਹ ਹੁੰਦਾ ਹੈ ਰਾਜਨ! ਫੇਰ ਅਸੀਂ ਜਨਮ ਮਰਨ ਵਿਚ ਨਹੀਂ ਆਉਂਦੇ।

ਸੋ ਇਸ ਤਰ੍ਹਾਂ ਦਾ ਜਦੋਂ ਉਪਦੇਸ਼ ਦਿਤਾ ਤਾਂ ਰਾਜਾ ਕਹਿਣ ਲੱਗਿਆ ਕਿ ਤੁਹਾਡੇ ਜੋ ਬਚਨ ਹਨ, ਇਕ ਇਕ ਬਚਨ ਮੇਰੇ ਹਿਰਦੇ ਵਿਚ ਬਹਿੰਦਾ ਤੁਰਿਆ ਜਾਂਦਾ ਹੈ। ਕ੍ਰਿਪਾ ਕਰਕੇ ਮਨਸੁਖ ਜੀ! ਤੁਸੀਂ ਇਹ ਦਸ ਸਕਦੇ ਹੋ ਕਿ ਇਹ ਜਿਹੜੇ ਠਾਕੁਰ ਜੀ ਦਾ ਤੁਸੀਂ ਜ਼ਿਕਰ ਕਰਦੇ ਹੋ, ਜਿਸ ਸਾਲਗ੍ਰਾਮ ਦਾ ਤੁਸੀਂ ਜ਼ਿਕਰ ਕਰਦੇ ਹੋ, ਉਹ ਰਹਿੰਦਾ ਕਿਥੇ ਹੈ? ਥਾਂ ਟਿਕਾਣਾ ਤਾਂ ਉਸ ਦਾ ਕੋਈ ਹੋਣਾ ਹੀ ਹੈ? ਭਾਈ ਮਨਸੁਖ ਜੀ ਇਸ ਦਾ ਜਵਾਬ ਇਸ ਤਰ੍ਹਾਂ ਦੇ ਨਾਲ ਦਿੰਦੇ ਹਨ -

ਰਾਜਨ! ਸਤਿਗੁਰ ਨਾਨਕ ਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਇਸ ਠਾਕੁਰ ਦਾ ਕੋਈ ਰੂਪ ਰੰਗ ਰੇਖ ਭੇਖ ਨਹੀਂ ਹੈ, ਉਹ ਪਰਮ ਚੇਤਨ ਜੋਤੀ ਹੈ ਇਕੋ ਚੇਤਨ ਸ਼ਬਦ ਸ਼ਕਤੀ ਜਿਸ ਨੂੰ ਨਾਮ ਕਹਿ ਲਵੋ, ਜਿਸ ਤੋਂ ਸਾਰੀਆਂ ਸ੍ਰਿਸ਼ਟੀਆਂ ਅਨੇਕ ਭਾਂਤ ਦੀਆਂ ਵਜੂਦ ਵਿਚ ਆਈਆਂ ਹਨ। ਮੂਲ ਪ੍ਰਕ੍ਰਿਤੀ, ਤਿੰਨੇ ਪ੍ਰਕ੍ਰਿਤੀ ਦੇ ਰਜੋ ਤਮੋ ਤੇ ਸਤੋ ਗੁਣ ਪ੍ਰਭੂ ਤੋਂ ਹੋਏ ਹਨ, ਇਹ ਅਨਾਦੀ ਨਹੀਂ ਹਨ। ਜੀਵਨ ਦੀ ਹੋਂਦ ਪ੍ਰਭੂ ਹੁਕਮ ਅਨੁਸਾਰ ਹੋਈ ਹੈ। ਇਸ ਦਾ ਕੋਈ ਅਸਤਿਤ੍ਵ ਨਹੀਂ ਹੈ, ਇਹ ਇਕ ਕ੍ਰਿਆ ਹੈ ਜੋ ਸਹਿਜੇ ਹੀ ਪ੍ਰਕ੍ਰਿਤੀ ਉਪਰ ਚੇਤਨ ਪ੍ਰਭੂ ਦਾ ਪ੍ਰਤੀਬਿੰਬ ਪੈਣ ਤੇ ਉਹੋ ਚੇਤਨ ਅੰਸ ਜੀਵ ਦੀ ਉਪਾਧੀ ਧਾਰਨ ਕਰਦਾ ਹੈ। ਬਾਰ-ਬਾਰ ਦੇ ਅਧਿਆਸ ਪੱਕ ਜਾਣ ਕਰਕੇ ਇਹ ਰਾਮ ਅੰਸ ਜੀਵ ਕਹੀ ਜਾਂਦੀ ਹੈ। ਐਉਂ ਸਮਝ ਲਵੋ ਕਿ ਅਵਿਅਕਤ ਮੂਲ ਪ੍ਰਕ੍ਰਿਤੀ ਵਿਚ ਪ੍ਰਭੂ ਤੋਂ ਪ੍ਰਤੀਬਿੰਬਤ ਹੋਣ ਕਰਕੇ, ਸਭ ਤੋਂ ਪਹਿਲਾਂ ਹੋਸ਼ (ਗਿਆਨ) ਜਾਂ ਪ੍ਰਕਾਸ਼ ਉਤਪੰਨ ਹੁੰਦਾ ਹੈ ਅਤੇ ਪ੍ਰਕ੍ਰਿਤਕ ਚਿੱਤ, ਅਹੰਭਾਵ ਨੂੰ ਪ੍ਰਾਪਤ ਹੋ ਕੇ ਸਮਸ਼ਟਤਾ ਤੋਂ ਵਿਅਸ਼ਟਤਾ ਅਡੋ ਅੱਡ ਹੋ ਕੇ ਅਨੇਕਤਾ ਧਾਰਨ ਕਰਦੇ ਹਨ। ਏਕ ਮੂਰਤ ਹੀ ਅਨੇਕ ਮੂਰਤ ਵਿਚ ਰੂਪਮਾਨ ਹੋ ਜਾਂਦੀ ਹੈ। ਇਹੋ ਚੇਤਨ ਸਤਾ ਦੇ ਪ੍ਰਭਾਵ ਕਰਕੇ ਪ੍ਰਕ੍ਰਿਤੀ ਤਿੰਨਾਂ ਗੁਣਾਂ ਵਿਚ ਕ੍ਰਿਆਸ਼ੀਲ ਹੋ ਕੇ ਕਰਮ ਕਰਦੀ ਹੈ ਅਤੇ ਅਹੰਭਾਵ (ਹਉਮੈ) ਧਾਰਨ ਕਰਕੇ ਕਰਮ ਫਲ ਨਾਲ ਬੱਝ ਜਾਂਦੀ ਹੈ ਅਤੇ ਜਨਮ ਮਰਨ ਦੇ ਚੱਕਰ ਵਿਚ ਘੁਮੇਟਣੀਆਂ ਖਾਂਦੀ, ਦੁਖ-ਸੁਖ ਦੇ ਫਲ ਭੋਗਦੀ ਹੈ। ਤੀਸਰਾ ਪ੍ਰਕ੍ਰਿਤੀ ਵਿਚ ਨਿਯਮਬਧ ਹੋ ਕੇ ਕ੍ਰਿਆ ਕਰਨ ਦੀ ਸਮਰਥਾ ਹੈ। ਆਤਮ ਜੋਤ ਕਣ-ਕਣ ਵਿਚ ਪਰੀਪੂਰਨ ਹੈ, ਕੋਈ ਥਾਂ ਦ੍ਰਿਸ਼ਟਮਾਨ, ਅਦ੍ਰਿਸ਼ ਵਿਚ ਅਜਿਹਾ ਨਹੀਂ ਹੈ ਜਿਥੇ ਇਸ ਚੇਤਨ ਸੱਤਾ ਦੀ ਅਣਹੋਂਦ ਹੋਵੇ,


Sri Satguru Jagjit Singh Ji eLibrary NamdhariElibrary@gmail.com

ਅਸਾਡੇ ਅੰਦਰ ਬਾਹਰ, ਹਰ ਘਟ ਵਿਚ, ਧਰਤੀ ਅਕਾਸ਼ ਤੇ ਇਸ ਦੇ ਵਿਚਾਲੇ ਖਾਲੀ ਥਾਂ ਵਿਚ, ਵਣਾਂ ਦੇ ਬ੍ਰਿਛ, ਘਾਹ, ਪਰਬਤਾਂ ਵਿਚ ਜੋ ਭੀ ਹਰਕਤ ਹੋ ਰਹੀ ਹੈ ਉਹ ਨਿਯਮਕ ਪ੍ਰਕ੍ਰਿਤੀ ਪਾਰਬ੍ਰਹਮ ਦੀ ਸੱਤਾ ਪਾ ਕੇ ਕ੍ਰਿਆ ਕਰ ਰਹੀ ਹੈ। ਹਵਾ, ਪਾਣੀ, ਬੈਸੰਤਰ, ਚਾਰੇ ਕੁੰਟਾਂ ਵਿਚ ਪ੍ਰਭੂ ਸੱਤਾ ਹੈ, ਕੋਈ ਥਾਂ ਨਹੀਂ ਜਿਥੇ ਉਹ ਸਰਬ ਸ਼ਕਤੀਮਾਨ ਨਹੀਂ ਹੈ। ਉਹ ਪਿਆਰ ਕਰਦਾ ਹੈ, ਦਇਆਲੂ ਹੈ। ਬਾਣੀ ਵਿਚ ਫੁਰਮਾਨ ਹੈ –

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ।।*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ।।*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਪੰਨਾ – 294*

ਰਾਜਨ! ਕਿਥੇ ਦੱਸੀਏ ਕਿ ਫਲਾਣੇ ਥਾਂ ਵਾਹਿਗੁਰੂ ਨਹੀਂ ਹੈ। ਉਹ ਤਾਂ ਹਰ ਥਾਂ ਦੇ ਉਤੇ ਹੈ।

*ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ॥*
*ਨਾਨਕ ਊਨ ਨ ਦੇਖੀਐ ਪੂਰਨ ਤਾ ਕੇ ਕਾਮ॥*

*ਪੰਨਾ – 299*

ਜੇ ਅਸੀਂ ਕਹਿ ਦਿਤਾ ਕਿ ਸਾਰਿਆਂ ਮਨੁੱਖਾਂ ਵਿਚ ਉਹ ਹੀ ਹੈ, ਫੇਰ ਬਾਕੀਆਂ ਵਿਚ ਤਾਂ ਨਾ ਹੋਇਆ। ਕਹਿੰਦੇ ਸਾਰੇ ਹੀ ਹੈ।

*ਚਉਦਹਿ ਚਾਰਿ ਕੁੰਟ ਪ੍ਰਭ ਆਪ॥*
*ਸਗਲ ਭਵਨ ਪੂਰਨ ਪਰਤਾਪ॥ ਪੰਨਾ – 299*

ਏਸ ਤੋਂ ਅੱਗੇ ਮਹਾਰਾਜ ਜੀ ਸਾਨੂੰ ਕੀ ਦੱਸਣ! ਇਸ ਨੂੰ ਕਹਿੰਦੇ ਨੇ ਗੁਰੂ ਦਾ ਸ਼ਬਦ। ਜਿਸ ਨੇ ਗੁਰੂ ਦਾ ਸ਼ਬਦ ਕਮਾ ਲਿਆ, ਉਸ ਦੇ ਅਗਿਆਨ ਦੇ ਛੌੜ ਕੱਟੇ ਗਏ। ਇਸ ਸ਼ਬਦ ਨੂੰ ਕਮਾਉਣ ਵਾਸਤੇ ਅਸੀਂ ਭਜਨ ਬੰਦਗੀ, ਦਾਨ, ਪੁੰਨ, ਜਾਗਣਾ, ਸੇਵਾ, ਸਾਰਾ ਕੁਝ ਕਰਦੇ ਹਾਂ। ਸਾਧਨ ਸੰਪੰਨ ਹੋ ਕੇ ਹੀ ਅੰਦਰਲੀ ਖੋਜ ਕੀਤੀ ਜਾਂਦੀ ਹੈ ਅਤੇ ਗੁਰੂ ਕ੍ਰਿਪਾ ਨਾਲ ਦਸਵੇਂ ਦੁਆਰ ਦਾ ਵਾਸਾ ਪ੍ਰਾਪਤ ਹੁੰਦਾ ਹੈ। ਜਿਥੇ ਦੁਖ ਸੁਖ ਦੀ ਪਰਿਭਾਸ਼ਾ ਖਤਮ ਹੋ ਜਾਂਦੀ ਹੈ, ਨਾ ਮਾਇਕ ਊਂਘ ਹੈ, ਨਾ ਪਦਾਰਥਾਂ ਦੀ ਭੁੱਖ ਰਹਿ ਜਾਂਦੀ ਹੈ।

*ਦਸੇ ਦਿਸਾ ਰਵਿਆ ਪ੍ਰਭੁ ਏਕ॥*
*ਧਰਨਿ ਅਕਾਸ ਸਭਿ ਮਹਿ ਪ੍ਰਭ ਪੇਖੁ॥*
*ਜਲ ਥਲ ਬਨ ਪਰਬਤ ਪਾਤਾਲ॥*
*ਪਰਮੇਸ੍ਵਰ ਤਹ ਬਸਹਿ ਦਇਆਲ॥ ਪੰਨਾ – 299*

ਹਰ ਥਾਂ ਦੇ ਉਤੇ ਪ੍ਰਭੂ ਵਸਦੈ।

*ਸੂਖਮ ਅਸਥੂਲ ਸਗਲ ਭਗਵਾਨ॥*
*ਨਾਨਕ ਗੁਰਮੁਖਿ ਬ੍ਰਹਮੁ ਪਛਾਨ॥ ਪੰਨਾ – 299*

ਕੋਈ ਐਸੀ ਜਗ੍ਹਾ ਨਹੀਂ ਹੈ ਜਿਥੇ ਉਹ ਨਹੀਂ ਹੈ, ਉਹ ਤਾਂ ਸਾਰੇ ਹੀ ਹੈ। ਇਹ ਪੂਰੇ ਗੁਰੂ ਤੋਂ ਬਗੈਰ ਨਹੀਂ ਮਿਲਿਆ ਕਰਦਾ। ਇਸ ਅਨੁਭਵ ਨੂੰ ਪ੍ਰਾਪਤ ਕਰਨ ਵਾਲੇ ਨੂੰ ਨਾਮ ਪ੍ਰਾਪਤ ਹੋ ਜਾਂਦਾ ਹੈ। ਜਿਸ ਨੂੰ ਇਹ ਅਨੁਭਵ ਪ੍ਰਾਪਤ ਹੋ ਕੇ ਪੱਕਾ ਹੋ ਗਿਆ –

*ਪੂਰਨ ਪ੍ਰੇਮ ਪ੍ਰਭਾਉ ਬਿਨਾ ਪਤਿ ਸਿਉ*
*ਕਿਨ ਸ੍ਰੀ ਪਦਮਾਪਤਿ ਪਾਏ।*
*ਤ੍ਵਪ੍ਰਸਾਦਿ ਸਵੱਯੇ ਪਾਤਸ਼ਾਹੀ ੧੦*

ਉਸ ਨੂੰ ਸਮਝ ਲਓ ਕਿ ਨਾਮ ਪ੍ਰਾਪਤ ਹੋ ਗਿਆ। ਜਿਸ ਨੂੰ ਨਾਮ ਪ੍ਰਾਪਤ ਹੋ ਗਿਆ, ਉਸਦਾ ਅਗਿਆਨ ਦਾ ਅੰਧੇਰਾ ਨਾਸ਼ ਹੋ ਗਿਆ, ਦੂਰ ਹੋ ਗਿਆ। ਜਦੋਂ ਅਗਿਆਨ ਦੂਰ ਹੋ ਗਿਆ ਫੇਰ ਸਾਰਿਆਂ ਘਟਾਂ ਦੇ ਵਿਚ ਉਸ ਨੂੰ ਦਰਸ਼ਨ ਹੋਣੇ ਸ਼ੁਰੂ ਹੋ ਗਏ, ਫੇਰ ਬਜਰ ਕਪਾਟ ਖੁਲ੍ਹ ਗਏ। ਕਈ ਇਸ ਭੁਲੇਖੇ ਵਿਚ ਹਨ ਕਿ ਅੰਦਰ ਸਾਡੇ ਪਤਾ ਨਹੀਂ ਪੱਥਰ ਦੇ ਦਰਵਾਜ਼ੇ ਲੱਗੇ ਹੋਏ ਹਨ। ਭਰਮ ਦੇ ਦਰਵਾਜ਼ੇ ਨੇ ਸਾਧ ਸੰਗਤ ਜੀ, ਭਰਮ ਪਿਆ ਹੋਇਆ ਹੈ। ਇਸ ਭਰਮ ਦਾ ਨਾਸ਼ ਹੋਣਾ ਹੈ। ਗੁਰੂ ਦੀ ਕ੍ਰਿਪਾ ਹੋਵੇ ਤਾਂ ਭਰਮ ਦਾ ਨਾਸ਼ ਹੁੰਦਾ ਹੈ। ਗੁਰੂ ਤੋਂ ਬਗੈਰ ਇਹ ਚੀਜ਼ ਮਿਲਿਆ ਨਹੀਂ ਕਰਦੀ। ਪੂਰੇ ਗੁਰੂ ਨੂੰ ਮਿਲ ਕੇ ਜਿਸ ਦਾ ਭਰਮ ਨਾਸ਼ ਹੋ ਗਿਆ ਫਿਰ ਉਸ ਨੂੰ ਦਰਗਾਹ ਦੇ ਵਿਚ ਬਿਸਰਾਮ ਮਿਲ ਜਾਂਦਾ ਹੈ। ਇਥੇ ਵੀ ਮਿਲ ਗਿਆ ਤੇ ਦਰਗਾਹ ਵਿਚ ਵੀ ਮਿਲ ਗਿਆ। ਨਿਗੁਰੇ ਪੁਰਸ਼ ਨੂੰ ਨਹੀਂ ਮਿਲਿਆ ਕਰਦਾ। ਇਸੇ ਕਰਕੇ –

*...........ਨਿਗੁਰੇ ਕਾ ਹੈ ਨਾਉ ਬੁਰਾ॥*
*ਪੰਨਾ – 435*

ਮਨੁੱਖ ਦਾ ਜਾਮਾ ਵੀ ਧਾਰਨ ਕੀਤਾ ਹੈ। ਕਹਿੰਦੇ ਰਾਜਨ! ਤੁਸੀਂ ਕੋਈ ਗੁਰੂ ਧਾਰਨ ਕੀਤਾ ਹੈ?

ਮਨਸੁਖ ਜੀ, "ਇਹ ਤਾਂ ਮੈਂ ਪਹਿਲੀ ਵਾਰੀ ਸੁਣਿਆ ਹੈ। ਅਸੀਂ ਤਾਂ ਵਰਤ ਰਖ ਲੈਂਦੇ ਹਾਂ। ਜਿਹੜਾ ਸਾਡਾ ਤਰੀਕਾ ਹੈ, ਉਹ ਤੁਹਾਡੀਆਂ ਗੱਲਾਂ ਦੇ ਅਗੇ ਤਾਂ ਕੁਛ ਵੀ ਨਾ ਰਿਹਾ। ਸਚਮੁੱਚ ਹੀ ਇਹ ਸਭ ਫੋਕਟ ਕਰਮ ਹੋ ਗਏ। ਅਸੀਂ ਤਾਂ ਜਿਵੇਂ ਰੀਤ ਚਲੀ ਆਉਂਦੀ ਹੈ, ਦੇਵਤਿਆਂ ਦੀ ਪੂਜਾ ਕਰਦੇ ਹਾਂ। ਇਹ ਕਹਿੰਦੇ ਹਾਂ ਕਿ ਇਹ ਪੂਜਾ ਦੇ ਨਾਲ ਧਨ ਆਏਗਾ, ਸੁਖ ਆਏਗਾ। ਇਸ ਤੋਂ ਅੱਗੇ ਤਾਂ ਅਸੀਂ ਕਦੇ ਪ੍ਰਮਾਰਥ ਤਾਂ ਸੋਚਿਆ ਹੀ ਨਹੀਂ ਹੈ, ਬਿਸਰਾਮ ਦੀ ਗੱਲ ਸੋਚੀ ਹੀ ਨਹੀਂ ਹੈ।

ਕਹਿਣ ਲੱਗੇ, "ਰਾਜਨ! ਦਰਗਾਹ ਵਿਚ ਬਿਸਰਾਮ, ਤਾਂ ਮਿਲਿਆ ਕਰਦਾ ਹੈ ਜੇ ਪੂਰੇ ਗੁਰੂ ਦੀ ਪ੍ਰਾਪਤੀ ਹੋ ਜਾਵੇ। ਪੂਰੇ ਗੁਰੂ ਕੋਲ ਨਾਮ ਹੁੰਦਾ ਹੈ। ਜਦ ਨਾਮ ਦਾ ਅਨੁਭਵ ਅੰਦਰ ਖੁਲ੍ਹ ਜਾਵੇ ਤਾਂ ਉਸ ਵੇਲੇ ਸੱਚਖੰਡ ਦਾ ਵਾਸਾ ਹੁੰਦਾ


Sri Satguru Jagjit Singh Ji eLibrary NamdhariElibrary@gmail.com

ਹੈ - ਇਥੇ ਵੀ ਤੇ ਦਰਗਾਹ ਵਿਚ ਜਾ ਕੇ ਵੀ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ।।*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*

*ਪੰਨਾ - 275*

ਸੋ, ਐਵੇਂ ਗੱਲਾਂ ਨਾਲ ਨਹੀਂ ਜੀਵਨ ਮੁਕਤ ਹੋਇਆ ਕਰਦਾ। ਅਵਸਥਾ ਪ੍ਰਾਪਤ ਹੋ ਕੇ ਹੀ ਅਸਥਿਰ ਬੁੱਧੀ ਪ੍ਰਾਪਤ ਹੁੰਦੀ ਹੈ। ਉਸ ਜੀਵਨ ਮੁਕਤ ਪੁਰਸ਼ ਦਾ ਜੋ ਰਹਿਣ ਸਹਿਣ, ਵਰਤ ਵਰਤਾਵਾ, ਕਰਤੱਵ ਹੈ ਉਹ ਕੁਝ ਇਸ ਤਰ੍ਹਾਂ ਦਾ ਹੈ- ਮਾਨਸਿਕ ਵਿਕਾਰਾਂ ਤੋਂ ਅਛੋਹ ਹੋ ਜਾਂਦਾ ਹੈ, ਸਮਾਨ ਭਾਵ ਤੇ ਸਹਿਜ ਉਸ ਦੇ ਜੀਵਨ ਵਿਚ ਪ੍ਰਵੇਸ਼ ਕਰ ਜਾਂਦਾ ਹੈ, ਮਾਨ-ਅਪਮਾਨ, ਨਿੰਦਾ-ਉਸਤਤਿ, ਹਾਣ-ਲਾਭ, ਸੁਖ-ਦੁਖ ਵਿਚ ਸਮਾਨ ਵਰਤਦਾ ਹੈ। ਹਰਖ-ਸੋਗ, ਖੁਸ਼ੀ-ਗਮੀ, ਤੋਂ ਅਛੋਹ ਰਹਿੰਦਾ ਹੈ, ਵਾਸ਼ਨਾਵਾਂ ਖਤਮ ਹੋ ਜਾਂਦੀਆਂ ਹਨ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਪਣੇ ਸੋਮੇ ਮਨ ਸਮੇਤ ਅ-ਮਨ ਹੋ ਜਾਂਦੇ ਹਨ।

*ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨੁ ਅਪਮਾਨਾ॥*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ ਤਿਹ ਘਟਿ ਬ੍ਰਹਮੁ ਨਿਵਾਸਾ॥* *ਪੰਨਾ - 633-34*

ਉਸ ਘਟ ਦੇ ਵਿਚ ਬ੍ਰਹਮ ਦਾ ਨਿਵਾਸ ਹੁੰਦਾ ਹੈ ਜਿਸ ਦੀ ਬਾਹਰਲੀ ਕਿਰਿਆ ਇਹ ਹੁੰਦੀ ਹੈ। ਭੇਖ ਨਾਲ ਨਹੀਂ ਕੋਈ ਵੀ ਗੱਲ ਬਣਦੀ। ਸੰਤ ਕਹਾਉਣ ਨਾਲ ਕੁਛ ਨਹੀਂ ਬਣਦਾ, ਐਵੇਂ ਆਪਣੇ ਆਪ ਨਾਲ ਵੀ ਧੋਖਾ, ਲੋਕਾਂ ਨਾਲ ਵੀ ਧੋਖਾ। ਨਾ ਕਹਾਓ ਸੰਤ, ਨਾ ਕਿਸੇ ਨੂੰ ਸੰਤ ਕਹੋ। ਸੰਤ ਤਾਂ ਕੋਈ ਵਿਰਲਾ ਹੀ ਹੁੰਦਾ ਹੈ। ਸੰਤ ਬਣਨਾ ਬਹੁਤ ਔਖਾ ਹੈ, ਜਿਹੜਾ ਕਹਾਉਂਦਾ ਹੈ ਉਹਦੇ ਉਤੇ ਵੀ ਬੋਝ ਪੈਂਦਾ ਹੈ; ਜਿਹੜੇ ਕਹਿੰਦੇ ਨੇ ਉਹ ਵੀ ਗਲਤ ਧਾਰਨਾ ਵਿਚ ਕਹਿੰਦੇ ਨੇ ਕਿਉਂਕਿ ਸੰਤ ਕੋਈ ਨੇੜੇ ਦੀ ਚੀਜ਼ ਨਹੀਂ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*

*ਪੰਨਾ - 319*

ਪੂਰਨ ਰੂਪ ਵਿਚ ਆਪਣਾ ਨਿਜ ਆਪਾ, ਪਰਮ ਆਪੇ ਵਿਚ ਪੂਰੀ ਤਰ੍ਹਾਂ ਲੀਨ ਹੋ ਜਾਵੇ। ਜਿਸਨੂੰ ਕਦੇ ਸੁਪਨੇ ਵਿਚ ਵੀ ਅਗਿਆਨ ਨਾ ਹੋਵੇ, ਹਰ ਵਕਤ ਵਾਹਿਗੁਰੂ ਦ੍ਰਿਸ਼ਟੀ ਵਿਚ ਆਉਂਦਾ ਰਹੇ, ਭਰਮ ਦਾ ਨਾਸ਼ ਹੋ ਜਾਵੇ, ਉਸ ਨੂੰ ਸੰਤ ਕਹਿੰਦੇ ਨੇ। ਬਾਕੀ ਕੋਈ ਭੇਖ ਦਾ, ਲਿਬਾਸ ਦਾ ਨਾਉਂ ਤਾਂ ਸੰਤ ਹੈ ਨਹੀਂ। ਸੋ ਇਸ ਕਰਕੇ ਪੂਰਾ ਗੁਰੂ, ਸਮਰੱਥ ਗੁਰੂ ਜਦ ਪ੍ਰਾਪਤ ਹੋ ਗਿਆ, ਫੇਰ ਦਰਗਾਹ ਦੇ ਵਿਚ ਬਿਸਰਾਮ ਮਿਲਦਾ ਹੈ -

*ਧਾਰਨਾ - ਦਰਗਾਹ ਵਿਚ ਬਿਸਰਾਮ ਮਿਲਦੈ*
*ਪੂਰਿਆਂ ਗੁਰਾਂ ਤੋਂ - 2*
*ਮਿਲਦੈ ਪੂਰਿਆਂ ਗੁਰਾਂ ਤੋਂ - 2, 2.*
*ਦਰਗਾਹ ਵਿਚ ਬਿਸਰਾਮ*
*ਮਿਲਦੈ,.........।*

*ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ।।* *ਪੰਨਾ - 300*

ਹਰੀ ਦੀ ਟਹਿਲ ਕੀ ਹੁੰਦੀ ਹੈ, ਕਹਿੰਦੇ - ***'ਜਪੀਐ ਪ੍ਰਭ ਕਾ ਨਾਮ'*** ਜਿੰਨਾਂ ਪ੍ਰਮੇਸ਼ਰ ਦਾ ਨਾਮ ਜਪਾਂਗੇ, ਉਹ ਵਾਹਿਗੁਰੂ ਦੀ ਟਹਿਲ ਹੋਇਆ ਕਰਦੀ ਹੈ।

*ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ॥*

*ਪੰਨਾ - 300*

ਇਹ ਮਿਲਦਾ ਕਿਥੋਂ ਹੈ - ਪੂਰੇ ਗੁਰੂ ਤੋਂ। ਫੇਰ ਪੂਰਨ ਸੁਖ ਹੋ ਜਾਏਗਾ, ਫੇਰ ਬਿਸਰਾਮ ਮਿਲ ਜਾਏਗਾ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਅਨੰਦਪੁਰ ਸਾਹਿਬ ਨੂੰ ਛੱਡ ਕੇ ਮੁਕਤਸਰ ਤੋਂ ਹੁੰਦੇ ਹੋਏ, ਜਦੋਂ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ, ਆਪ ਤਲਵੰਡੀ ਪਹੁੰਚੇ, ਉਸ ਸਮੇਂ ਇਸ ਅਸਥਾਨ ਨੂੰ ਸਾਬੋ ਕੀ ਤਲਵੰਡੀ ਆਖਦੇ ਸੀ। ਓਥੇ ਇਕ ਸਰਦਾਰ ਡੱਲਾ ਨਾਮ ਦਾ, ਹਜ਼ਾਰਾਂ ਏਕੜਾਂ ਦਾ ਮਾਲਕ, 300 ਜੁਆਨ ਬੰਦੇ ਦੀ ਫੌਜ ਰੱਖਿਆ ਕਰਦਾ ਸੀ। ਸੋ ਗੁਰੂ ਮਹਾਰਾਜ ਦੀ ਉਸ ਨੇ ਬੜੀ ਸੇਵਾ ਕੀਤੀ ਲੇਕਿਨ ਕਦੇ ਕਦੇ ਮਾਣ 'ਚ ਆ ਕੇ ਕਹਿ ਦਿੰਦਾ ਸੀ, "ਮਹਾਰਾਜ! ਤੁਸੀਂ ਮੈਨੂੰ ਯੁੱਧ ਸਮੇਂ ਯਾਦ ਕਰਨਾ ਸੀ। ਦੇਖੋਂ ਮੇਰੇ ਬੰਦੇ ਸਾਢੇ ਛੇ ਛੇ ਫੁੱਟ ਦੇ ਨੇ, 45, 45 ਇੰਚ ਦੀ ਇਨ੍ਹਾਂ ਦੀ ਛਾਤੀ ਹੈ, ਡੌਲੇ ਦੇਖੋ ਕਿੰਨੇ ਮਜ਼ਬੂਤ ਨੇ, ਮਾੜੇ ਆਦਮੀ ਦੇ ਪੱਟਾਂ ਵਰਗੇ ਨੇ। ਇਹ ਸਾਰੇ ਦਸ ਦਸ ਉਤੇ ਭਾਰੂ ਨੇ, ਜੇ ਤਲਵਾਰ ਮਾਰ ਦੇਣ ਤਾਂ ਜ਼ਰਾ ਬਖਤਰ, ਘੋੜੇ ਸਣੇ ਕਾਠੀ ਨੂੰ ਕੱਟ ਕੇ ਤਲਵਾਰ ਧਰਤੀ ਵਿਚ ਖੁੱਭ ਜਾਵੇ। ਐਹੋ ਜਿਹੀਆਂ ਗੱਲਾਂ ਮਹਾਰਾਜ ਸੁਣਦੇ ਨੇ। ਖੈਰ ਮਹਾਰਾਜ ਨੇ ਉਸਦਾ ਅਭਿਮਾਨ ਤੋੜਿਆ, ਇਕ ਰਾਇਫਲ ਰਾਹੀਂ ਉਸ ਦੇ ਜਵਾਨਾਂ ਦੀ ਪ੍ਰੀਖਿਆ ਲਈ ਗਈ। ਗੋਲੀ ਦਾ ਨਿਸ਼ਾਨਾ ਬਣਨ ਲਈ ਕੋਈ ਸੂਰਮਾ ਭੀ ਤਿਆਰ ਨਾ ਹੋਇਆ।

ਉਹ ਸੇਵਾ ਬਹੁਤ ਕਰਿਆ ਕਰਦਾ ਸੀ। ਇਕ ਦਿਨ



Sri Satguru Jagjit Singh Ji eLibrary NamdhariElibrary@gmail.com

ਮਹਾਰਾਜ ਜੀ ਨੇ ਦੋ ਤਿੰਨ ਵਾਰੀ ਰਾਤ ਨੂੰ ਅਵਾਜ਼ ਦਿਤੀ ਕਿ ਪਹਿਰੇ ਤੇ ਕੌਣ ਹੈ? ਤਾਂ ਜਵਾਬ ਆਇਆ ਕਰੇ ਕਿ 'ਮੈਂ ਹਾਂ ਜੀ, ਡੱਲਾ।' ਫੇਰ ਪੁਛਿਆ, ਫੇਰ ਆਵਾਜ਼ ਆਵੇ, "ਜੀ ਮੈਂ ਹਾਂ ਡੱਲਾ।" ਇਸੇ ਤਰ੍ਹਾਂ ਦੋ ਤਿੰਨ ਵਾਰ ਹੋਇਆ। ਗੁਰੂ ਮਹਾਰਾਜ ਜੀ ਨੇ ਕਿਹਾ, "ਡੱਲਿਆ! ਤੂੰ ਅੱਜ ਸਾਨੂੰ ਸੇਵਾ ਕਰਕੇ ਪ੍ਰਸੰਨ ਕਰ ਲਿਆ ਹੈ ਤੇ ਜੋ ਕੁਛ ਤੂੰ ਦੁਨੀਆਂ ਦਾ ਮੰਗਣਾ ਹੈ, ਤੈਨੂੰ ਗੁਰੂ ਨਾਨਕ ਪਾਤਸ਼ਾਹ ਤੋਂ ਦਿਵਾ ਦੇਵਾਂਗੇ।" ਡੱਲਾ ਕਹਿਣ ਲੱਗਿਆ, "ਮਹਾਰਾਜ! ਦੁਨੀਆਂ ਤਾਂ ਮੇਰੇ ਕੋਲ ਬਹੁਤ ਹੈ, ਤੁਸੀਂ ਮੈਨੂੰ ਦਰਗਾਹ ਵਿਚ ਇਕ ਪੀੜ੍ਹੀ ਜੋਗਾ ਥਾਂ ਦੇ ਦਿਓ।" ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਡੱਲਿਆ! ਇਹ ਤਾਂ ਅਸੀਂ ਤੈਨੂੰ ਨਹੀਂ ਦੇ ਸਕਦੇ। ਤੂੰ ਸੇਵਾਦਾਰ ਤੋਂ ਪੁਛ ਕੇ ਦੇਖ ਲੈ। ਸੇਵਾਦਾਰ ਨੂੰ ਜਾ ਕੇ ਕਹਿਣ ਲੱਗਿਆ ਕਿ ਮੈਂ ਇਹ ਗੱਲ ਕਹੀ ਸੀ, ਮਹਾਰਾਜ ਨੇ ਇਹ ਉਤਰ ਦਿਤਾ ਹੈ ਮੈਨੂੰ। ਉਹ ਕਹਿਣ ਲੱਗਿਆ, "ਡੱਲਿਆ! ਤੂੰ ਤਾਂ ਅਜੇ ਗੁਰੂ ਹੀ ਨਹੀਂ ਧਾਰਿਆ ਇਨ੍ਹਾਂ ਨੂੰ।"

"ਫੇਰ ਮੈਂ ਐਵੇਂ ਹੀ ਸੇਵਾ ਕਰਦਾ ਹਾਂ?"

"ਹਾਂ ਬਈ ਸੇਵਾ ਤਾਂ ਤੂੰ ਕਰਦਾ ਹੈਂ ਪਰ ਤੂੰ ਨਾਮ ਨਹੀਂ ਲਿਆ ਇਨ੍ਹਾਂ ਤੋਂ?"

"ਨਾਮ ਤਾਂ ਮੈਨੂੰ ਆਉਂਦਾ ਹੀ ਹੈ – ਵਾਹਿਗੁਰੂ ਵਾਹਿਗੁਰੂ।"

"ਡੱਲਿਆ! ਆਪੇ ਜਪਿਆ ਹੋਇਆ ਨਾਮ ਫਲੀਭੂਤ ਨਹੀਂ ਹੁੰਦਾ।"

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥ ਪੰਨਾ – 491***

ਜਿਸ ਤਰ੍ਹਾਂ ਸਖਤ ਬੀਜ ਹੁੰਦੇ ਨੇ, ਉਹ ਜਾਨਵਰਾਂ ਦੇ ਪੇਟ 'ਚ ਜਾ ਕੇ ਗਲਦੇ ਨੇ। ਬੋਹੜ ਦਾ, ਪਿੱਪਲ ਦਾ, ਗੁਲਰ ਦਾ ਬੀਜ ਐਨੀ ਡਿਗਰੀ ਤੇ ਜਾ ਕੇ ਗਲਦਾ ਹੈ ਕਿ ਜਦ ਵਿੱਠ 'ਚੋਂ ਨਿਕਲ ਕੇ ਗਿਰਦਾ ਹੈ ਤਾਂ ਧਰਤੀ ਤੇ ਗਿਰ ਕੇ ਬੀਜ ਹਰਾ ਹੋ ਜਾਂਦਾ ਹੈ। ਇਸੇ ਤਰ੍ਹਾਂ ਗੁਰਮੁਖ ਦੇ ਮੁਖ ਤੋਂ ਕਮਾਏ ਹੋਏ ਨਾਮ ਦੀ ਜੇ ਪ੍ਰਾਪਤੀ ਹੋਵੇ ਤਾਂ ਡੱਲਿਆ, ਨਾਮ ਚਲਦਾ ਹੁੰਦਾ ਹੈ। ਐਵੇਂ ਤਾਂ ਸਭ ਦੁਨੀਆਂ ਰਾਮ-ਰਾਮ, ਵਾਹਿਗੁਰੂ-ਵਾਹਿਗੁਰੂ, ਅੱਲਾਹ-ਅੱਲਾਹ ਕਰੀ ਜਾਂਦੀ ਹੈ। ਇਸ ਤਰ੍ਹਾਂ ਨਹੀਂ ਨਾਮ ਚਲਿਆ ਕਰਦਾ, ਨਾਮ ਤਕ ਨਹੀਂ ਕੋਈ ਪਹੁੰਚਦਾ। ਜਦੋਂ ਉਨ੍ਹਾਂ ਤੋਂ ਤੂੰ ਨਾਮ ਲੈ ਲਏਂਗਾ ਤਾਂ ਉਸ ਵੇਲੇ ਤੂੰ ਪੀੜ੍ਹੀ ਜੋਗਾ ਥਾਂ ਕੀ ਭਾਵੇਂ ਮਰੱਬੇ ਮੰਗ ਲਈਂ, ਸਾਰੀ ਦਰਗਾਹ ਦਾ ਹੀ ਭਾਗੀਦਾਰ ਬਣ ਜਾਈਦਾ ਹੈ। ਬਾਨੀ ਸੁਣ, ਕੀ ਕਹਿੰਦੀ ਹੈ –

***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥ ਪੰਨਾ – 517***

ਉਸ ਨੂੰ ਕੀ ਘਾਟਾ ਹੈ ਜਗ੍ਹਾ ਦਾ!

ਸੋ ਇਸ ਤਰ੍ਹਾਂ ਦੇ ਨਾਲ ਮਨਸੁਖ ਜੀ ਕਹਿਣ ਲੱਗੇ, "ਰਾਜਨ! ਇਹ ਚੀਜ਼ਾਂ ਜਿੰਨੀਆਂ ਮੈਂ ਤੁਹਾਨੂੰ ਬੇਨਤੀ ਕੀਤੀ ਹੈ, ਜਦ ਤਕ ਤੁਸੀਂ ਪੂਰਨ ਗੁਰੂ ਧਾਰਨ ਨਹੀਂ ਕਰਦੇ, ਸਮਰੱਥ ਗੁਰੂ ਤੁਹਾਡੇ ਸੰਪਰਕ 'ਚ ਨਹੀਂ ਆਉਂਦਾ, ਓਨੀ ਦੇਰ ਤਕ ਤੁਹਾਨੂੰ ਆਤਮਕ ਬਖਸ਼ਿਸ਼ਾਂ ਪ੍ਰਾਪਤ ਨਹੀਂ ਹੋਣੀਆਂ, ਚਾਹੇ ਫੋਕਟ ਕਰਮ ਜਿੰਨੇ ਜੀਅ ਕਰਦਾ ਹੈ ਕਰ ਲਓ। ਦੁਨੀਆਂ ਦੀਆਂ ਵਸਤਾਂ ਤਾਂ ਪ੍ਰਾਪਤ ਹੋ ਜਾਂਦੀਆਂ ਹਨ, ਮਾਇਆ ਮਿਲ ਜਾਂਦੀ ਹੈ ਲੇਕਿਨ ਦਰਗਾਹ ਦਾ ਥਾਂ, ਅਤੇ ਮੁਕਤੀ ਨਹੀਂ ਮਿਲਦੀ, ਜੰਮਣ ਮਰਨ ਨਹੀਂ ਇਹ ਚੀਜ਼ਾਂ ਕੱਟ ਸਕਦੀਆਂ। ਜੰਮਣਾ ਮਰਨਾ ਨਾਮ ਹੀ ਕਟਦਾ ਹੈ। ਹਰ ਬੰਦੇ ਦੇ ਅੰਦਰ ਅਹੰਭਾਵ ਹੈ ਜਿਸ ਨੂੰ ਗੁਰੂ ਮਹਾਰਾਜ ਹਉਮੈ ਕਹਿੰਦੇ ਹਨ। ਇਹ ਹਉਮੈ ਨਾਮ ਦੀ ਵਿਰੋਧੀ ਹੈ ਅਤੇ ਅੰਧਕਾਰ ਦਾ, ਅਵਿਦਿਆ ਦਾ ਪਸਾਰਾ ਕਰੀ ਰਖਦੀ ਹੈ। ਜਦੋਂ ਨਾਮ ਦਾ ਪ੍ਰਕਾਸ਼ ਗੁਰੂ ਕ੍ਰਿਪਾ (ਪੰਨਾ 42 ਤੋਂ ਬਾਕੀ) ਅੰਤਸ਼ਕਰਣ ਵਿਚ ਜਗਮਗਾ
ਉਠਦਾ ਹੈ, ਉਸ ਸਮੇਂ ਹਉਮੈ ਦਾ ਪਾਇਆ ਹੋਇਆ ਅਨ੍ਹੇਰਾ
ਖਾਉਣ ਲਈ ਕਿਸੇ ਮਹਾਂਬਿਰਖ ਦੀ ਬਲੀ ਦੀ ਲੋੜ ਹੈ। ਗੁਰੂ
ਖਤਮ ਹੋ ਜਾਂਦਾ ਹੈ। ਫਿਰ ਪ੍ਰਕਾਸ਼ਿਤ ਜੀਵ ਆਤਮਾ ਆਪਣੇ
ਗੋਬਿੰਦ ਸਿੰਘ ਜੀ ਜੋ ਕਿ ਅਜੇ ਬਾਲ ਹੀ ਸਨ ਉਹ ਆਪਣੇ
ਆਤਮ ਸਰੂਪ ਨੂੰ ਦੇਖ ਕੇ ਅਸਲੀਅਤ ਦੀ ਪਛਾਣ ਕਰ
ਪਿਤਾ ਦਾ ਬਹੁਤ ਹੀ ਸਤਿਕਾਰ ਕਰਦੇ ਸਨ ਉਹ ਉਸ ਸਮੇਂ
ਲੈਂਦੀ ਹੈ। ਇਸ ਤਰ੍ਹਾਂ ਆਤਮ ਸਾਖਸ਼ਾਤ ਹੋ ਕੇ ਜਨਮ ਮਰਨ
ਬਾਹਰ ਖੇਡ ਕੇ ਆਏ ਸਨ, ਉਹ ਕਹਿਣ ਲੱਗੇ "ਪਿਤਾ
ਦੇ ਚੱਕਰ ਖਤਮ ਹੋ ਜਾਂਦੇ ਹਨ।
ਜੀ! ਆਪ ਜੀ ਤੋਂ ਵੱਡਾ ਮਹਾਂਪੁਰਖ ਕੌਣ ਹੋ ਸਕਦਾ ਹੈ?" ਪੁੱਤਰ
ਬਾਲਕ [illegible]
[illegible] ਮੁਗਲ ਬਾਦਸ਼ਾਹ ਨੂੰ ਸੁਨੇਹਾ ਭੇਜਿਆ ਕਿ ਜੇ ਗੁਰੂ
ਤੇਗ ਬਹਾਦਰ ਜੀ ਇਸਲਾਮ ਕਬੂਲ ਲੈਣਗੇ ਤਾਂ ਬਾਕੀ ਸਾਰੇ
ਮਨਸੁਖ ਜੀ ਨੇ ਕਿਹਾ, "ਸੋ ਕੀ ਹੋਇਆ?" ਇਹ ਉਤਰ
ਹੀ ਕਬੂਲ ਲੈਣਗੇ। ਜੇ ਗੁਰੂ ਸਾਹਿਬ ਨਹੀਂ ਕਬੂਲ ਕਰਦੇ ਤਾਂ
ਦਿੰਦਿਆਂ ਭਾਈ ਮਨਸੁਖ ਦੇ ਨੇਤਰਾਂ 'ਚੋਂ ਜਲ ਜਾਣ ਲਗ
ਅਸੀਂ ਸਾਰੇ ਹੀ ਆਪਣੇ ਮਜ਼ਹਬ ਤੇ ਅਟਲ ਰਹਾਂਗੇ। ਬਾਦਸ਼ਾਹ
ਗਿਆ, ਪਿਆਰ 'ਚ ਆ ਗਿਆ, ਵੈਰਾਗ 'ਚ ਆ ਗਿਆ।
ਕੱਟੜ ਸੀ, ਇਸਲਾਮ ਵਿਚ ਵਿਸ਼ਵਾਸ਼ ਰਖਦੇ ਹੋਏ ਇਹ ਹੀ
ਬੈਰਾਗ ਵਿਚ ਆ ਕੇ ਉਸ ਨੇ ਇਸ ਤਰ੍ਹਾਂ ਉਚਾਰਨ ਕੀਤਾ –
ਸਮਝਦਾ ਸੀ ਕਿ ਇਸਲਾਮ ਤੋਂ ਬਿਨ੍ਹਾਂ ਹੋਰ ਕੋਈ ਵੀ ਮਜ਼ਹਬ
ਠੀਕ ਨਹੀਂ। ਉਸ ਨੇ ਗੁਰੂ ਸਾਹਿਬ ਦੇ ਬਚਨਾਂ ਨੂੰ ਸੁਣ ਕੇ
ਅਤਿਆਚਾਰ ਸ਼ੁਰੂ ਕਰ ਦਿੱਤਾ ਤੇ ਗੁਰੂ ਸਾਹਿਬ ਨੂੰ ਦਿੱਲੀ
ਆਉਣ ਲਈ ਕਿਹਾ ਗਿਆ। ਉਥੇ ਜਦੋਂ ਗੁਰੂ ਸਾਹਿਬ ਨੇ
ਦੇਖਿਆ ਕਿ ਜਾਂ ਤਾਂ ਮਰਨਾ ਕਬੂਲ ਕਰਨਾ ਹੈ ਜਾਂ ਇਸਲਾਮ।
ਗੁਰੂ ਸਾਹਿਬ ਨੇ ਮਰਨਾ ਕਬੂਲ ਕਰਦੇ ਹੋਏ ਸ਼ਹਾਦਤ ਦਿੰਦਿਆਂ
ਕਿਹਾ, "ਸੀਸ ਦੀਆ ਪਰ ਸਿਰਰ ਨ ਦੀਆ।" ਜੋ ਆਪ ਜੀ ਦੀ
***ਨਾਰਾਇਨ ਨਰਪਤਿ ਨਮਸਕਾਰੈ॥***
ਸ਼ਹਾਦਤ ਨਾਲ ਲੋਕ ਪੂਰੀ ਰੂਹ ਨਾਲ ਇਕੱਠੇ ਹੋ ਗਏ ਤੇ
***ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ***
ਧਰਮ ਲਈ ਲੜਨ ਲਈ ਜਾਨ ਦੇਣ ਲਈ ਤਿਆਰ ਹੋ ਗਏ।
***ਮੁਕਤੁ ਮੋਹਿ ਤਾਰੈ॥***
ਗੁਰੂ ਸਾਹਿਬ ਦਾ ਸੀਸ ਜਦੋਂ ਧੜ ਤੋਂ ਵੱਖ ਹੋਇਆ
***ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ***
ਉਸ ਵੇਲੇ ਬਹੁਤ ਜ਼ੋਰਾਂ ਦੀ ਹਨ੍ਹੇਰੀ ਆਈ। ਉਸ ਹਨ੍ਹੇਰੀ ਦੀ
***ਕਛੁ ਪਾਰੈ॥ ਪੰਨਾ – 1301***
ਓਟ ਵਿਚ ਇਕ ਬਹਾਦਰ ਸਿੱਖ ਭਾਈ ਜੈਤਾ ਜੀ ਗੁਰੂ ਸਾਹਿਬ
ਰਾਜਨ! ਕੀ ਗੁਣ ਦੱਸਾਂ ਮੈਂ ਉਸ ਸਤਿਗੁਰ ਦੇ, ਮੇਰੀ
ਦਾ ਸੀਸ ਛੁਪਾ ਕੇ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ
ਜ਼ੁਬਾਨ ਕਹਿ ਨਹੀਂ ਸਕਦੀ।
ਸਾਹਿਬ ਲੈ ਗਿਆ। ਉਨ੍ਹਾਂ ਦਾ ਧੜ ਇਕ ਹੋਰ ਸਿੱਖ ਗੱਡੇ ਵਿਚ
***ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ***
ਪਾ ਕੇ ਘਰ ਲੈ ਗਿਆ ਤੇ ਉਸ ਨੇ ਆਪਣੇ ਘਰ ਵਿਚ ਰੱਖ
***ਬੀਚਾਰੈ॥ ਪੰਨਾ – 1302***
ਕੇ ਘਰ ਨੂੰ ਅੱਗ ਲਗਾ ਦਿਤੀ ਜਿਥੇ ਅੱਜ ਰਕਾਬਗੰਜ
ਗੁਰਦੁਆਰਾ [illegible]
[illegible]
[illegible]
[illegible]
[illegible]
***ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥ ਪੰਨਾ – 1302***
ਸਨ [illegible] ਸਮਰਥ ਸਨ ਤੇ ਗੁਰੂ ਗੱਦੀ ਲਈ ਪੂਰੀ ਤਰ੍ਹਾਂ ਤਿਆਰ ਸਨ।

ਪਿਆਰ ਦੇ ਵਿਚ ਲਾਲ ਗੁਲਾਲ ਰੰਗ ਹੋ ਜਾਂਦਾ ਹੈ ਤੇ ਬਿਸਮਾਦ ਬਿਸਮਾਦ ਬਿਸਮਾਦ ਹੋ ਜਾਂਦਾ ਹੈ। ***'ਚਲਦਾ'***

***ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ॥ ਪੰਨਾ – 1302***

LLLLLL

ਕਹਿੰਦੇ ਰਾਜਨ! ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਸੰਸਾਰ ਦੇ ਉਧਾਰ ਕਰਨ ਵਾਸਤੇ –

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥ ਪੰਨਾ – 1395***


Sri Satguru Jagjit Singh Ji eLibrary NamdhariElibrary@gmail.com

# Science of Breath
# ਪ੍ਰਾਣ ਵਿਗਿਆਨ

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

## ਚੌਥਾ ਅਧਿਆਇ

ਪ੍ਰਾਣਾਯਾਮ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਨੂੰ ਅੰਗਰੇਜ਼ੀ ਵਿਚ Science of breath ਕਹਿੰਦੇ ਹਨ ਪਰ ਇਹ ਸੰਪੂਰਨ ਭਾਵ ਨਹੀਂ ਹੈ, ਪ੍ਰਾਣਾਯਾਮ ਦਾ ਅਰਥ ਹੈ 'ਅਯਾਮ' (ਫੈਲਾਣਾ ਜਾਂ ਪ੍ਰਗਟਾਣਾ)। 'ਪ੍ਰਾ' (ਪਹਿਲਾ) 'ਣਾ' (ਸ਼ਕਤੀ) ਭਾਵ ਪ੍ਰਾਣਾਂ ਦਾ ਪਸਾਰਾ। ਪ੍ਰਾਣ ਵਿਸ਼ਵ ਜੀਵਨ ਦਾਤਾ ਹਨ, ਜੀਵਨ ਰਖਿਅਕ ਹਨ। ਭਾਰਤੀ ਦਰਸ਼ਨ ਸਾਸ਼ਤ੍ਰ ਦੀ ਇਕ ਪ੍ਰਣਾਲੀ ਅਨੁਸਾਰ ਸਾਰਾ ਵਿਸ਼ਵ ਹੀ ਆਕਾਸ਼ ਅਰਥਾਤ ਪੁਲਾੜ ਵਿਚੋਂ ਨਿਕਲਿਆ ਹੈ। ਤੇ ਪ੍ਰਾਣ ਸ਼ਕਤੀ ਨਾਲ ਹੋਂਦ ਵਿਚ ਆਇਆ ਹੈ। ਆਕਾਸ਼ ਅਸੀਮ (infinity) ਹੈ, ਸੰਪੂਰਨ ਹੈ, ਵਿਸ਼ਵ ਸ਼ਕਤੀ ਹੈ। ਵਿਸ਼ਵ ਦੇ ਸਾਰੇ ਵਿਪਰੀਤ ਪ੍ਰਾਣਾਂ ਰਾਹੀਂ ਹੀ ਸਥਿਰ ਹਨ, ਪ੍ਰਾਣਾਯਾਮ ਉਹ ਵਿਗਿਆਨ ਹੈ ਜਿਹੜਾ ਪ੍ਰਾਣਾਂ ਤੇ ਕਾਬੂ ਪਾਉਣ ਦਾ ਗਿਆਨ ਦਿੰਦਾ ਹੈ। ਜਿਸ ਨੇ ਪ੍ਰਾਣਾਂ ਨੂੰ ਕਾਬੂ ਕਰਨਾ ਸਿਖ ਲਿਆ, ਉਸ ਨੇ ਸ਼ਕਤੀਆਂ ਨੂੰ ਕਾਬੂ ਕਰਨਾ ਸਿੱਖ ਲਿਆ, ਜਿਸਨੇ ਸਰੀਰ ਤੇ ਮਨ ਦੀਆਂ ਸ਼ਕਤੀਆਂ ਕਾਬੂ ਕਰ ਲਈਆਂ ਉਸ ਨੇ ਸਰੀਰ ਤੇ ਮਨ ਤੇ ਕਾਬੂ ਕਰ ਲਿਆ।

ਮਨ, ਯੋਗ ਤੇ ਯਥਾਰਥ ਦੇ ਵਿਚਕਾਰ ਇਕ ਦੀਵਾਰ ਦੀ ਤਰ੍ਹਾਂ ਹੈ - ਜਦੋਂ ਸਾਧਕ ਪ੍ਰਾਣ ਸ਼ਕਤੀ ਨੂੰ ਜਾਣ ਲੈਂਦਾ ਹੈ ਉਹ ਮਨ ਤੇ ਕਾਬੂ ਕਰਨਾ ਸਿੱਖ ਲੈਂਦਾ ਹੈ ਕਿਉਂਕਿ ਮਨ ਪ੍ਰਾਣਾਂ ਦੀਆਂ ਬੇੜੀਆਂ ਨਾਲ ਬੰਨ੍ਹਿਆ ਹੋਇਆ ਹੈ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਪਤੰਗ ਇਕ ਪੱਕੀ ਡੋਰ ਨਾਲ ਬੰਨ੍ਹੀ ਹੁੰਦੀ ਹੈ ਤੇ ਏਧਰ ਓਧਰ ਉਡਦੀ ਰਹਿੰਦੀ ਹੈ ਪਰ ਡੋਰ ਨੂੰ ਘੁਮਾ ਕੇ ਉਸ ਦੀ ਦਿਸ਼ਾ ਬਦਲੀ ਜਾਂਦੀ ਹੈ। ਸਾਰਾ ਹੀ ਸੁਾਸ ਵਿਗਿਆਨ, ਭਾਵੇਂ ਉਹ ਮੁਢਲਾ ਹੋਵੇ ਭਾਵੇਂ ਉਹ ਵਿਕਸਿਤ ਹੋਵੇ, ਸਾਧਕ ਨੂੰ ਮਨ ਤੇ ਕਾਬੂ ਪਾਉਣ ਲਈ ਸਹਾਇਕ ਹੋਵੇਗਾ ਤੇ ਦਸੇਗਾ ਕਿ ਕਿਵੇਂ ਪ੍ਰਾਣਾਂ ਰਾਹੀਂ ਮਨ ਤੇ ਕਾਬੂ ਪਾਇਆ ਜਾ ਸਕਦਾ ਹੈ। ਇਸ ਕਰਕੇ ਸੁਾਸ ਵਿਗਿਆਨ ਯੋਗ ਸਾਧਿਕਾ ਲਈ ਮਹੱਤਵਪੂਰਨ ਹੈ ਕਿਉਂਕਿ ਉਨ੍ਹਾਂ ਤੇ ਕਾਬੂ ਪਾ ਕੇ ਹੀ ਅਧਿਆਤਮਵਾਦ ਦੀਆਂ ਉਚਾਈਆਂ ਤੇ ਪਹੁੰਚਿਆ ਜਾ ਸਕਦਾ ਹੈ। ਜਿਸ ਨੇ ਸੁਾਸਾਂ ਤੇ ਕਾਬੂ ਪਾ ਲਿਆ, ਪ੍ਰਾਣਾਂ ਤੇ ਕਾਬੂ ਪਾ ਲਿਆ, ਉਸ ਨੇ ਮਨ ਤੇ ਕਾਬੂ ਪਾ ਲਿਆ, ਜਿਸ ਨੇ ਮਨ ਤੇ ਕਾਬੂ ਪਾ ਲਿਆ, ਉਸ ਨੇ ਸੁਾਸਾਂ ਤੇ ਕਾਬੂ ਪਾ ਲਿਆ।

ਜਿਵੇਂ ਕਿ ਇਕ ਬੂੰਦ ਪਾਣੀ ਵੀ ਸਾਗਰ ਦਾ ਹੀ ਭਾਗ ਹੁੰਦਾ ਹੈ, ਬਿਲਕੁਲ ਉਸ ਪ੍ਰਕਾਰ ਹੀ ਵਿਸ਼ਵ ਦੇ ਸਾਰੇ ਪੱਖ, ਸਾਰੇ ਸਿਧਾਂਤ ਸੂਖਮ ਬ੍ਰਹਿਮੰਡ ਵਿਚ ਵਿਸ਼ਾਲ ਵਿਸ਼ਵ ਦਾ ਰੂਪ ਹੋ ਕੇ ਸਮੇਟੇ ਪਏ ਹਨ। ਜਿਹੜੇ ਪ੍ਰਾਣ ਵਿਸ਼ਾਲ ਵਿਸ਼ਵ ਦਾ ਆਧਾਰ ਹਨ, ਉਹ ਹੀ ਮਨੁੱਖ ਦੇ ਜੀਵਨ ਦਾ ਆਧਾਰ ਹਨ, ਪ੍ਰਾਣਾਂ ਦੇ ਆਧਾਰ ਤੇ ਹੀ ਸਰੀਰ ਸਭ ਕੁਝ ਕਰਦਾ ਹੈ ਤੇ ਹਰੇਕ ਚੀਜ਼ ਨੂੰ ਸਮਾਨ ਰਖਦਾ ਹੈ।

ਯੋਗ ਦੀਆਂ ਪੁਰਾਤਨ ਲਿਖਤਾਂ ਅਨੁਸਾਰ ਪ੍ਰਾਣਾਂ ਦੀ ਵਿਸ਼ਵ ਸ਼ਕਤੀ ਮਨੁੱਖ ਦੇ ਸਰੀਰ ਵਿਚ ਦਸ ਹਿਸਿਆਂ ਵਿਚ ਵੰਡੀ ਹੋਈ ਹੈ, ਦਸਾਂ ਵਿਚੋਂ ਪੰਜ ਪ੍ਰਾਣ ਵਧੇਰੇ ਮਹੱਤਵਪੂਰਨ ਹਨ, ਉਹ ਹਨ - ਉਦਾਨ, ਪ੍ਰਾਣ, ਸਮਾਨ, ਅਪਾਨ ਅਤੇ ਬਿਆਨ। ਭਾਵੇਂ ਪ੍ਰਾਣ ਸ਼ਬਦ ਵਿਸ਼ਵ ਪ੍ਰਾਣ ਲਈ ਵਰਤਿਆ ਗਿਆ ਹੈ ਜਿਸ ਵਿਚ ਦਸ ਪ੍ਰਾਣ ਸ਼ਾਮਲ ਹਨ, ਪਰ ਪੰਜ ਪ੍ਰਾਣਾਂ ਵਿਚੋਂ ਇਕ ਦਾ ਨਾਂ ਵੀ ਪ੍ਰਾਣ ਹੈ। ਜਦੋਂ ਇਸ ਸ਼ਬਦ ਦੀ ਵਰਤੋਂ ਅਸੀਂ ਦੇਖਾਂਗੇ ਤਾਂ ਪਤਾ ਲਗੇਗਾ ਕਿ ਆਮ ਸ਼ਕਤੀ ਤੇ ਖਾਸ ਸ਼ਕਤੀ ਵਿਚ ਕੀ ਅੰਤਰ ਹੈ।

ਉਦਾਨ ਸਾਡੇ ਗਲੇ ਤੋਂ ਉਪਰ ਦੇ ਭਾਗ ਵਿਚ ਪ੍ਰਧਾਨ ਰਹਿੰਦਾ ਹੈ ਤੇ ਇਸ ਵਿਚ ਜੋ ਇੰਦ੍ਰੀਆਂ ਹਨ ਉਨ੍ਹਾਂ ਦਾ ਚਾਲਕ ਹੈ। ਪ੍ਰਾਣ ਦਾ ਪ੍ਰਭਾਵ ਗਲੇ ਤੋਂ ਲੈ ਕੇ ਹਿਰਦੇ ਤਕ ਹੈ, ਇਹ ਸਾਡੇ ਬੋਲ ਤੇ ਬੋਲਣ ਦੇ ਅੰਗਾਂ ਅਤੇ ਸਾਹ ਲੈਣ ਦੀ ਨਾਲੀ ਦਾ ਚਾਲਕ ਹੈ। ਇਸ ਵਿਚ ਜਿਹੜੇ ਪੱਠੇ ਹਨ ਉਨ੍ਹਾਂ ਦਾ ਚਾਲਕ ਹੈ। ਸਮਾਨ ਹਿਰਦੇ ਤੋਂ ਲੈ ਕੇ ਧੁੰਨੀ ਤਕ ਦੀ ਸਾਰੀ ਪਾਚਨ ਸ਼ਕਤੀ ਦਾ ਚਾਲਕ ਹੈ। ਅਪਾਨ ਸਾਡੇ ਗੁਰਦੇ, ਮਲਮੂਤਰ ਦੇ ਅੰਗਾਂ ਦਾ ਸੰਚਾਲਕ ਹੈ। ਬਿਆਨ ਸਾਰੇ ਸਰੀਰ ਵਿਚ ਵਿਚਰਦਾ ਹੈ, ਸਰੀਰ ਦੇ ਆਰਾਮ ਨਿਸਲਤਾ ਸਰੀਰ ਦੇ ਇਕੱਠੇ ਹੋਣ ਦਾ, ਪੱਠਿਆਂ ਦਾ ਸਵੈ ਕੰਟਰੋਲ ਤੇ ਦੂਜਿਆਂ ਦਾ ਕੰਟਰੋਲ, ਜੋੜਾਂ ਦੀ ਹਿਲਜੁਲ, ਜੋੜਾਂ ਦੀ ਬਨਾਵਟ, ਇਹ ਸਭ ਇਸ ਦੇ ਕੰਟਰੋਲ ਵਿਚ ਹਨ।

ਪ੍ਰਾਣਾਂ ਦੀ ਸ਼ਕਤੀ ਸੂਖਮ ਹੈ, ਪ੍ਰਾਣਾਂ ਦਾ ਬਾਹਰ ਦਾ ਪ੍ਰਗਟਾਵਾ ਕੇਵਲ ਸੁਾਸ ਹਨ। ਪੰਜ ਮੁਖ ਪ੍ਰਾਣਾਂ ਵਿਚੋਂ ਪ੍ਰਾਣ ਹੀ ਸਰੀਰ ਦੀ ਉਹ ਸ਼ਕਤੀ ਹਨ ਜੋ ਸਰੀਰ ਚਲਾਉਂਦੇ ਹਨ। ਫੇਰ ਪ੍ਰਾਣਾਂ ਨੂੰ ਕਾਬੂ ਕਰਕੇ ਯੋਗੀ ਬਾਕੀ ਦੀਆਂ ਸੂਖਮ ਪ੍ਰਾਣ ਸ਼ਕਤੀਆਂ ਤੇ ਕਾਬੂ ਪਾਉਂਦਾ ਹੈ। ਇਸ ਤਰ੍ਹਾਂ ਅਸੀਂ ਪ੍ਰਾਣ ਸ਼ਬਦ ਦੀ ਦੋ ਰੂਪ ਵਿਚ ਵਰਤੋਂ ਸਮਝ ਸਕਦੇ ਹਾਂ - ਕਿਵੇਂ ਪ੍ਰਾਣ ਸਾਡੇ ਸੁਾਸਾਂ ਰਾਹੀਂ ਸਾਡੀ ਸ਼ਕਤੀ ਹਨ ਤੇ ਕਿਵੇਂ ਇਹ ਵਿਸ਼ਾਲ ਵਿਸ਼ਵ ਸ਼ਕਤੀ ਹਨ। ਸਾਡੇ ਵਿਅਕਤੀਗਤ ਪ੍ਰਾਣ ਹੀ ਸਾਨੂੰ ਸੂਖਮ ਵਿਸ਼ਵ ਪ੍ਰਾਣ ਸ਼ਕਤੀ ਨਾਲ ਮਿਲਾਉਣ ਦਾ ਆਧਾਰ ਹਨ ਤੇ ਸਾਡੇ ਸਰੀਰ ਦਾ ਅਧਾਰ ਹੋਣ ਕਾਰਣ ਜਿਸ ਨੂੰ ਅਸੀਂ ਮਰਨਾ ਕਹਿੰਦੇ ਹਾਂ, ਉਹ ਮਰਨਾ ਕੇਵਲ ਸੁਾਸ ਖਤਮ ਹੋਣਾ ਹੀ ਹੈ।

ਜਿਸ ਪ੍ਰਕਾਰ ਤੁਸੀਂ ਸੁਾਸਾਂ ਨੂੰ ਕਾਬੂ ਕਰਕੇ ਵਿਸ਼ਵ ਸ਼ਕਤੀ ਨਾਲ ਜੁੜਦੇ ਹੋ ਉਸ ਨੂੰ ਬਹੁਤ ਹੀ ਸੋਹਣੀ ਤਰ੍ਹਾਂ ਸਵਾਮੀ ਵਿਵੇਕਾ ਨੰਦ ਨੇ ਆਪਣੀ ਪੁਸਤਕ 'ਰਾਜ ਯੋਗ' ਵਿਚ ਦੱਸਿਆ ਹੈ।

ਇਕ ਵਾਰੀ ਦੀ ਗੱਲ ਹੈ ਕਿ ਰਾਜੇ ਦਾ ਇਕ ਵਜ਼ੀਰ



Sri Satguru Jagjit Singh Ji eLibrary NamdhariElibrary@gmail.com

ਕੁਝ ਇਹੋ ਜਿਹਾ ਕਰ ਬੈਠਾ ਕਿ ਉਸ ਨੂੰ ਇਕ ਬੁਰਜ ਵਿਚ ਕੈਦ ਕਰ ਦਿਤਾ ਗਿਆ। ਮੰਤਰੀ ਨੇ ਆਪਣੀ ਭਰੋਸੇ ਮੰਦ ਪਤਨੀ ਨੂੰ ਹਨ੍ਹੇਰਾ ਪੈਣ ਤੇ ਬੁਰਜ ਵਿਚ ਆਉਣ ਨੂੰ ਕਿਹਾ ਤੇ ਆਦੇਸ਼ ਦਿਤਾ ਕਿ ਉਹ ਆਪਣੇ ਨਾਲ ਇਕ ਲੰਮੀ ਰੱਸੀ ਲੈ ਕੇ ਆਵੇ, ਇਕ ਵੱਟਵਾਂ ਧਾਗਾ ਜੋ ਬਹੁਤ ਹੀ ਮਜ਼ਬੂਤ ਹੋਵੇ, ਇਕ ਸੂਤਲੀ, ਇਕ ਰੇਸ਼ਮੀ ਧਾਗਾ, ਇਕ ਭੂੰਡ ਤੇ ਕੁਝ ਸ਼ਹਿਦ। ਪਤਨੀ ਇਹ ਸਭ ਕੁਝ ਮੰਗਾਉਣ ਤੇ ਕਾਫੀ ਹੈਰਾਨ ਸੀ ਪਰ ਉਹ ਇਹ ਸਭ ਕੁਝ ਲੈ ਗਈ। ਮੰਤਰੀ ਨੇ ਆਪਣੀ ਪਤਨੀ ਨੂੰ ਕਿਹਾ ਕਿ ਉਹ ਭੂੰਡ ਨੂੰ ਰੇਸ਼ਮੀ ਧਾਗੇ ਨਾਲ ਬੰਨ੍ਹ ਦੇਵੇ ਤੇ ਉਸ ਦੇ ਸਿੰਗਾਂ ਤੇ ਕੁਝ ਸ਼ਹਿਦ ਲਗਾ ਦੇਵੇ ਤੇ ਫੇਰ ਉਸ ਨੂੰ ਬੁਰਜ ਦੀ ਕੰਧ ਤੇ ਛੱਡ ਦੇਵੇ ਤੇ ਉਸ ਦੇ ਸਿੰਗ ਉਪਰ ਬੁਰਜ ਵਲ ਕਰ ਦੇਵੇ। ਭੂੰਡ ਸ਼ਹਿਦ ਦੀ ਖੁਸ਼ਬੂ ਨਾਲ ਲੁਭਾਇਆ ਹੋਇਆ, ਹੌਲੀ ਹੌਲੀ ਆਪਣਾ ਰਾਹ ਬੁਰਜ ਵਲ ਲੱਭ ਲਵੇਗਾ ਤੇ ਆਪਣੇ ਨਾਲ ਉਹ ਰੇਸ਼ਮੀ ਧਾਗਾ ਵੀ ਖਿੱਚੀ ਲਿਆਵੇਗਾ। ਮੰਤਰੀ ਨੇ ਰੇਸ਼ਮੀ ਧਾਗਾ ਲੈ ਲਿਆ ਤੇ ਪਤਨੀ ਨੂੰ ਕਿਹਾ ਕਿ ਉਹ ਰੇਸ਼ਮੀ ਧਾਗੇ ਦੇ ਦੂਸਰੇ ਪਾਸੇ ਸੇਬਾ ਬੰਨ੍ਹ ਦੇਵੇ, ਰੇਸ਼ਮੀ ਧਾਗੇ ਨੂੰ ਵਰਤ ਕੇ ਉਸ ਨੇ ਡੋਰੀ ਨੂੰ, ਸੇਬੇ ਨੂੰ ਖਿੱਚ ਲਿਆ, ਉਸ ਨਾਲ ਉਸ ਨੇ ਰੱਸੀ ਬੰਨ੍ਹੀ, ਰੱਸੀ ਨਾਲ ਉਹ ਬੁਰਜ ਵਿਚੋਂ ਨਿਕਲ ਕੇ ਉਤਰ ਗਿਆ ਤੇ ਸੁਤੰਤਰ ਹੋ ਗਿਆ।

ਠੀਕ ਇਸੇ ਪ੍ਰਕਾਰ, ਸ੍ਵਾਸ ਸਾਡੇ ਸਰੀਰ ਵਿਚ ਰੇਸ਼ਮੀ ਧਾਗੇ ਦੀ ਤਰ੍ਹਾਂ ਹਨ, ਉਨ੍ਹਾਂ ਨੂੰ ਸੁਚੱਜੀ ਤਰ੍ਹਾਂ ਸਾਂਭ ਕੇ ਉਨ੍ਹਾਂ ਤੇ ਕਾਬੂ ਪਾ ਕੇ ਅਸੀਂ ਪ੍ਰਵ੍ਰਿਤੀਆਂ ਨੂੰ ਕਾਬੂ ਕਰ ਸਕਦੇ ਹਾਂ, ਇਨ੍ਹਾਂ ਰਾਹੀਂ ਅਸੀਂ ਪ੍ਰਵ੍ਰਿਤੀਆਂ ਨੂੰ ਕਾਬੂ ਕਰ ਸਕਦੇ ਹਾਂ, ਇਨ੍ਹਾਂ ਰਾਹੀਂ ਅਸੀਂ ਆਪਣੀ ਸੋਚ ਦੇ ਵਾਟਵੇਂ ਧਾਗੇ ਨੂੰ ਫੜ ਸਕਦੇ ਹਾਂ ਤੇ ਅੰਤ ਵਿਚ ਅਸੀਂ ਪ੍ਰਾਣਾਂ ਦੀ ਰੱਸੀ ਨੂੰ ਹੱਥ ਪਾ ਸਕਦੇ ਹਾਂ ਤੇ ਸੁਤੰਤਰ ਹੋ ਸਕਦੇ ਹਾਂ।

## ਪ੍ਰਾਣਾਯਾਮ ਅਤੇ ਨਾੜੀ ਪ੍ਰਬੰਧ

ਪ੍ਰਾਣਾਯਾਮ ਵਿਗਿਆਨ ਸਮਝਣ ਲਈ ਨਾੜੀ ਪ੍ਰਬੰਧ ਨੂੰ ਜਾਨਣਾ ਅਤਿ ਜ਼ਰੂਰੀ ਹੈ ਕਿਉਂਕਿ ਨਾੜੀ ਪ੍ਰਬੰਧ ਹੀ ਸਰੀਰ ਦੇ ਸਾਰੇ ਪ੍ਰਬੰਧ ਦਾ ਸੰਚਾਲਕ ਹੈ। ਇਸ ਦੇ ਦੋ ਭਾਗ ਹਨ – ਕੇਂਦਰੀ ਨਾੜੀ ਪ੍ਰਬੰਧ ਅਤੇ ਸ੍ਵੈਚਾਲਕ ਨਾੜੀ ਪ੍ਰਬੰਧ (Central Nervous and Autonomic Nervous System) ਕੇਂਦਰੀ ਨਾੜੀ ਪ੍ਰਬੰਧ ਵਿਚ ਦਿਮਾਗ, ਬਾਰਾਂ ਜੋੜੇ ਕਰੇਨੀਅਲ (cranial) ਨਾੜੀਆਂ, ਰੀੜ੍ਹ ਦੀ ਹੱਡੀ, ਇਕੱਤੀ ਜੋੜੇ ਰੀੜ੍ਹ ਦੀਆਂ ਨਾੜੀਆਂ। ਕਰੇਨੀਅਲ ਤੇ ਰੀੜ੍ਹ ਦੀਆਂ ਨਾੜੀਆਂ ਸਾਰੇ ਸਰੀਰ ਵਿਚ ਫੈਲੀਆਂ ਹੋਈਆਂ ਹਨ, ਇਨ੍ਹਾਂ ਦਾ ਇਕ ਜਾਲ ਵਿਛਿਆ ਹੋਇਆ ਹੈ ਜਿਨ੍ਹਾਂ ਵਿਚੋਂ ਕੁਝ ਨਾੜੀਆਂ ਦਿਮਾਗ ਨੂੰ ਸੁਨੇਹਾ ਪਹੁੰਚਾਉਂਦੀਆਂ ਹਨ, ਕੁਝ ਨਾੜੀਆਂ ਸੁਨੇਹਾ ਲੈ ਕੇ ਪੱਠਿਆਂ ਨੂੰ, ਇੰਦ੍ਰੀਆਂ ਨੂੰ ਪਹੁੰਚਾਉਂਦੀਆਂ ਹਨ, ਭਾਵ ਕੁਝ ਨਾੜੀਆਂ ਦਿਮਾਗ ਤੋਂ ਸੁਨੇਹਾ ਰੀੜ੍ਹ ਦੀ ਹੱਡੀ ਨੂੰ ਦਿੰਦੀਆਂ ਹਨ, ਦੂਸਰੀਆਂ ਦਿਮਾਗ ਤੇ ਰੀੜ੍ਹ ਦੀ ਹੱਡੀ ਨੂੰ ਸੁਨੇਹਾ ਪਹੁੰਚਾਉਂਦੀਆਂ ਹਨ। ਇਥੇ ਅਸੀਂ ਇਕ ਉਦਾਹਰਣ ਦਿੰਦੇ ਹਾਂ ਕਿ ਤੁਹਾਨੂੰ ਕਿਧਰੇ ਠੋਕਰ ਲਗਦੀ ਹੈ, ਪੈਰ ਦੇ ਪੰਜੇ ਨੂੰ ਸੱਟ ਲਗਦੀ ਹੈ, ਉਥੇ ਜਿਹੜੀਆਂ ਨਾੜੀਆਂ ਹਨ ਉਹ ਰੀੜ੍ਹ ਦੀ ਹੱਡੀ ਨੂੰ ਸੁਨੇਹਾ ਦਿੰਦੀਆਂ ਹਨ ਤੇ ਦਿਮਾਗ ਨੂੰ ਸੁਨੇਹਾ ਦਿੰਦੀਆਂ ਹਨ, ਦਿਮਾਗ ਵਿਚ ਇਸ ਠੋਕਰ ਨੂੰ ਦਰਦ ਦਾ ਰੂਪ ਦਿਤਾ ਜਾਂਦਾ ਹੈ ਤੇ ਉਸ ਲਈ ਦਿਮਾਗ ਦੀਆਂ ਨਾੜੀਆਂ ਹੱਥ ਨੂੰ ਸੁਨੇਹਾ ਭੇਜਦੀਆਂ ਹਨ ਤੇ ਹੱਥ ਪਹੁੰਚ ਕੇ ਪੈਰ ਦੇ ਪੰਜੇ ਨੂੰ ਫੜਦਾ ਹੈ, ਘੁਟਦਾ ਹੈ, ਦਵਾਈ ਲਗਾਉਂਦਾ ਹੈ ਅਤੇ ਜੋ ਜ਼ਰੂਰੀ ਹੈ, ਉਹ ਕਰਦਾ ਹੈ।

ਯੋਗ ਵਿਗਿਆਨ ਦੇ ਨਿਯਮ ਬੱਧ ਕਰਨ ਵਾਲੇ ਪੰਤਾਂਜਲੀ ਨੇ ਵਿਸਤਾਰ ਨਾਲ ਪ੍ਰਾਣਾਂ ਨੂੰ ਸ੍ਵਾਸ ਅੰਦਰ ਲੈ ਕੇ ਤੇ ਬਾਹਰ ਕੱਢਦੇ ਹੋਏ ਕੰਟਰੋਲ ਕਰਨਾ ਦੱਸਿਆ ਹੈ। ਇਸ ਦੀ ਸੰਪੂਰਨਤਾ ਤਾਂ ਹੀ ਹੁੰਦੀ ਹੈ ਜਦੋਂ ਸ੍ਵਾਸਾਂ ਵਿਚ ਦੀ ਰੁਕਾਵਟ ਖਤਮ ਹੁੰਦੀ ਹੈ, ਜਦੋਂ ਸ੍ਵਾਸ ਨੂੰ ਫੈਲਾ ਲਿਆ ਜਾਂਦਾ ਹੈ ਭਾਵ ਸ੍ਵਾਸ ਅੰਦਰ ਰੱਖਿਆ ਜਾਂਦਾ ਹੈ ਉਸ ਉਪਰਾਂਤ ਫੇਫੜਿਆਂ ਦੀ ਹਲਚਲ ਹਿਰਦੇ ਦੀ ਚਾਲ ਤੇ ਨਿਅੰਤਰਣ ਕਰਕੇ ਸ੍ਵੈਚਾਲਕ ਨਾੜੀ ਪ੍ਰਬੰਧ ਨੂੰ ਕੰਟਰੋਲ ਕੀਤਾ ਜਾਂਦਾ ਹੈ। ਸ੍ਵੈਚਾਲਕ ਨਾੜੀ ਪ੍ਰਬੰਧ ਸਾਡੇ ਸਰੀਰ ਦੇ ਉਹ ਸਾਰੇ ਪ੍ਰਬੰਧ ਕੰਟਰੋਲ ਕਰਦਾ ਹੈ ਜਿਹੜੇ ਸਾਰੇ ਸਾਡੇ ਵੱਸ ਨਹੀਂ ਜਿਵੇਂ ਕਿ ਪਾਚਨ ਸ਼ਕਤੀ ਦੇ ਅੰਗਾਂ ਵਿਚੋਂ ਨਿਕਲਣ ਵਾਲੇ ਰਸ, ਦਿਲ ਦੀ ਧੜਕਨ, ਫੇਫੜਿਆਂ ਦੀ ਗਤੀ। ਫੇਫੜਿਆਂ ਦੀ ਕ੍ਰਿਆ ਰਾਹੀਂ ਚੇਤਨ ਕੰਟਰੋਲ ਵਿਚ ਆ ਜਾਂਦੇ ਹਨ। ਇਥੇ ਇਕ ਬਹੁਤ ਹੀ ਵਚਿੱਤਰ ਗੱਲ ਹੈ ਜੋ ਨਿਯਮ ਦੇ ਉਲਟ ਹੈ ਕਿ ਸ੍ਵੈਚਾਲਕ ਨਾੜੀ ਪ੍ਰਬੰਧ ਉਹ ਸਭ ਕੁਝ ਚਲਾਉਂਦਾ ਹੈ ਜੋ ਸ੍ਵੈ ਨਿਯੰਤਰਣ ਵਿਚ ਹਨ ਪਰ ਸ੍ਵੈ ਕੰਟਰੋਲ ਵਿਚ ਨਹੀਂ। ਭਾਵੇਂ ਸ੍ਵਾਸ ਗਤੀ ਸ੍ਵੈ ਚਾਲਕ ਹੈ ਪਰ ਇਸ ਉਤੇ ਛੇਤੀਂ ਕੰਟਰੋਲ ਹੋ ਜਾਂਦਾ ਹੈ, ਸ੍ਵਾਸ ਦੀ ਗਹਿਰਾਈ, ਉਨ੍ਹਾਂ ਦੀ ਲੰਬਾਈ, ਗਤੀ ਬਹੁਤ ਛੇਤੀਂ ਹੀ ਚੇਤਨਤਾ ਨਾਲ ਕਾਬੂ ਕੀਤੀ ਜਾ ਸਕਦੀ ਹੈ। ਇਹੋ ਹੀ ਕਾਰਣ ਹੈ ਕਿ ਸ੍ਵਾਸ ਕੰਟਰੋਲ ਬਾਕੀ ਦੇ ਸ੍ਵੈਚਾਲਕ ਨਾੜੀ ਪ੍ਰਬੰਧ ਨੂੰ ਕੰਟਰੋਲ ਕਰਨ ਵਿਚ ਸਭ ਤੋਂ ਪਹਿਲੀ ਪਉੜੀ ਹੈ।

ਸ੍ਵੈਚਾਲਕ ਨਾੜੀ ਪ੍ਰਬੰਧ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ – ਇਕ Sympathetic ਨਾੜੀ ਪ੍ਰਬੰਧ, ਦੂਸਰਾ ਹੈ Parasympathetic ਨਾੜੀ ਪ੍ਰਬੰਧ। ਜਿਵੇਂ ਨਾਵਾਂ ਤੋਂ ਹੀ ਪਤਾ ਲਗਦਾ ਹੈ, ਇਹ ਦੋਨੋਂ ਪ੍ਰਬੰਧ ਇਕ ਦੂਸਰੇ ਦੇ ਵਿਪਰੀਤ ਕੰਮ ਕਰਦੇ ਹਨ ਪਰ ਅੰਤ ਵਿਚ ਸਾਰੇ ਬਿਲਕੁਲ ਇਕਸਾਰ ਇਕ ਤਾਲ ਨਿਯਮ ਬੱਧ ਹੋ ਜਾਂਦੇ ਹਨ। ਪੈਰਾ–ਸਿਮਪਥੈਟਿਕ ਨਾੜੀ ਪ੍ਰਬੰਧ ਹਿਰਦੇ ਗਤੀ ਨੂੰ ਹੌਲੀ ਕਰਦਾ ਹੈ, ਸਿਮਪਥੈਟਿਕ ਨਾੜੀ ਪ੍ਰਬੰਧ ਉਸ ਦੀ ਗਤੀ ਤੇਜ਼ ਕਰਦਾ ਹੈ ਇਨ੍ਹਾਂ ਦੋਨਾਂ ਦੇ ਆਪਸ ਵਿਚ ਹੀ ਤਾਲ–ਮੇਲ ਨਾਲ ਹਿਰਦੇ ਗਤੀ ਦਾ ਨਿਯੰਤਰਣ ਹੁੰਦਾ ਹੈ। ਸਿਮਪਥੈਟਿਕ ਨਾੜੀ ਪ੍ਰਬੰਧ ਵਿਚ ਦੋ ਲੰਬੀਆਂ ਲਾਈਨਾਂ ਗੈਂਗਲੀਆਂ ਦੀਆਂ ਹਨ ਜਾਂ ਕਹਿ ਲਓ ਨਰਵ ਸੇਲ ਦੇ ਝੁੰਡ ਰੀੜ੍ਹ ਦੀ ਹੱਡੀ ਦੇ ਦੋਨੋਂ ਪਾਸੇ ਹਨ। ਇਹ ਗੇਂਗਲੀਆਂ ਕੌਰਡ ਗ੍ਰੰਥੀਆਂ, ਵਿਸਰਾ ਥੌਰੈਕਸ ਅਤੇ ਪੇਟ ਵਿਚ ਜਾਂਦਾ ਹੈ ਅਤੇ ਫੇਰ ਇਸ ਨਾਲ ਪੈਰਾਸਿਮਪਥੈਟਿਕ ਸਬੰਧ ਜੁੜ ਕੇ ਇਕ ਸਮੁੱਚਾ ਪਲੈਸਸ ਬਣਦਾ ਹੈ, ਇਸ ਨਾੜੀ ਪ੍ਰਬੰਧ ਦਾ ਅਸਲੀ ਭਾਗ ਦਸਵਾਂ ਕਰੇਨੀਅਲ ਨਾੜੀ ਹੈ ਜਿਸ ਨੂੰ ਵੈਰਾਸ ਵੀ ਕਹਿੰਦੇ ਹਨ, ਇਹ ਉਹ ਨਾੜੀ ਹੈ ਜਿਹੜੀ ਦਿਮਾਗ ਦੇ ਪਿਛੇ ਜਾ ਕੇ ਜੁੜਦੀ ਹੈ ਫੇਰ ਇਹ ਦਿਮਾਗ ਤੋਂ ਗਰਦਨ ਵਿਚੋਂ



Sri Satguru Jagjit Singh Ji eLibrary NamdhariElibrary@gmail.com

ਹੋ ਕੇ ਛਾਤੀ ਵਿਚੋਂ ਲੰਘ ਕੇ, ਪੇਟ ਵਿਚ ਹੁੰਦੇ ਰੀੜ੍ਹ ਦੀ ਹੱਡੀ ਵਿਚ ਪਹੁੰਚਦੀ ਹੈ ਤੇ ਆਪਣੀ ਸ਼ਾਖਾ ਇਕ ਪਲੈਕਸਸ ਵਿਚ ਸਿਮਪਥੈਟਿਕ ਨਾੜੀ ਪ੍ਰਬੰਧ ਨਾਲ ਜਾ ਜੁੜਦੀ ਹੈ। ਅੰਤ ਵਿਚ ਇਹ solar ਪਲੈਕਸਸ ਵਿਚ ਮਿਲਦਾ ਹੈ ਪਰ ਫੇਰ ਵੀ ਇਹ ਹੇਠਾਂ ਦੇ ਪਲੈਕਸਸ ਨਾਲ ਬਹੁਤ ਹੀ ਬਰੀਕ ਨਾੜੀਆਂ ਰਾਹੀਂ ਜੁੜਿਆ ਹੋਇਆ ਹੈ।

ਸ੍ਵੈ ਚਾਲਕ ਨਾੜੀ ਪ੍ਰਬੰਧ ਨੂੰ ਕਾਬੂ ਕਰਨ ਦੇ ਦੋ ਹੀ ਤਰੀਕੇ ਹਨ ਪਹਿਲਾ ਤਾਂ ਇਹ ਹੈ ਕਿ ਸੁਆਸਾਂ ਦਾ ਵਿਧੀ ਪੂਰਵਕ ਅਭਿਆਸ ਕਰਨ ਨਾਲ ਸ੍ਵੈਚਾਲਕ ਨਾੜੀ ਪ੍ਰਬੰਧ ਤੇ ਕਾਬੂ ਪਾਇਆ ਜਾ ਸਕਦਾ ਹੈ, ਪ੍ਰਾਣਾਂ ਦੇ ਵੱਖ-ਵੱਖ ਚੈਨਲਾਂ ਨੂੰ ਸਮਝ ਕੇ, ਵੱਖ-ਵੱਖ ਚਾਲਕਾਂ ਨੂੰ ਸਮਝ ਕੇ ਨਾੜੀ ਪ੍ਰਬੰਧ ਤੇ ਕਾਬੂ ਪਾਇਆ ਜਾ ਸਕਦਾ ਹੈ ਪਰ ਸਭ ਤੋਂ ਪਹਿਲਾਂ ਫੇਫੜਿਆਂ ਦੀ ਗਤੀ ਨੂੰ ਕਾਬੂ ਕਰਨਾ ਸਿਖਣਾ ਪਵੇਗਾ ਤਾਂ ਜੋ ਹਿਰਦੇ ਦੀ ਗਤੀ ਨੂੰ ਨਿਯੰਤਰਣ ਵਿਚ ਰੱਖਿਆ ਜਾਵੇ।

ਫੇਰ ਸੱਜੀ ਵੇਗਸ ਨਾੜੀ ਨੂੰ ਚੇਤਨ ਕਾਬੂ ਵਿਚ ਲਿਆਂਦਾ ਜਾਂਦਾ ਹੈ ਇਸ ਤਰ੍ਹਾਂ ਨਾਲ ਦਿਮਾਗ ਦਾ ਜਿਹੜਾ ਹਿੱਸਾ ਸਵੈ ਚਾਲਕ ਨਾੜੀ ਪ੍ਰਬੰਧ ਨਾਲ ਤਾਲਮੇਲ ਕਰਦਾ ਹੈ ਜਗਿਆਸੂ ਨੂੰ ਉਸ ਦਾ ਗਿਆਨ ਹੋ ਜਾਂਦਾ ਹੈ। ਦੂਸਰਾ ਤਰੀਕਾ ਸਵੈ ਚਾਲਕ ਨਾੜੀ ਪ੍ਰਬੰਧ ਤੇ ਕਾਬੂ ਪਾਉਣ ਦਾ ਹੈ- ਇਛਾ ਸ਼ਕਤੀ।

ਜਿੰਨਾਂ ਮਨ ਖਿੰਡਿਆਂ ਹੋਏਗਾ, ਓਨੀ ਹੀ ਇੱਛਾ ਖਿੰਡੀ ਹੋਏਗੀ। ਜਦੋਂ ਮਨ ਨੂੰ ਇਕਾਗਰ ਕਰ ਲਿਆ ਜਾਵੇ ਤਾਂ ਇਕਾਗਰ ਹੋਇਆ ਮਨ ਇੱਛਾ ਸ਼ਕਤੀ ਨੂੰ ਬਲ ਦਿੰਦਾ ਹੈ, ਇੱਛਾ ਸ਼ਕਤੀ ਨਾਲ ਸਵੈਚਾਲਕ ਨਾੜੀ ਪ੍ਰਬੰਧ ਤੋਂ ਜਿਸ ਤਰ੍ਹਾਂ ਤੁਸੀਂ ਚਾਹੋ ਕੰਮ ਲੈ ਸਕਦੇ ਹੋ। ਇਹ ਸੱਚ ਹੈ ਕਿ ਕੁਝ ਵੀ ਸਵੈ ਚਾਲਕ ਨਹੀਂ ਹੈ, ਜੇ ਤੁਸੀਂ ਫੇਫੜਿਆਂ ਦੀ ਗਤੀ ਨੂੰ ਨਿਯਮਬੱਧ ਕਰ ਲਵੋ ਇਸ ਤਰ੍ਹਾਂ ਕਰਨ ਨਾਲ ਬਹੁਤ ਵੱਡੀ ਪ੍ਰਣਾਲੀ ਕਾਬੂ ਹੋ ਜਾਂਦੀ ਹੈ।

ਅੱਜ ਦੇ ਵਿਗਿਆਨਕ ਸੁਆਸਾਂ ਦੀ ਮਹੱਤਤਾ ਕੇਵਲ ਆਕਸੀਜਨ ਦੇ ਅੰਦਰ ਜਾਣ ਲਈ ਹੀ ਦੇਖਦੇ ਹਨ, ਉਹ ਕੇਵਲ ਇੰਨਾਂ ਹੀ ਸੋਚਦੇ ਹਨ ਕਿ ਕਿਵੇਂ ਵੱਧ ਤੋਂ ਵੱਧ ਆਕਸੀਜਨ ਸਰੀਰ ਦੇ ਅੰਦਰ ਜਾਏ ਤਾਂ ਜੋ ਨਾੜੀ ਪ੍ਰਬੰਧ ਨੂੰ ਸ਼ਕਤੀ ਮਿਲੇ ਪਰ ਪ੍ਰਾਣ ਵਿਗਿਆਨ ਵਿਚ ਇਹ ਕੋਈ ਵੱਡੀ ਮਹੱਤਤਾ ਨਹੀਂ ਰਖਦਾ। ਆਕਸੀਜਨ ਅਤੇ ਕਾਰਬਨਡਾਈਆਕਸਾਈਡ ਤੋਂ ਵੱਧ ਲੋੜ ਉਹ ਸੂਖਮ ਭੇਦ ਜਾਨਣ ਦੀ ਹੈ, ਉਨ੍ਹਾਂ ਬਾਰੇ ਗਿਆਨ ਤੇ ਅਨੁਭਵ ਲੈਣ ਦੀ ਹੈ। ਯੋਗ ਦੇ ਪੁਰਾਤਨ ਗ੍ਰੰਥ ਦਸਦੇ ਹਨ ਕਿ ਕਿਵੇਂ ਹਜ਼ਾਰਾਂ ਨਾੜੀਆਂ ਦਾ ਜਾਲ ਵਿਛਿਆ ਹੋਇਆ ਹੈ, ਕਿੰਨੇ ਚੈਨਲ ਹਨ ਜਿਨ੍ਹਾਂ ਰਾਹੀਂ ਪ੍ਰਾਣਾਂ ਦਾ ਵਹਾਅ ਹੁੰਦਾ ਹੈ, ਉਹ ਪ੍ਰਾਣ ਜਿਹੜੇ ਸਰੀਰ ਦਾ ਆਧਾਰ ਹਨ, ਸਰੀਰ ਦੀ ਸ਼ਕਤੀ ਹਨ ਤੇ ਜਿਹੜੇ ਬਰੀਕ ਤੋਂ ਬਰੀਕ ਨਾੜੀਆਂ ਵਿਚ ਹਨ।

ਵੱਖ-ਵੱਖ ਸ਼ਬਦ ਭਾਵੇਂ ਨਾੜੀਆਂ, ਚੈਨਲ, ਵਾਹਨ ਹਨ, ਇਨ੍ਹਾਂ ਤੋਂ ਭਾਵ ਕੇਲਵ ਪ੍ਰਾਣ ਸ਼ਕਤੀ ਤੋਂ ਹੀ ਹੈ। ਪੁਰਾਤਨ ਗ੍ਰੰਥਾਂ ਅਨੁਸਾਰ ਸਾਡੇ ਸਰੀਰ ਵਿਚ 72,000 ਨਾੜੀਆਂ ਹਨ (ਕਈ ਹੋਰ ਗ੍ਰੰਥਾਂ ਅਨੁਸਾਰ 350,000 ਨਾੜੀਆਂ ਹਨ), ਚੌਦਾਂ ਨਾੜੀਆਂ ਬਾਕੀਆਂ ਨਾਲੋਂ ਵਧੇਰੇ ਮਹੱਤਵਪੂਰਨ ਹਨ। ਇਨ੍ਹਾਂ ਚੌਦਾਂ ਵਿਚੋਂ ਵੀ ਛੇ ਬਹੁਤ ਹੀ ਵੱਖਰਾ ਸਥਾਨ ਰਖਦੀਆਂ ਹਨ - ਇੜਾ, ਪਿੰਗਲਾ, ਸੁਖਮਨਾ, ਬ੍ਰਹਮਨੀ, ਚਿਤਰਨੀ ਅਤੇ ਵਿਗਿਆਨ। ਇਨ੍ਹਾਂ ਛੇਆਂ ਵਿਚੋਂ ਵੀ ਤਿੰਨ ਹੀ ਅੰਤ ਵਿਚ ਰਹਿ ਜਾਂਦੀਆਂ ਹਨ - ਇੜਾ (ਚੰਦਰਮਾ) ਜਦੋਂ ਸੁਆਸ ਖੱਬੀ ਨਾਸਕਾਂ ਵਿਚੋਂ ਜਾਂਦਾ ਹੈ, ਪਿੰਗਲਾ (ਸੂਰਜ) ਇਹ ਸੱਜੀ ਨਾਸਿਕਾ ਵਿਚੋਂ ਜਾਂਦੀ ਹੈ, ਸੁਖਮਨਾ ਇਹ ਉਹ ਸਮਾਂ ਹੈ ਜਦੋਂ ਦੋਨੋਂ ਨਾਸਿਕਾ ਇਕਸਾਰ ਚਲਦੀਆਂ ਹਨ। ਇਸ ਘੜੀ ਨੂੰ ਵਧਾ ਲੈਣ ਨੂੰ ਜਦੋਂ ਦੋਨੋਂ ਨਾਸਿਕਾ ਚਲਦੀਆਂ ਹੋਣ, ਉਸਨੂੰ ਸੰਧਿਆ ਕਹਿੰਦੇ ਹਨ ਅਤੇ ਸਿਮਰਨ ਕਰਨ ਲਈ ਸੁਖਮਨਾ ਦਾ ਕ੍ਰਿਆਸ਼ੀਲ ਹੋਣਾ ਅਤੀ ਜ਼ਰੂਰੀ ਹੈ, ਸੁਖਮਨਾ ਦੇ ਕ੍ਰਿਆਸ਼ੀਲ ਹੋਣ ਤੋਂ ਉਪਰਾਂਤ ਜਗਿਆਸੂ ਆਸ ਪਾਸ ਦੇ ਵਾਤਾਵਰਣ ਤੋਂ ਅਸ਼ਾਂਤ ਨਹੀਂ ਹੋ ਸਕਦਾ, ਨਾ ਹੀ ਅਚੇਤ ਦੇ ਉਸ ਦੇ ਵਿਚਾਰ ਉਸ ਨੂੰ ਅਸ਼ਾਂਤ ਕਰ ਸਕਦੇ ਹਨ ਜਿਹੜੇ ਅਚੇਤ ਵਿਚੋਂ ਉਠ ਕੇ ਚੇਤਨ ਵਿਚ ਆ ਜਾਂਦੇ ਹਨ।



Sri Satguru Jagjit Singh Ji eLibrary NamdhariElibrary@gmail.com

## ਇੜਾ, ਪਿੰਗਲਾ, ਸੁਖਮਨਾ

ਇਹ ਤਿੰਨੋਂ ਨਾੜੀਆਂ ਰੀੜ੍ਹ ਦੀ ਹੱਡੀ ਦੇ ਨਾਲ ਹੀ ਥੱਲਿਓਂ ਸ਼ੁਰੂ ਹੁੰਦੀਆਂ ਹਨ ਤੇ ਉਪਰ ਨੂੰ ਆਉਂਦੀਆਂ ਹਨ। ਸੁਖਮਨਾ ਨਾੜੀ ਵਿਚੋ ਵਿਚ ਹੈ ਤੇ ਰੀੜ੍ਹ ਦੀ ਹੱਡੀ ਦੇ ਨਾਲ ਹੀ ਚਲਦੀ ਹੈ ਤੇ ਗਲੇ ਤੇ ਇਹ ਦੋਨੋਂ ਬ੍ਰਹਮਰੰਦਰਾ ਵਿਚ ਜਾ ਮਿਲਦੀਆਂ ਹਨ ਜਿਸ ਨੂੰ ਦਸਮ ਦੁਆਰ ਕਹਿੰਦੇ ਹਨ। ਇੜਾ ਤੇ ਪਿੰਗਲਾ ਵੀ ਉਪਰ ਨੂੰ ਜਾਂਦੀਆਂ ਹਨ, ਉਹ ਵੀ ਰੀੜ੍ਹ ਦੀ ਹੱਡੀ ਦੇ ਨਾਲ ਨਾਲ ਹੀ ਜਾਂਦੀਆਂ ਹਨ, ਇਹ ਇਕ ਦੂਸਰੇ ਨੂੰ ਮਿਲਦੀਆਂ, ਨਿਖੜਦੀਆਂ ਰਹਿੰਦੀਆਂ ਹਨ, ਫੇਰ ਇਕ ਸੱਜੀ ਨਾਸਿਕਾ ਵਿਚ, ਇਕ ਖੱਬੀ ਨਾਸਿਕਾ ਵਿਚ ਜਾ ਮਿਲਦੀ ਹੈ।

ਜਿਨ੍ਹਾਂ ਥਾਵਾਂ ਤੇ ਰੀੜ੍ਹ ਦੀ ਹੱਡੀ ਵਿਚ ਇੜਾ, ਪਿੰਗਲਾ ਤੇ ਸੁਖਮਨਾ ਦਾ ਸੰਗਮ ਹੁੰਦਾ ਹੈ ਉਨ੍ਹਾਂ ਥਾਵਾਂ ਨੂੰ ਚੱਕਰ ਕਿਹਾ ਗਿਆ ਹੈ, ਪਹੀਆ ਕਿਹਾ ਗਿਆ ਹੈ, ਜਿਵੇਂ ਕਿ ਪਹੀਆ ਜਦੋਂ ਘੁੰਮਦਾ ਹੈ ਤੇ ਤਾਰਾਂ ਘੁੰਮਦੀਆਂ ਹਨ ਤੇ ਧੁਰਾ ਚਮਕਦਾ ਹੈ, ਬਿਲਕੁਲ ਇਸ ਤਰ੍ਹਾਂ ਹੀ ਬਾਕੀ ਨਾੜੀਆਂ ਚੱਕਰਾਂ ਵਿਚੋਂ ਬਾਹਰ ਚਮਕਦੀਆਂ ਹਨ ਤੇ ਸਰੀਰ ਦੇ ਦੂਸਰੇ ਭਾਗਾਂ ਉਤੇ ਪ੍ਰਭਾਵ ਪਾਉਂਦੀਆਂ ਹਨ। ਦੂਸਰੇ ਸ਼ਬਦਾਂ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਵੱਖ-ਵੱਖ ਚੱਕਰ ਜੰਕਸ਼ਨਾਂ ਦੀ ਤਰ੍ਹਾਂ ਹਨ, ਨਾੜੀਆਂ ਦੇ ਜੰਕਸ਼ਨ, ਨਾੜੀਆਂ ਦਾ ਸੰਗਮ, ਤਿੰਨ ਨਾੜੀਆਂ ਦਾ ਸੰਗਮ - ਇੜਾ, ਪਿੰਗਲਾ, ਸੁਖਮਨਾ ਦਾ ਸੰਗਮ।

ਸੱਤ ਮੁੱਖ ਚੱਕਰ ਹਨ - ਮੂਲਾਧਾਰ ਚੱਕਰ - ਇਹ ਰੀੜ੍ਹ ਦੀ ਹੱਡੀ ਦੇ ਥੱਲੇ ਹੈ, ਪੇਲਵਿਕ ਪਲੇਕਸਸ (pelveic Plexus) ਦੇ ਬਰਾਬਰ ਹੈ, ਸਵਾਦਿਸ਼ਠਾਨ ਚੱਕਰ (Hypogastric plexus) ਉਪਸਥਿਤ ਇੰਦ੍ਰਾ (ਲਿੰਗ) ਵਿਚ ਹੈ, ਮਣੀਪੂਰਕ ਚੱਕਰ (Epigastric plexus) ਅਥਵਾ Solar Plexus ਇਹ ਨਾਭੀ ਦੇ ਵਿਚ ਸਥਿਤ ਹੈ, ਅਨਾਹਤ ਚੱਕਰ (Cardiac plexus) ਇਹ ਹਿਰਦੇ ਵਿਚ ਸਥਿਤ ਹੈ, ਵਿਸ਼ੁਧ ਚੱਕਰ (Carolid plexus) Or (Pharyngeal plexus), ਆਗਿਆ ਚੱਕਰ (Nasocilicry plexus) or Medula plexus) ਅਤੇ ਸਹੰਸਰਾਰ ਚੱਕਰ ਜਾਂ ਦਸਮ ਦੁਆਰ। ਸੁਖਮਨਾ ਦਾ ਅੰਦਰ ਦਾ ਭਾਗ ਆਗਿਆ ਚੱਕਰ ਵਿਚੋਂ ਲੰਘਦਾ ਹੈ ਅਤੇ ਬਾਹਰ ਵਾਲਾ ਭਾਗ ਸਿਰ ਦੇ ਪਿਛਲੇ ਭਾਗ ਤੋਂ ਲੰਘਦਾ ਹੈ ਤੇ ਇਹ ਦੋਨੋਂ ਹੀ ਬ੍ਰਹਮਰੰਦ੍ਰ ਭਾਵ ਦਸਮ ਦੁਆਰ ਵਿਚ ਮਿਲਦੇ ਹਨ।

ਆਧੁਨਿਕ ਵਿਗਿਆਨਕਾਂ ਨੇ ਬਹੁਤ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਨਾੜੀਆਂ ਨੂੰ ਸਰੀਰ ਬਣਤਰ ਵਿਗਿਆਨ ਰਾਹੀਂ ਜਾਂਚਿਆ ਜਾਵੇ ਪਰ ਉਨ੍ਹਾਂ ਨੂੰ ਇਨ੍ਹਾਂ ਨਾੜੀਆਂ ਬਾਰੇ ਕੁਝ ਵੀ ਪਤਾ ਨਹੀਂ ਲਗ ਸਕਿਆ। ਯੋਗ ਦਾ ਸਰੀਰ ਵਿਗਿਆਨ ਬਹੁਤ ਹੀ ਉਚਿਤ ਹੈ, ਬਹੁਤ ਹੀ ਠੀਕ ਹੈ। ਜਿਹੜੇ ਠੀਕ ਤਰੀਕੇ ਨਾਲ ਇਸ ਦਾ ਅਭਿਆਸ ਕਰਦੇ ਹਨ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਯੋਗ ਸਰੀਰ ਦੇ ਅੰਦਰ ਦੇ ਬਾਰੇ ਵਧੇਰੇ ਜਾਣਕਾਰੀ ਦਿੰਦਾ ਹੈ, ਅੱਜ ਦਾ ਵਿਗਿਆਨ ਵੀ ਸਾਨੂੰ ਐਨੀ ਜਾਣਕਾਰੀ ਨਹੀਂ ਦੇ ਸਕਿਆ। ਇਹ ਜ਼ਰੂਰ ਸੱਚ ਹੈ ਕਿ ਪੁਰਾਤਨ ਸਮੇਂ ਦੀਆਂ ਨਾੜੀਆਂ ਤੇ ਚੱਕਰਾਂ ਦੀ ਵਿਆਖਿਆ ਅੱਜ ਦੇ ਸਰੀਰ ਰਚਨਾ ਵਿਗਿਆਨ ਨਾਲ, ਨਾੜੀਆਂ ਨਾਲ ਅਤੇ plexus ਨਾਲ ਬਿਲਕੁਲ ਮੇਲ ਖਾਂਦੀ ਹੈ। ਕਈ ਵਿਗਿਆਨਕਾਂ ਨੇ ਦੋਨਾਂ ਪ੍ਰਣਾਲੀਆਂ ਦੀ ਸਮਾਨਤਾ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਐਸਾ ਕਰਨ ਤੋਂ ਭਾਵ ਹੈ ਕਿ ਨਾੜੀਆਂ ਤੇ plexuses ਸਾਡੇ ਸਰੀਰ ਨਾਲ ਸਬੰਧਤ ਹਨ, ਨਾੜੀਆਂ ਤੇ ਚੱਕਰਾਂ ਦਾ ਸਬੰਧ ਸਾਡੇ ਸੂਖਮ ਸਰੀਰ ਨਾਲ ਹੈ। ਇਹ ਕਿਹਾ ਜਾ ਸਕਦਾ ਹੈ ਕਿ ਨਾੜੀਆਂ ਤੇ ਚੱਕਰ ਸੂਖਮ ਸਰੀਰ ਦੇ ਭਾਗ ਹਨ। ਪ੍ਰਾਣਾਂ ਦਾ ਵਹਾਅ ਨਾੜੀਆਂ ਅਤੇ ਚੱਕਰਾਂ ਵਿਚੋਂ ਸੂਖਮ ਵਹਾਅ ਹੈ, ਜਦੋਂ ਕਿ ਬਾਹਰੀ ਸਰੀਰ ਦੀਆਂ

'ਆਤਮ ਮਾਰਗ', ਫਰਵਰੀ, 2000



Sri Satguru Jagjit Singh Ji eLibrary NamdhariElibrary@gmail.com

ਨਾੜੀਆਂ ਦਾ ਵਹਾਅ ਆਪਣਾ ਹੈ। ਯੋਗੀਆਂ ਨੇ ਸਰੀਰ ਦੀ ਕੋਈ ਚੀਰ ਫਾੜ ਕਰਕੇ ਇਨ੍ਹਾਂ ਨਾੜੀਆਂ ਤੇ ਚੱਕਰਾਂ ਦਾ ਗਿਆਨ ਪ੍ਰਾਪਤ ਨਹੀਂ ਕੀਤਾ। (ਇਨ੍ਹਾਂ ਨੂੰ ਜਾਨਣ ਲਈ ਸਰੀਰ ਦੀ ਚੀਰ ਫਾੜ ਬੇਅਰਥ ਹੈ) ਉਨ੍ਹਾਂ ਨੇ ਤਾਂ ਨਾੜੀਆਂ ਅਤੇ ਚੱਕਰਾਂ ਦਾ ਜਾਲ ਕੇਵਲ ਪ੍ਰਾਣਾਂ ਦੇ ਪ੍ਰਵਾਹ ਤੋਂ ਹੀ ਕੀਤਾ, ਇਸ ਲਈ ਉਨ੍ਹਾਂ ਨੇ ਕੇਵਲ ਆਤਮ ਚਿੰਤਨ ਨਾਲ ਹੀ ਕੀਤਾ ਹੈ, ਅਨੁਭਵ ਨਾਲ ਹੀ ਕੀਤਾ ਹੈ।

ਸਾਡਾ ਸਰੀਰ ਨਾੜੀਆਂ ਦੇ ਦੁਆਲੇ ਹੀ ਲਪੇਟਿਆ ਹੋਇਆ ਹੈ ਤੇ ਸਰੀਰ ਦਾ ਅਧਾਰ ਪ੍ਰਾਣ ਹਨ ਜਿਹੜੇ ਇਨ੍ਹਾਂ ਨਾੜੀਆਂ ਵਿਚੋਂ ਜਾਂਦੇ ਹਨ, ਇਨ੍ਹਾਂ ਨਾਲ ਹੀ ਸ਼ਕਤੀ ਦਾ ਪ੍ਰਵਾਹ ਹੁੰਦਾ ਹੈ। ਇਕ ਆਮ ਮਨੁੱਖ ਵਿਚ ਗਤੀਸ਼ੀਲ ਤੇ ਸਿਰਜਨਾਤਮਕ ਗੁਣ ਅਤਿਸੂਖਮ ਬਹੁਤ ਹੀ ਥੋੜ੍ਹੀ ਮਾਤਰਾ ਵਿਚ ਪ੍ਰਗਟ ਹੁੰਦੇ ਹਨ। ਇਸ ਦਾ ਬਹੁਤ ਸਾਰਾ ਭਾਗ ਇਕ ਬੀਜ ਰੂਪ ਵਿਚ ਇਕ ਪੁਟੈਂਸ਼ਲ ਵਿਚ ਹੀ ਰਹਿੰਦਾ ਹੈ, ਯੋਗ ਸ਼ਾਸਤਰਾਂ ਵਿਚ ਇਸ ਗੁੱਝੀ ਸ਼ਕਤੀ ਨੂੰ ਕੁੰਡਲਨੀ ਕਿਹਾ ਗਿਆ ਹੈ ਜੋ ਕਿ ਸੱਪ ਦੀ ਤਰ੍ਹਾਂ ਲਪੇਟਾ ਮਾਰ ਕੇ ਰੀੜ੍ਹ ਦੀ ਹੱਡੀ ਦੇ ਥੱਲੇ ਮੂਲਧਾਰ ਚੱਕਰ ਵਿਚ ਸਥਿਤ ਹੈ। ਆਮ ਮਨੁੱਖ ਵਿਚ ਸ਼ਕਤੀ ਦਾ ਪ੍ਰਵਾਹ ਇੜਾ ਪਿੰਗਲਾ ਵਿਚੋਂ ਹੀ ਹੁੰਦਾ ਹੈ, ਸੁਖਮਨਾ ਵਿਚੋਂ ਨਹੀਂ ਕਿਉਂਕਿ ਇਹ ਤਾਂ ਮੂਲਧਾਰ ਚੱਕਰ ਵਿਚ ਰੀੜ੍ਹ ਦੀ ਹੱਡੀ ਦੇ ਥੱਲੇ ਬੰਦ ਪਈ ਹੈ।

ਪ੍ਰਾਣਾਯਾਮ ਨਾਲ ਇੜਾ, ਪਿੰਗਲਾ ਤੋਂ ਸ਼ਕਤੀ ਖਿੱਚ ਕੇ ਸੁਖਮਨਾ ਨੂੰ ਖੋਲ੍ਹਣ ਲਈ ਲਗਾਈ ਜਾਂਦੀ ਹੈ ਅਤੇ ਪ੍ਰਾਣਾਂ ਦਾ ਪ੍ਰਵਾਹ ਸੁਖਮਨਾ ਵਿਚੋਂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਯੋਗੀ ਬਹੁਤ ਹੀ ਅਨੰਦ ਮਾਣਦਾ ਹੈ ਤੇ ਹਰ ਤਰ੍ਹਾਂ ਨਾਲ ਮੁਕਤ ਹੋ ਜਾਂਦਾ ਹੈ। ਸੁਖਮਨਾ ਨੂੰ ਖੋਲ੍ਹ ਕੇ, ਯੋਗੀ ਮੂਲਧਾਰ ਚੱਕਰ 'ਚੋਂ ਸੱਪ ਦਾ ਲਪੇਟਾ ਖੋਲ੍ਹਣ ਦੀ ਕੋਸ਼ਿਸ਼ ਕਰਦਾ ਹੈ ਤੇ ਸ਼ਕਤੀ ਉਪਰ ਖਿਚਦਾ ਹੈ ਤੇ ਸੁਖਮਨਾ ਦੇ ਨਾਲ ਲੈ ਜਾਂਦਾ ਹੈ ਤੇ ਸਾਰੇ ਚੱਕਰ ਵਿੰਨ੍ਹਦਾ ਚਲਾ ਜਾਂਦਾ ਹੈ ਤੇ ਅੰਤ ਵਿਚ ਸਤਵੇਂ ਚੱਕਰ ਤੇ ਪਹੁੰਚਦਾ ਹੈ ਜਿਸ ਨੂੰ ਸਹੰਸਰਾਰ ਚੱਕਰ ਕਹਿੰਦੇ ਹਨ। ਇਹ ਹਜ਼ਾਰ ਪੱਤੀਆਂ ਵਾਲਾ ਕਮਲ ਹੈ, ਤੇ ਸਿਰ ਦੇ ਵਿਚ ਹੈ – ਬਿਲਕੁਲ ਉਪਰ, ਇਸ ਤਰ੍ਹਾਂ ਸੁੱਤੀ ਸ਼ਕਤੀ ਜਗਾਉਣ ਜਾਂ ਸਹੰਸਰਾਰ ਚੱਕਰ ਵਿਚ ਪਹੁੰਚਣ ਤੋਂ ਭਾਵ ਹੈ – ਵਿਸ਼ਵ ਸ਼ਕਤੀ ਨਾਲ ਜੁੜਨਾ, ਵਿਸ਼ਵ ਚੇਤਨਤਾ ਨਾਲ ਜੁੜਨਾ, ਇਸ ਜੁੜਨ ਨਾਲ ਯੋਗੀ ਮੁਕਤ ਹੋ ਜਾਂਦਾ ਹੈ, ਸੁਖ ਦੁਖ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ, ਸੰਤਾਪ ਤੋਂ ਮੁਕਤ ਹੋ ਜਾਂਦਾ ਹੈ, ਉਸ ਦੀ ਆਤਮਾ ਦਾ ਮਿਲਾਪ ਪ੍ਰਮਾਤਮਾ ਨਾਲ ਹੋ ਜਾਂਦਾ ਹੈ, ਬ੍ਰਹਮਲੀਨ ਹੋ ਜਾਂਦਾ ਹੈ।

ਪ੍ਰਾਣਾਯਾਮ, ਰਾਜ ਯੋਗ ਦੀ ਪੌੜੀ ਦਾ ਇਕ ਬਹੁਤ ਹੀ ਮਹੱਤਵਪੂਰਨ ਡੰਡਾ ਹੈ। ਪਿਛਲੇ ਚਾਰ ਡੰਡੇ ਇਸ ਤਰ੍ਹਾਂ ਹਨ – ਹੱਠ ਯੋਗ ਜਾਂ ਸਰੀਰ ਦਾ ਯੋਗ, ਰਾਜ ਯੋਗ, ਪਹਿਲੇ ਚਾਰ ਡੰਡੇ ਹਨ ਯਮ, ਭਾਵ ਨਿਅੰਤਰਣ ਰਖਣਾ, ਨਿਯਮ, ਆਸਨ ਕਰਨੇ, ਯੋਗ ਆਸਨਾਂ ਦਾ ਨਿਯਮ ਰੱਖਣਾ, ਪ੍ਰਾਣਾਯਾਮ। ਚਾਰ ਉਪਰ ਵਾਲੇ ਡੰਡੇ ਹਨ, ਪ੍ਰਤੀਹਾਰ, ਇੰਦ੍ਰੀਆਂ ਦਾ ਕੰਟਰੋਲ ਕਰਨਾ ਭਾਵ ਇਕਾਗਰਤਾ, ਧਿਆਨ, ਸਿਮਰਨ ਅਤੇ ਸਮਾਧੀ ਜਿਸ ਨੂੰ ਅਸੀਂ ਪਰਾ ਚੇਤਨਤਾ ਕਹਿੰਦੇ ਹਾਂ, ਉਹ ਅਵਸਥਾ ਜਿਥੇ ਪਹੁੰਚ ਕੇ ਮਰਨ ਜੰਮਣ ਤੋਂ ਮੁਕਤ ਹੋ ਜਾਈਦਾ ਹੈ।

ਸ੍ਵਾਸਾਂ ਤੇ ਕਾਬੂ ਪਾ ਕੇ ਨਾੜੀਆਂ ਨੂੰ ਸ਼ਾਂਤ ਕਰਨ ਲਈ, ਮਨ ਨੂੰ ਕੰਟਰੋਲ ਕਰਨਾ ਅਤਿ ਜ਼ਰੂਰੀ ਹੈ। ਪ੍ਰਾਣਾਂ ਨੂੰ ਆਪਣੇ ਅਧੀਨ ਕਰਨ ਲਈ ਮਨ ਨੂੰ ਕਾਬੂ ਕਰਨਾ ਬਹੁਤ ਹੀ ਅਵਸ਼ੱਕ ਹੈ। ਇਕ ਯੋਗੀ ਲਈ ਸਰੀਰ, ਸ੍ਵਾਸ, ਨਾੜੀਆਂ, ਮਨ, ਪ੍ਰਾਣ, ਵਿਸ਼ਵ ਇਹ ਸਭ ਇਕ ਹੀ ਚੀਜ਼ ਦੇ ਵੱਖ-ਵੱਖ ਭਾਗ ਹਨ ਅਤੇ ਯੋਗੀ ਇਨ੍ਹਾਂ ਨੂੰ ਵੰਡਦਾ ਨਹੀਂ, ਨਖੇੜਦਾ ਨਹੀਂ। ਪੱਛਮੀ ਵਿਚਾਰ ਅਨੁਸਾਰ ਵੰਡ ਕਰਨ ਨੂੰ ਹੀ ਠੀਕ ਸਮਝਿਆ ਜਾਂਦਾ ਹੈ ਅਤੇ ਸਰੀਰ ਵਿਗਿਆਨ ਅਤੇ ਮਨੋਵਿਗਿਆਨ ਵੱਖ-ਵੱਖ ਵਿਸ਼ੇ ਹੀ ਬਣਾ ਲਏ ਗਏ ਹਨ। ਹੁਣੇ ਜਿਹੇ ਹੀ ਵਿਗਿਆਨਕਾਂ ਨੇ ਇਹ ਮੰਨਿਆ ਹੈ ਕਿ ਸਰੀਰ ਅਤੇ ਮਨ ਦਾ ਆਪਸੀ ਸਬੰਧ ਹੈ ਅਤੇ ਮਨੋ-ਸਰੀਰਕ ਰੋਗ ਵੀ ਹੁੰਦੇ ਹਨ ਅਤੇ ਇਹ ਅੱਜ ਦਾ ਬਹੁਤ ਹੀ ਮਹੱਤਵਪੂਰਨ ਵਿਸ਼ਾ ਬਣ ਚੁੱਕਾ ਹੈ।

ਯੋਗ ਅਨੁਸਾਰ ਅਤੇ ਪ੍ਰਾਣਾਯਾਮ ਵਿਗਿਆਨ ਅਨੁਸਾਰ, ਕੋਈ ਰੋਗ ਉਦੋਂ ਉਤਪੰਨ ਹੁੰਦਾ ਹੈ, ਜਦੋਂ ਪ੍ਰਾਣ ਸ਼ਕਤੀ ਦੇ ਪ੍ਰਵਾਹ ਦਾ ਸੰਤੁਲਨ ਵਿਗੜਦਾ ਹੈ (ਭਾਵ ਸਰੀਰ ਤੇ ਮਾਨਸਿਕ ਸ਼ਕਤੀ ਦੋਨਾਂ ਦਾ ਅਧਾਰ ਪ੍ਰਾਣ ਹਨ) ਸਰੀਰ ਅਤੇ ਮਨ ਦਾ ਪਰਸਪਰ ਪ੍ਰਭਾਵ ਵਧੇਰੇ ਰਹਿੰਦਾ ਹੈ, ਅਸੀਂ ਸ਼ਾਇਦ ਐਨਾ ਸੋਚਦੇ ਨਹੀਂ ਜਿੰਨਾ ਅਜਿਹਾ ਹੈ। ਅਸੀਂ ਇਸ ਦੀਆਂ ਬਹੁਤ ਮਿਸਾਲਾਂ ਦੇਖਦੇ ਹਾਂ, ਖਾਣਾ ਪੇਟ ਵਿਚ ਜਾ ਕੇ ਵੱਖ ਵੱਖ ਰਸਾਂ ਨਾਲ ਮਿਲ ਜਾਂਦਾ ਹੈ। ਜਿਹੜੀ ਕ੍ਰਿਆ ਖਾਣੇ ਨੂੰ ਹਜ਼ਮ ਹੋਣ ਵਿਚ ਸਹਾਇਕ ਹੁੰਦੀ ਹੈ, ਉਸ ਉਤੇ ਭਾਵਨਾਵਾਂ ਦਾ, ਸੰਵੇਗਾਂ ਦਾ ਬਹੁਤ ਪ੍ਰਭਾਵ ਪੈਂਦਾ ਹੈ ਜਿਵੇਂ ਕਿ ਗੁੱਸੇ ਦਾ, ਡਰ ਦਾ, ਚਿੰਤਾ ਦਾ। ਦੂਸਰੀ ਮਿਸਾਲ ਜਿਹੜੀ ਬਹੁਤ ਹੀ ਮਹੱਤਵਪੂਰਨ ਹੈ ਜੋ ਮਨ ਤੇ ਸਰੀਰ ਦੇ ਪਰਸਪਰ ਪ੍ਰਭਾਵ ਕਾਰਣ ਹੈ ਉਹ ਹੈ ਸੰਵੇਗਾਂ ਦਾ ਸ੍ਵਾਸ ਤੇ ਪ੍ਰਭਾਵ। ਜਦੋਂ ਤੁਸੀਂ ਡਰ ਜਾਂਦੇ ਹੋ ਸ੍ਵਾਸ ਬੜੇ ਹੀ ਓਪਰੇ ਹੋ ਜਾਂਦੇ ਹਨ ਤੇ ਛੇਤੀਂ ਛੇਤੀਂ ਆਉਣ ਲਗ ਪੈਂਦੇ ਹਨ; ਜਦੋਂ ਉਦਾਸ ਹੋਵੋਂ, ਢਹਿੰਦੀ ਕਲਾ ਵਿਚ ਹੋਵੋ, ਸ੍ਵਾਸ ਬਹੁਤ ਭਾਰੇ ਤੇ ਔਖੇ ਹੋ ਜਾਂਦੇ ਹਨ।

ਮਨੋਵਿਗਿਆਨਕਾਂ ਨੇ ਇਹ ਸਿੱਧ ਕੀਤਾ ਹੈ ਕਿ ਮਨੁੱਖ ਦੇ ਵਿਅਕਤੀਤ੍ਵ ਅਤੇ ਸ੍ਵਾਸਾਂ ਦਾ ਬਹੁਤ ਹੀ ਗਹਿਰਾ ਸਬੰਧ ਹੈ। ਯੋਗ ਵਿਚ ਇਸ ਸਬੰਧ ਨੂੰ ਮੁੱਖ ਰੱਖਿਆ ਗਿਆ ਹੈ, ਯੋਗ ਵਿਚ ਦਸਿਆ ਗਿਆ ਹੈ ਕਿ ਸ੍ਵਾਸਾਂ ਦਾ ਤੇ ਮਨ ਦਾ ਸਬੰਧ ਪਰਸਪਰ ਹੈ। ਜੇ ਮਨ ਦੀ ਸਥਿਤੀ ਇਕ ਪ੍ਰਕਾਰ ਦੇ ਸ੍ਵਾਸਾਂ ਨੂੰ ਜਨਮ ਦਿੰਦੀ ਹੈ, ਤਾਂ ਇਹ ਉਲਟ ਵੀ ਹੋ ਸਕਦਾ ਹੈ, ਭਾਵ ਉਸ ਤਰ੍ਹਾਂ ਨਾਲ ਸ੍ਵਾਸ ਲੈਣ ਨਾਲ ਉਸ ਤਰ੍ਹਾਂ ਦੀ ਮਾਨਸਿਕ ਸਥਿਤੀ ਉਤਪੰਨ ਹੋ ਜਾਂਦੀ ਹੈ। ਚੇਤਨ ਤੌਰ ਤੇ ਇਹ ਕੀਤਾ ਜਾ ਸਕਦਾ ਹੈ। ਵਿਅਕਤੀਤ੍ਵ ਦਾ ਸ੍ਵਾਸਾਂ ਨਾਲ ਇਕ ਸਿੱਧਾ ਸਬੰਧ ਹੈ ਤਾਂ ਯੋਗੀਆਂ ਦਾ ਕਹਿਣਾ ਹੈ ਕਿ ਸ੍ਵਾਸਾਂ ਨੂੰ ਬਦਲ ਕੇ ਵਿਅਕਤੀਤ੍ਵ ਬਦਲਿਆ ਜਾ ਸਕਦਾ ਹੈ, ਜਦੋਂ ਮਨ ਅਸ਼ਾਂਤ ਹੁੰਦਾ ਹੈ ਸ੍ਵਾਸ ਉਖੜ ਜਾਂਦੇ ਹਨ, ਓਪਰੇ ਹੋ ਜਾਂਦੇ ਹਨ, ਛੇਤੀ ਚੱਲਣ ਲਗ



Sri Satguru Jagjit Singh Ji eLibrary NamdhariElibrary@gmail.com

ਪੈਂਦੇ ਹਨ, ਬੇਤਰਤੀਬੇ ਹੋ ਜਾਂਦੇ ਹਨ, ਚੇਤਨ ਹੋ ਕੇ ਡੂੰਘੇ ਸੁਆਸ ਲੈਣਾ, ਸੁਆਸਾਂ ਨੂੰ ਇਕਸਾਰ ਕਰਨਾ, ਨਿਯਮਬੱਧ ਕਰਨਾ, ਤੁਸੀਂ ਦੇਖੋਗੇ ਤੁਸੀਂ ਅਨੁਭਵ ਕਰੋਗੇ, ਮਾਨਸਿਕ ਤਣਾਅ ਕਿਸ ਤਰ੍ਹਾਂ ਘਟ ਜਾਂਦਾ ਹੈ, ਮਨ ਕਿਸ ਤਰ੍ਹਾਂ ਸ਼ਾਂਤ ਹੋ ਜਾਂਦਾ ਹੈ।

ਸੁਆਸ ਲੈਣੇ ਸਰੀਰ ਦਾ ਇਕ ਬਹੁਤ ਮਹੱਤਵਪੂਰਨ ਕਾਰਜ ਹੈ, ਸੁਆਸ ਸ਼ਕਤੀ ਦਾ ਸਰੋਤ ਹਨ, ਸ਼ਕਤੀ ਜੀਵਨ ਹੈ ਜਿਵੇਂ ਕਿ ਘੜੀ ਦਾ ਸਪਰਿੰਗ। ਪਰ ਬਹੁਤ ਸਾਰੇ ਲੋਕ ਇਸ ਗੱਲ ਤੋਂ ਜਾਣੂੰ ਨਹੀਂ ਹਨ ਕਿ ਸੁਆਸ ਦੋਨੋਂ ਨਾਸਿਕਾ ਤੋਂ ਇਕ ਸਾਰ ਨਹੀਂ ਚਲਦਾ, ਬਹੁਤ ਵਾਰੀ ਇਕ ਨਾਸਿਕਾ ਵਿਚੋਂ ਸੁਆਸ ਆ ਜਾ ਰਹੇ ਹੁੰਦੇ ਹਨ, ਬਹੁਤ ਵਾਰੀ ਇਕ ਨਾਸਿਕਾ ਵਧੇਰੇ ਸੁਸਤ ਹੁੰਦੀ ਹੈ; ਇਸ ਦਾ ਕਾਰਣ ਇਹ ਹੁੰਦਾ ਹੈ ਕਿ ਦੋਨੋਂ ਨਾਸਿਕਾ ਵਿਚ ਟਰਬੀਨੇਟਸ ਹਨ ਜਿਵੇਂ ਕਿ ਅਸੀਂ ਪਿਛੇ ਪੜ੍ਹ ਆਏ ਹਾਂ, ਇਹ ਟਰਬੀਨੇਟਸ ਹੀ ਹਵਾ ਨੂੰ ਅੰਦਰ ਲੈ ਜਾਣ ਦੀ ਕ੍ਰਿਆ ਨਿਯਮਬੱਧ ਕਰਦੀਆਂ ਹਨ, ਇਹ ਟਰਬੀਨੇਟਸ ਚਿਪਚਿਪੀ ਚਾਦਰ ਨਾਲ ਢਕੀਆਂ ਹੋਈਆਂ ਹਨ, ਇਹ ਚਿਪਚਿਪੀ ਚਾਦਰ ਛੋਟੇ-ਛੋਟੇ ਟਿਸ਼ੂਆਂ ਦੀ ਬਣੀ ਹੋਈ ਹੈ। ਜੇ ਇਹ ਟਰਬੀਨੇਟਸ ਸੁੱਜ ਜਾਣ ਤਾਂ ਅੰਦਰ ਦੀ ਹਵਾ ਦਾ ਰੁਖ ਬਦਲ ਜਾਂਦਾ ਹੈ ਤੇ ਹਵਾ ਦੇ ਆਉਣ ਜਾਣ ਵਿਚ ਰੁਕਾਵਟ ਪੈ ਜਾਂਦੀ ਹੈ, ਨਾਸਕਾ ਵਿਚੋਂ ਹਵਾ ਦਾ ਆਉਣ ਜਾਣ ਦਾ ਨਿਯਮ ਭੰਗ ਹੋ ਜਾਂਦਾ ਹੈ। ਯੋਗ ਦੀ ਸ਼ੈਲੀ ਦਾ ਇਕ ਇਹ ਵੀ ਕਰਤੱਵ ਹੈ ਕਿ ਹਵਾ ਦੇ ਪ੍ਰਵਾਹ ਨੂੰ ਸੰਤੁਲਨ ਵਿਚ ਲਿਆਂਦਾ ਜਾਵੇ ਤਾਂ ਜੋ ਇੜਾ ਪਿੰਗਲਾ ਵਿਚੋਂ ਸ਼ਕਤੀ ਖਿੱਚੀ ਜਾਵੇ ਤੇ ਸੁਖਮਨਾ ਨੂੰ ਖੋਲ੍ਹਿਆ ਜਾਵੇ। ਅੱਗੇ ਚੱਲ ਕੇ ਅਸੀਂ ਨਾੜੀ ਸ਼ੋਧਨ ਦੀ ਵਿਧੀ ਦੇਖਾਂਗੇ, ਨਾੜੀਆਂ ਨੂੰ ਸਾਫ ਕਰਨ ਦੀ ਵਿਧੀ ਦੇਖਾਂਗੇ। ਇਸ ਦਾ ਅਭਿਆਸ ਕਰਨ ਨਾਲ ਦੋਨੋਂ ਨਾਸਿਕਾ ਵਿਚੋਂ ਸੁਆਸ ਇਕ ਸਾਰ ਆਉਣ ਜਾਣ ਲਗ ਪੈਂਦਾ ਹੈ, ਇਸ ਤਰ੍ਹਾਂ ਕਰਨ ਨਾਲ ਸੁਖਮਨਾ ਨਾੜੀ ਖੁਲ੍ਹ ਜਾਂਦੀ ਹੈ। ਸੁਆਸ ਦੇ ਦੋਨੋਂ ਨਾਸਿਕਾ ਵਿਚੋਂ ਇਕ ਸਾਰ ਚੱਲਣ ਨਾਲ ਮਨ ਸ਼ਾਂਤ ਹੋ ਜਾਂਦਾ ਹੈ, ਡੂੰਘੀ ਸਮਾਧੀ ਵਿਚ ਦੋਨੋਂ ਨਾਸਿਕਾ ਵਿਚੋਂ ਹਵਾ ਇਕ ਸਾਰ ਹੀ ਅੰਦਰ ਆਉਂਦੀ ਜਾਂਦੀ ਹੈ।

## ਜਲ ਨੇਤੀ

ਸੁਆਸਾਂ ਨੂੰ ਦੋਨੋਂ ਨਾਸਿਕਾ ਤੋਂ ਇਕਸਾਰ ਕਰਨ ਲਈ ਸਭ ਤੋਂ ਪਹਿਲਾਂ ਲੋੜ ਹੈ ਨਾਸਿਕਾ ਨੂੰ ਸਾਫ ਕਰਨ ਦੀ। ਇਸ ਲਈ ਯੋਗ ਗ੍ਰੰਥਾਂ ਵਿਚ ਜਲ ਨੇਤੀ ਦੀ ਵਿਧੀ ਦੱਸੀ ਗਈ ਹੈ, ਭਾਵ ਪਾਣੀ ਨਾਲ ਨਾਸਿਕਾ ਦੀ ਸਫਾਈ ਕਰਨੀ। ਕੋਸਾ ਪਾਣੀ ਲੈ ਕੇ ਮਾਮੂਲੀ ਜਿਹਾ ਲੂਣ ਪਾ ਕੇ ਨੇਤੀ ਕਰਨ ਦੇ ਭਾਂਡੇ ਵਿਚ ਪਾਇਆ ਜਾਂਦਾ ਹੈ (ਇਸ ਲਈ ਖਾਸ ਕਿਸਮ ਦਾ ਕੱਪ ਹੁੰਦਾ ਹੈ) ਇਕ ਨਾਸਿਕਾ ਵਿਚ ਪਾਣੀ ਪਾਇਆ ਜਾਂਦਾ ਹੈ ਤੇ ਸਿਰ ਨੂੰ ਦੂਸਰੇ ਪਾਸੇ ਨਿਵਾ ਦਿਤਾ ਜਾਂਦਾ ਹੈ ਤਾਂ ਜੋ ਇਕ ਨਾਸਿਕਾ ਵਿਚ ਪਾਉਣ ਨਾਲ ਦੂਸਰੀ ਵਿਚੋਂ ਸੌਖੀ ਤਰ੍ਹਾਂ ਪਾਣੀ ਨਿਕਲ ਸਕੇ। ਇਹ ਲੂਣਾ ਪਾਣੀ ਕੇਵਲ ਮਿੱਟੀ ਤੇ ਬਲਗਮ ਹੀ ਨਹੀਂ ਕੱਢਦਾ, ਇਹ ਟਰਬੀਨੇਟਸ ਵਿਚ ਜਮ੍ਹਾਂ ਹੋਇਆ ਪਾਣੀ ਵੀ ਕੱਢ ਦਿੰਦਾ ਹੈ। ਇਸ ਤਰ੍ਹਾਂ ਕਰਨ ਨਾਲ ਸਾਈਨਸ ਵੀ ਸਾਫ ਹੋ ਜਾਂਦੇ ਹਨ। ਜੇ ਪਹਿਲਾਂ ਖੱਬੀ ਨਾਸਿਕਾ ਵਿਚੋਂ ਪਾਣੀ ਪਾ ਕੇ ਸੱਜੀ ਵਿਚੋਂ ਕੱਢਿਆ ਜਾਵੇ, ਇਸ ਤਰ੍ਹਾਂ ਕਰਨ ਨਾਲ ਸਫਾਈ ਪੂਰੀ ਤਰ੍ਹਾਂ ਹੋ ਜਾਂਦੀ ਹੈ। ਇਸ ਤਰ੍ਹਾਂ ਕਰਨ ਲਈ ਵਿਅਕਤੀਗਤ ਸਿਖਿਆ ਲੈਣੀ ਹੀ ਠੀਕ ਹੋਵੇਗੀ। ਨੇਤੀ ਰੋਜ਼ ਕਰਨ ਨਾਲ ਨਾਸਿਕਾ ਦਾ ਗੰਦ ਸਾਫ ਹੁੰਦਾ ਰਹਿੰਦਾ ਹੈ, ਸਾਇਨਸ ਖੁਲ੍ਹ ਜਾਂਦਾ ਹੈ, ਜ਼ੁਕਾਮ ਨਹੀਂ ਹੁੰਦਾ, ਗਲੇ ਤੇ ਨੱਕ ਦੀ ਕੋਈ ਬਿਮਾਰੀ ਲਗਣੀ ਬਹੁਤ ਘਟ ਜਾਂਦੀ ਹੈ।

## ਸੂਤਰ ਨੇਤੀ

ਇਸ ਅਭਿਆਸ ਵਿਚ ਰਬੜ ਦੀ ਇਕ ਨਾਲੀ ਨਾਲ ਸੂਤਰ ਨੂੰ ਬੰਨ੍ਹ ਕੇ ਨਾਸਿਕਾ ਰਾਹੀਂ ਅੰਦਰ ਲੈ ਕੇ ਮੂੰਹ ਰਾਹੀਂ ਬਾਹਰ ਕੱਢਿਆ ਜਾਂਦਾ ਹੈ। ਕਈ ਵਾਰੀ ਜੇ ਰਬੜ ਦੀ ਨਾਲੀ ਨਾ ਮਿਲੇ ਤਾਂ ਸੂਤੜੀ ਦੇ ਕੰਢੇ ਨੂੰ ਮੋਮ ਲਾ ਕੇ ਸਖਤ ਕਰ ਲਿਆ ਜਾਂਦਾ ਹੈ, ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਵਰਤਣ ਤੋਂ ਪਹਿਲਾਂ ਸੋਧ ਲੈਣਾ sterilise ਕਰ ਲੈਣਾ ਬਹੁਤ ਅਵਸ਼ਕ ਹੈ, ਇਸ ਦੀ ਵਰਤੋਂ ਕਰਨ ਤੋਂ ਪਹਿਲਾਂ ਕਿਸੇ ਚੰਗੇ ਯੋਗੀ ਤੋਂ, ਅਧਿਆਪਕ ਤੋਂ ਇਹ ਸਿਖਣਾ ਜ਼ਰੂਰੀ ਹੈ।

ਇਸ ਅਭਿਆਸ ਨਾਲ ਨਾਸਿਕਾ ਦੀ ਸਫਾਈ ਚੰਗੀ ਤਰ੍ਹਾਂ ਹੋ ਜਾਂਦੀ ਹੈ, ਚਿਪ-ਚਿਪੀ ਚਾਦਰ ਦੀ ਚੰਗੀ ਤਰ੍ਹਾਂ ਸਫਾਈ ਹੁੰਦੀ ਹੈ ਤੇ ਇਹ ਅੱਖਾਂ ਲਈ ਬਹੁਤ ਹੀ ਲਾਭਦਾਇਕ ਹੈ।

**LLLLLL**


### ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ –** – 6, 13, 20, 27 ਫਰਵਰੀ, ਰਤਵਾੜਾ ਸਾਹਿਬ, ਸਮਾਂ ਸਵੇਰੇ 12.00 ਵਜੇ ਤੋਂ ਬਾਅਦ ਦੁਪਿਹਰ 4.00 ਵਜੇ ਤੱਕ

**ਪੂਰਨਮਾਸ਼ੀ –** 19 ਫਰਵਰੀ, ਦਿਨ ਸ਼ਨੀਵਾਰ ਰਤਵਾੜਾ ਸਾਹਿਬ। (ਸਮਾਂ – ਦੁਪਹਿਰ 12.00 ਵਜੇ ਤੋਂ ਸ਼ਾਮ 4.00 ਵਜੇ ਤਕ)

**ਸੰਗਰਾਂਦ –** 13 ਫਰਵਰੀ, ਦਿਨ ਐਤਵਾਰ, ਰਤਵਾੜਾ ਸਾਹਿਬ (ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ –** 5 ਫਰਵਰੀ, ਦਿਨ ਸ਼ਨੀਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ

(ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਮਹੀਨੇ ਦਾ ਆਖਰੀ ਸ਼ਨੀਵਾਰ** – 26 ਫਰਵਰੀ, ਡੇਰਾ ਹਿਰਦਾਪੁਰ ਚੰਗਰ, ਜ਼ਿਲਾ ਰੋਪੜ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ –** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।





Sri Satguru Jagjit Singh Ji eLibrary NamdhariElibrary@gmail.com

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

***ਮੂਲ ਲੇਖਕ – ਡਾ. ਸਵਾਮੀ ਰਾਮ ਜੀ***

***ਅਨੁਵਾਦਕ – ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ – 16)*

16. ਹੇ ਅਰਜਨ! ਭੁੱਲੇ ਆਦਮੀ ਜੋ ਮੈਨੂੰ ਭਜਦੇ ਹਨ ਉਹ ਚਾਰ ਪ੍ਰਕਾਰ ਦੇ ਹਨ, ਹੇ ਭਰਤਰਸ਼ਭ! ਦੁਖੀ, ਜਗਿਆਸੂ, ਅਰਥ-ਭਾਵੀ ਤੇ ਗਿਆਨੀ।

17. ਗਿਆਨੀ ਇਨ੍ਹਾਂ ਸਭ ਵਿਚੋਂ ਉਤਮ ਹੈ, ਉਹ ਇਕ ਦੀ ਹੀ ਭਗਤੀ ਕਰਦਾ ਹੈ। ਗਿਆਨੀ ਮੈਨੂੰ ਪਿਆਰ ਕਰਦਾ ਹੈ, ਮੈਂ ਗਿਆਨੀ ਨੂੰ।

18. ਇਹ ਸਾਰੇ ਹੀ ਭਾਵੇਂ ਉਤਮ ਹਨ, ਪਰ ਗਿਆਨੀ ਮੇਰਾ ਹੀ ਰੂਪ ਹੈ। ਇਹ ਮੇਰਾ ਮਤ ਹੈ। ਉਹ ਆਤਮਾ ਨਾਲ ਜੁੜਿਆ ਹੋਇਆ ਹੈ। ਮੈਂ ਜੋ ਪਰਮ ਗਤੀ ਹਾਂ, ਮੇਰੇ ਵਿਚ ਸਥਿਤ ਹੈ।

19. ਬਹੁਤ ਜਨਮਾਂ ਵਿਚ ਭਰਮਣ ਤੋਂ ਬਾਅਦ ਗਿਆਨਵਾਨ ਮਨੁੱਖ ਮੇਰੇ ਤਕ ਪਹੁੰਚਦਾ ਹੈ, ਉਹ ਸਭ ਨੂੰ ਵਾਸਦੇਵ ਹੀ ਸਮਝਦਾ ਹੈ। ਐਸਾ ਮਹਾਤਮਾ ਦੁਰਲੱਭ ਹੈ।

ਸੰਸਾਰ ਵਿਚ ਚਾਰ ਤਰ੍ਹਾਂ ਦੇ ਮਨੁੱਖ ਹਨ ਜਿਹੜੇ ਪ੍ਰਮਾਤਮਾ ਦੇ ਸ਼ਰਧਾਲੂ ਬਣਦੇ ਹਨ। ਇਕ ਤਾਂ ਉਹ ਹਨ ਜਿਹੜੇ ਦੁਖੀ ਹੁੰਦੇ ਹਨ, ਲੋੜਵੰਦ ਹੁੰਦੇ ਹਨ, ਮਾਨਸਿਕ ਤੇ ਸਰੀਰਕ ਦੁਖਾਂ ਨਾਲ ਘਿਰੇ ਹੁੰਦੇ ਹਨ। ਇਨ੍ਹਾਂ ਕੋਲ ਸੰਸਾਰਕ ਧਨ ਵੀ ਨਹੀਂ ਹੁੰਦਾ। ਇਹ ਬਹੁਤ ਦੁਖੀ ਹੁੰਦੇ ਹਨ। ਇਨ੍ਹਾਂ ਨੂੰ ਕਈ ਪ੍ਰਕਾਰ ਦੇ ਰੋਗ ਵੀ ਲੱਗੇ ਹੁੰਦੇ ਹਨ, ਇਹੋ ਜਿਹੇ ਲੋਕੀ ਪ੍ਰਮਾਤਮਾ ਨੂੰ ਪੂਜਦੇ ਹਨ ਤਾਂ ਜੋ ਉਨ੍ਹਾਂ ਦੀਆਂ ਸੰਸਾਰਕ ਲੋੜਾਂ ਪੂਰੀਆਂ ਹੋ ਜਾਣ, ਇਛਾਵਾਂ ਪੂਰੀਆਂ ਹੋ ਜਾਣ। ਇਨ੍ਹਾਂ ਨੂੰ ਆਤਮਾ ਬਾਰੇ ਕੁਝ ਪਤਾ ਨਹੀਂ ਹੁੰਦਾ, ਕੋਈ ਗਿਆਨ ਨਹੀਂ ਹੁੰਦਾ। ਜਦੋਂ ਇਹੋ ਜਿਹੇ ਮਨੁੱਖਾਂ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ, ਇਹ ਪ੍ਰਮਾਤਮਾ ਨੂੰ ਚੇਤੇ ਕਰਨਾ ਛੱਡ ਦਿੰਦੇ ਹਨ। ਇਹੋ ਜਿਹੇ ਸ਼ਰਧਾਲੂ ਬਹੁਤ ਹੀ ਘਟੀਆ ਕਿਸਮ ਦੇ ਹੁੰਦੇ ਹਨ, ਪਰ ਜੇ ਇਹ ਦੇਖਿਆ ਜਾਵੇ ਕਿ ਸੰਸਾਰ ਵਿਚ ਉਹ ਵੀ ਹਨ ਜਿਹੜੇ ਕਦੀ ਵੀ ਪ੍ਰਮਾਤਮਾ ਨੂੰ ਚੇਤੇ ਹੀ ਨਹੀਂ ਕਰਦੇ, ਉਸ ਦੀ ਹੋਂਦ ਦੀ ਉਨ੍ਹਾਂ ਨੂੰ ਚੇਤਨਤਾ ਹੀ ਨਹੀਂ ਹੈ, ਉਨ੍ਹਾਂ ਨਾਲੋਂ ਤਾਂ ਇਹ ਚੰਗੇ ਹੀ ਹਨ। ਘੱਟੋ ਘੱਟ ਜਦੋਂ ਲੋੜ ਪੈਂਦੀ ਹੈ, ਉਦੋਂ ਤਾਂ ਯਾਦ ਕਰਦੇ ਹੀ ਹਨ ਤੇ ਉਸ ਦੀ ਹੋਂਦ ਨੂੰ ਤਾਂ ਮੰਨਦੇ ਹਨ। ਇਨ੍ਹਾਂ ਦੀ ਪ੍ਰਾਥਨਾ ਅੰਤ ਵਿਚ ਇਨ੍ਹਾਂ ਨੂੰ ਨਿਸੁਆਰਥ ਹੋ ਕੇ ਵਾਹਿਗੁਰੂ ਨੂੰ ਧਿਆਉਣ ਬਾਰੇ ਚੇਤਨ ਕਰਾਉਂਦੀ ਹੈ ਤੇ ਇਹ ਆਤਮ ਸਿੱਧੀ ਵਲ ਤੁਰ ਪੈਂਦੇ ਹਨ, ਜਿਹੜਾ ਜੀਵਨ ਦਾ ਇਕ ਮਾਤਰ ਉਦੇਸ਼ ਹੈ। ਪ੍ਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ਼ ਰਖਣਾ, ਭਾਵੇਂ ਕਿਸੇ ਕਾਰਨ ਕਰਕੇ ਰੱਖਣਾ, ਨਾ ਵਿਸ਼ਵਾਸ਼ ਰਖਣ ਨਾਲੋਂ ਕਿਤੇ ਚੰਗਾ ਹੈ। ਉਹ ਸਚਮੁੱਚ ਹੀ ਕਿੰਨੇ ਮੰਦ ਭਾਗੇ ਹਨ ਜਿਹੜੇ ਆਤਮ ਸਿੱਧੀ ਦਾ ਯਤਨ ਹੀ ਨਹੀਂ ਕਰਦੇ। ਇਸ ਤੋਂ ਭਾਵ ਹੈ ਕਿ ਉਹ ਆਪਣੀ ਹੋਂਦ ਨੂੰ ਵੀ ਨਹੀਂ ਮੰਨਦੇ।

ਦੂਸਰੀ ਤਰ੍ਹਾਂ ਦੇ ਲੋਕ ਉਹ ਹਨ ਜਿਹੜੇ ਗਿਆਨ ਪ੍ਰਾਪਤੀ ਦੀ ਇੱਛਾ ਇਸ ਕਰਕੇ ਰਖਦੇ ਹਨ ਤਾਂ ਜੋ ਉਹ ਮਨੁਖੀ ਸਬੰਧਾਂ ਨੂੰ ਜਾਣ ਸਕਣ, ਜੀਵਨ ਨੂੰ ਜਾਣ ਸਕਣ, ਵਿਸ਼ਵ ਨੂੰ ਜਾਣ ਸਕਣ। ਇਨ੍ਹਾਂ ਦੀ ਸ਼ਰਧਾ ਦੁਖ ਜਾਂ ਸੰਤਾਪ ਜਾਂ ਅਸੰਤੁਸ਼ਟੀ ਤੋਂ ਪੈਦਾ ਨਹੀਂ ਹੋਈ ਹੁੰਦੀ ਪਰ ਉਸ ਇਕ ਨੂੰ ਜਾਨਣ ਦੀ ਇੱਛਾ ਤੋਂ ਪੈਦਾ ਹੋਈ ਹੁੰਦੀ ਹੈ, ਸੱਚ ਨੂੰ ਜਾਨਣ ਦੀ ਇੱਛਾ ਤੋਂ, ਪ੍ਰਮਾਤਮਾ ਨੂੰ ਜਾਨਣ ਦੀ ਇੱਛਾ ਤੋਂ। ਇਹ ਆਪਣੀ ਬੁੱਧੀ ਅਤੇ ਤੀਬਰ ਇੱਛਾ ਨੂੰ ਸੰਤੁਸ਼ਟ ਕਰਨਾ ਚਾਹੁੰਦੇ ਹਨ, ਇਹ ਇਸ ਲਈ ਆਤਮ ਮਾਰਗ ਤੇ ਤੁਰਦੇ ਹਨ। ਜੇ ਇਹੋ ਜਿਹਾ ਮਨੁੱਖ ਆਤਮ ਮਾਰਗ ਤੇ ਬਹੁਤ ਦੇਰ ਤਕ ਚਲਦਾ ਰਹੇ ਤੇ ਆਪਣੀਆਂ ਪਰਤਾਂ ਖੋਲ੍ਹ ਦੇਵੇ, ਉਥੇ ਤਕ ਪਹੁੰਚ ਜਾਵੇ ਜਿਥੇ ਨਿਰੋਲ ਤਰਕ ਹੈ, ਫੇਰ ਉਹ ਸੰਸਾਰ ਤੇ ਉਸ ਤੱਤ ਦੇ ਭੇਦ ਨੂੰ ਸਮਝ ਲੈਂਦਾ ਹੈ। ਸੋ ਇਹੋ ਜਿਹੇ ਮਨੁੱਖ ਪਹਿਲਾਂ ਵਾਲਿਆਂ ਨਾਲੋਂ ਕਿਤੇ ਉਤਮ ਹਨ ਕਿਉਂਕਿ ਉਹ ਤਾਂ ਬਿਪਤਾ ਵਿਚ ਹੀ ਪ੍ਰਮਾਤਮਾ ਨੂੰ ਚੇਤੇ ਕਰਦੇ ਹਨ। ਉਸ ਇਕ ਨੂੰ ਜਾਨਣ ਦੀ ਇੱਛਾ ਸੰਸਾਰਕ ਇਛਾਵਾਂ ਦੀ ਪੂਰਤੀ ਤੋਂ ਕਿਤੇ ਉਚੀ ਹੈ।

ਤੀਸਰੀ ਕਿਸਮ ਦੇ ਲੋਕ ਉਹ ਹਨ ਜਿਨ੍ਹਾਂ ਨੇ ਵਿਵੇਕ ਨੂੰ ਤੀਖਣ ਕੀਤਾ ਹੈ ਤੇ ਇਹ ਜਾਣਿਆ ਹੈ ਕਿ ਆਤਮਾ ਕੀ ਹੈ ਤੇ ਕੀ ਨਹੀਂ ਹੈ, ਭਾਵ ਜਿਨ੍ਹਾਂ ਨੇ ਨਾਸ਼ਵਾਨ ਤੇ ਅਟੱਲ, ਅਜਰ, ਅਮਰ ਦੇ ਭੇਦ ਨੂੰ ਜਾਣਿਆ ਹੈ। ਇਹੋ ਜਿਹਾ ਜਗਿਆਸੂ ਉਸ ਇਕ ਦੀ ਪ੍ਰਾਪਤੀ ਲਈ ਬਹੁਤ ਹੀ ਸੱਚੀ ਸੁੱਚੀ ਘਾਲਣਾ ਘਾਲਦਾ ਹੈ, ਉਹ ਇਕ ਆਦਰਸ਼ ਗੁਰੂ ਦੀ ਭਾਲ ਕਰਦਾ ਹੈ ਤੇ ਆਤਮ ਮਾਰਗ ਤੇ ਚਲਦਾ ਹੈ ਤੇ ਜੋ ਮਾਰਗ ਦਰਸ਼ਨ ਗੁਰੂ ਕਰਾਉਂਦਾ ਹੈ ਉਹ ਕਰਦਾ ਰਹਿੰਦਾ ਹੈ। ਸਿਮਰਨ ਸਾਧਨਾ ਕਰਕੇ ਉਹ ਆਪਣੀ ਸਾਰੀ ਸ਼ਕਤੀ ਆਤਮ ਸਿੱਧੀ ਲਈ ਹੀ ਲਾ ਦਿੰਦਾ ਹੈ। ਉਹ ਇਕ ਉਤਮ ਕਿਸਮ ਦਾ ਜਗਿਆਸੂ ਹੈ, ਉਸ ਦੀ ਸ਼ਰਧਾ ਸੰਸਾਰਕ ਪਦਾਰਥਾਂ ਕਾਰਨ ਨਹੀਂ ਹੈ, ਸੰਸਾਰਕ ਚਿੰਤਾ ਕਰਕੇ ਨਹੀਂ ਹੈ, ਨਾ ਹੀ ਬੌਧਿਕ ਗਿਆਨ ਕਾਰਨ ਹੈ, ਉਹ ਤਾਂ ਕੇਵਲ ਨਿਰੋਲ ਉਤਮ ਸਤਿ ਦੀ ਭਾਲ ਵਿਚ ਹੈ, ਨਿਰੋਲ ਮਨ ਤੇ ਹਿਰਦੇ ਨਾਲ ਉਹ ਇਸ ਪਾਸੇ ਚਲ ਰਿਹਾ ਹੈ। ਜਿਹੜੇ ਇਸ ਰਸਤੇ ਤੇ ਚਲਦੇ ਰਹੇ ਹਨ ਉਹ ਇਸ ਤੇ ਹੀ ਉਦੋਂ ਤਕ ਚਲਦੇ ਰਹਿੰਦੇ ਹਨ ਜਦੋਂ ਤਕ ਸਤਿ ਦੀ ਪ੍ਰਾਪਤੀ ਨਾ ਕਰ ਲੈਣ।

ਚੌਥੀ ਕਿਸਮ ਦੇ ਲੋਕ ਉਹ ਵਡਭਾਗੇ ਹਨ ਜਿਨ੍ਹਾਂ ਨੂੰ ਗਿਆਨ ਪ੍ਰਾਪਤ ਹੋ ਗਿਆ ਹੈ। ਜਿਸ ਜਗਿਆਸੂ ਨੇ ਆਤਮ



Sri Satguru Jagjit Singh Ji eLibrary NamdhariElibrary@gmail.com

ਸਿੱਧੀ ਪ੍ਰਾਪਤ ਕਰ ਲਈ ਹੈ ਉਸ ਲਈ ਹੋਰ ਕੋਈ ਪ੍ਰਾਪਤੀ ਬਾਕੀ ਨਹੀਂ ਰਹਿ ਜਾਂਦੀ, ਉਸ ਨੇ ਤਾਂ ਸਮਾਚਿਤ ਦੀ ਪ੍ਰਾਪਤੀ ਕਰ ਲਈ ਹੈ। ਇਹ ਉਪਰ ਦੱਸੇ ਗਏ ਜਗਿਆਸੂਆਂ ਵਿਚੋਂ ਸਭ ਤੋਂ ਉਤਮ ਹਨ। ਇਹੋ ਜਿਹਾ ਗਿਆਨ ਯੋਗੀ ਸਭ ਤੋਂ ਉਤਮ ਹੈ, ਇਹ ਪ੍ਰਮਾਤਮਾ ਦਾ ਪਿਆਰਾ ਗਿਆਨੀ ਹੈ, ਇਸ ਨੂੰ ਮਹਾਤਮਾ ਕਹਿੰਦੇ ਹਨ। ਇਹੋ ਜਿਹੇ ਮਹਾਤਮਾ ਬਹੁਤ ਘੱਟ ਹਨ। ਇਹੋ ਹੀ ਪੱਥ ਪਦਰਸ਼ਕ ਬਣਦੇ ਹਨ ਤੇ ਜਗਿਆਸੂਆਂ ਨੂੰ ਰਾਹ ਦਿਖਾਉਂਦੇ ਹਨ। ਇਹੋ ਜਿਹੇ ਮਹਾਤਮਾ ਕਾਰਣ ਹੀ ਅਧਿਆਤਮਕ ਗਿਆਨ ਅੱਗੇ ਤੋਂ ਅੱਗੇ ਚਲਦਾ ਰਹਿੰਦਾ ਹੈ।

ਭਾਵੇਂ ਉਤੇ ਦੱਸੀਆਂ ਚਾਰੋਂ ਕਿਸਮਾਂ ਦੇ ਮਨੁੱਖ ਇਕੋ ਪ੍ਰਮਾਤਮਾ ਦੀ ਪੂਜਾ ਕਰਦੇ ਹਨ, ਪਰ ਸਭ ਤੋਂ ਉਤਮ ਉਹ ਹੀ ਹਨ ਜਿਨ੍ਹਾਂ ਨੇ ਆਤਮ ਸਿੱਧੀ ਕਰ ਲਈ ਹੈ, ਸਮਾਚਿਤ ਹਨ, ਸੰਤੁਲਨ ਵਿਚ ਹਨ, ਚੌਥੇ ਪਦ ਵਿਚ ਵਿਚਰਨ ਵਾਲੇ ਤਾਂ ਬਿਲਕੁਲ ਸਥਿਰ ਟਿਕੇ ਹੋਏ, ਦ੍ਰਿੜ੍ਹ ਨਿਸ਼ਚੇ ਵਾਲੇ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਸਤਿ ਨੂੰ ਜਾਣ ਲਿਆ ਹੈ, ਉਹ ਭਲੀ ਪ੍ਰਕਾਰ ਜਾਣਦੇ ਹਨ ਕਿ ਸੰਸਾਰ ਉਸ ਸਤਿ ਦਾ ਹੀ ਪਸਾਰਾ ਹੈ, ਗਿਆਨੀ ਕਦੀ ਵੀ ਥਿੜਕ ਨਹੀਂ ਸਕਦਾ, ਉਹ ਸਥਿਰ ਹੈ, ਦ੍ਰਿੜ੍ਹ ਹੈ ਕਿਉਂਕਿ ਉਹ ਉਸ ਬ੍ਰਹਮ ਨਾਲ ਇਕ ਹੋ ਚੁੱਕਾ ਹੈ ਉਹ ਵੀ ਬ੍ਰਹਮ ਹੋ ਚੁੱਕਾ ਹੈ।

ਜਦੋਂ ਅਸੀਂ ਜੀਵਨ ਬਾਰੇ ਤੇ ਜੀਵਨ ਦੇ ਉਦੇਸ਼ ਬਾਰੇ ਸੋਚਦੇ ਹਾਂ ਤਾਂ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਇਕ ਜੀਵਨ ਵਿਚ ਸਤਿ ਦੀ ਪ੍ਰਾਪਤੀ ਕਠਿਨ ਹੈ, ਆਤਮ ਸਿੱਧੀ ਤਾਂ ਬੜੇ ਜੀਵਨਾਂ ਦੀ ਘਾਲਣਾ ਨਾਲ ਪ੍ਰਾਪਤ ਹੁੰਦੀ ਹੈ ਤੇ ਜੇ ਕੋਈ ਇਹ ਘਾਲਣਾ ਨਿਰੰਤਰ ਨਿਰਵਿਘਨ ਕਰਦਾ ਰਿਹਾ ਹੋਵੇ ਤਾਂ ਆਤਮ ਸਿੱਧੀ ਪ੍ਰਾਪਤ ਹੁੰਦੀ ਹੈ।

20. ਜਿਨ੍ਹਾਂ ਦਾ ਗਿਆਨ ਕਾਮ ਕਾਰਨ ਭੰਗ ਹੋ ਗਿਆ ਹੈ, ਉਹ ਆਪਣੀ ਆਪਣੀ ਪ੍ਰਕ੍ਰਿਤੀ ਅਨੁਸਾਰ ਕਈ ਇਛਾਵਾਂ ਰਖਦੇ ਹੋਏ ਹੋਰ ਹੋਰ ਦੇਵਤਿਆਂ ਵਲ ਜਾਂਦੇ ਹਨ।

21. ਜੋ ਜੋ ਵੀ ਦੇਵਤਿਆਂ ਨੂੰ ਸ਼ਰਧਾ ਨਾਲ ਪੂਜਦਾ ਹੈ, ਉਸ ਦੀ ਸ਼ਰਧਾ ਮੈਂ ਉਸੇ ਦੇਵਤੇ ਵਿਚ ਦ੍ਰਿੜ੍ਹ ਕਰ ਦਿੰਦਾ ਹਾਂ।

22. ਉਸ ਸ਼ਰਧਾ ਨੂੰ ਮੁੱਖ ਰਖ ਕੇ ਉਹ ਮਨੁੱਖ ਉਸ ਦੇਵਤੇ ਦੀ ਪੂਜਾ ਕਰਦਾ ਹੈ ਤੇ ਆਪਣੀ ਇੱਛਾ ਪੂਰਤੀ ਕਰਦਾ ਹੈ; ਸਫਲ ਕਰਨ ਵਾਲਾ ਮੈਂ ਹੀ ਹਾਂ।

23. ਤੁਛ ਬੁੱਧੀ ਵਾਲੇ ਮਨੁੱਖਾਂ ਦੀਆਂ ਕਾਮਨਾਵਾਂ ਦਾ ਫਲ ਨਾਸ਼ਵਾਨ ਹੈ। ਜੋ ਦੇਵਤਿਆਂ ਦੀ ਉਪਾਸ਼ਨਾ ਕਰਦੇ ਹਨ, ਉਹ ਫਲ ਉਨ੍ਹਾਂ ਨੂੰ ਪ੍ਰਾਪਤ ਹੁੰਦੇ ਹਨ। ਜਿਹੜੇ ਮੇਰੀ ਅਰਾਧਨਾ ਕਰਦੇ ਹਨ ਉਹ ਮੈਨੂੰ ਪ੍ਰਾਪਤ ਹੁੰਦੇ ਹਨ।

ਰਾਹ ਭਾਵੇਂ ਵੱਖਰੇ ਵਖਰੇ ਹਨ ਪਰ ਆਦਰਸ਼ ਸਭ ਦਾ ਇਕ ਹੀ ਹੈ, ਨਿਸ਼ਾਨਾ ਸਭ ਦਾ ਇਕ ਹੀ ਹੈ। ਜਿਨ੍ਹਾਂ ਦੀ ਬੁੱਧੀ ਤੁੱਛ ਹੈ, ਅਲਪ ਹੈ, ਉਨ੍ਹਾਂ ਨੂੰ ਤਾਂ ਜੀਵ ਦੀ ਹੋਂਦ ਦਾ ਵੀ ਗੂੜ੍ਹ ਗਿਆਨ ਨਹੀਂ, ਸੰਸਾਰ ਦਾ ਵੀ ਪਤਾ ਨਹੀਂ, ਉਨ੍ਹਾਂ ਦੀ ਬੁੱਧੀ ਦਾ ਵਿਸਥਾਰ ਹੀ ਨਹੀਂ ਹੋਇਆ, ਉਹ ਵੱਖ-ਵੱਖ ਦੇਵਤਿਆਂ ਦੀ ਪੂਜਾ ਕਰਦੇ ਹਨ ਤੇ ਉਨ੍ਹਾਂ ਰਾਹੀਂ ਆਪਣੀਆਂ ਇਛਾਵਾਂ ਦੀ ਪੂਰਤੀ ਕਰਦੇ ਹਨ ਪਰ ਉਹ ਨਹੀਂ ਜਾਣਦੇ ਕਿ ਸਤਿ ਇਕ ਹੈ, ਜੀਵਨ ਸਰੋਤ ਇਕ ਹੈ, ਇਕ ਦਾ ਹੀ ਪਸਾਰਾ ਹੈ। ਇਕ ਸਤਿ ਦਾ ਪਸਾਰਾ ਅਨੇਕਾਂ ਤਰ੍ਹਾਂ ਕੀਤਾ ਗਿਆ ਹੈ। ਜਦੋਂ ਤੁਸੀਂ ਇਕ ਪਾਸੇ ਦੀ ਪੂਜਾ ਕਰਦੇ ਹੋ, ਸ਼ਾਂਤੀ ਮਿਲਦੀ ਹੈ, ਸਹਾਰਾ ਮਿਲਦਾ ਹੈ ਪਰ ਉਸ ਇਕ ਦੀ ਪ੍ਰਾਪਤੀ ਨਹੀਂ ਹੁੰਦੀ। ਜਿਹੜੇ ਤੱਤ ਨੂੰ ਜਾਣਦੇ ਹਨ, ਉਹ ਹੀ ਮੁਕਤੀ ਪ੍ਰਾਪਤ ਕਰਦੇ ਹਨ।

ਜਿਹੜਾ ਜਗਿਆਸੂ ਸੰਸਾਰ ਦੇ ਭੋਗ ਭੋਗਣ ਵਿਚ ਰੁਚੀ ਰਖਦਾ ਹੈ, ਉਹ ਆਪਣਾ ਗਿਆਨ ਗੁਆ ਬੈਠਦਾ ਹੈ ਕਿਉਂਕਿ ਇਛਾਵਾਂ, ਪ੍ਰਾਪਤੀ ਵਿਚ ਬਾਧਾ ਬਣਦੀਆਂ ਹਨ। ਇਹੋ ਜਿਹਾ ਜਗਿਆਸੂ ਤਿੰਨਾਂ ਗੁਣਾਂ ਵਿਚ ਹੀ ਵਿਚਰਦਾ ਹੈ ਜਿਹੜੇ ਉਸ ਦੇ ਮਨ ਨੂੰ ਧੁੰਦਲਾਅ ਦਿੰਦੇ ਹਨ, ਉਹ ਕਈ ਹੋਰ ਦੇਵਤਿਆਂ ਆਦਿ ਦੀ ਪੂਜਾ ਕਰਨ ਲਗ ਪੈਂਦਾ ਹੈ, ਹੋਰ ਤਰ੍ਹਾਂ ਦੇ ਉਸ ਦੇ ਅਨੁਭਵ ਤੇ ਪ੍ਰਾਪਤੀਆਂ ਇਸ ਸੰਸਾਰ ਵਿਚ ਹੋ ਜਾਂਦੀਆਂ ਹਨ।

ਇਨ੍ਹਾਂ ਸ਼ਲੋਕਾਂ ਦਾ ਸਬੰਧ ਕੇਵਲ ਦੇਵਤਿਆਂ ਨਾਲ ਨਹੀਂ ਜਿਵੇਂ ਅਸੀਂ ਸੋਚਦੇ ਹਾਂ। ਜਦੋਂ ਕਿਸੇ ਦੀ ਵੀ ਕੋਈ ਵੀ ਤੀਬਰ ਇੱਛਾ ਹੁੰਦੀ ਹੈ ਉਹ ਪੂਰਨ ਹੋਣੀ ਸੁਭਾਵਿਕ ਹੀ ਹੈ। ਜਦੋਂ ਕਿਸੇ ਵੀ ਚੀਜ਼ ਦੀ ਇੱਛਾ ਹੋਵੇ ਭਾਵੇਂ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦੀ, ਭਾਵੇਂ ਕੁਝ ਅਹੁਦਾ ਹਾਸਲ ਕਰਨਾ ਹੋਵੇ, ਉਹ ਪੂਰਨ ਹੁੰਦੀ ਹੈ। ਜੇ ਇੱਛਾ ਤੀਬਰ ਹੋਵੇ, ਪੂਰੀ ਹੋਣੀ ਲਾਜ਼ਮੀ ਹੈ। ਜਦੋਂ ਮਨੁੱਖ ਇੱਛਾ ਪੂਰਤੀ ਪਿਛੇ ਲੱਗਿਆ ਰਹਿੰਦਾ ਹੈ, ਉਹ ਹੀ ਉਸ ਦੇ ਜੀਵਨ ਦਾ ਉਦੇਸ਼ ਬਣ ਜਾਂਦਾ ਹੈ, ਉਹ ਹੀ ਉਸ ਲਈ ਰੱਬ ਦਾ ਰੂਪ ਬਣ ਜਾਂਦਾ ਹੈ, ਉਸ ਇੱਛਾ ਦਾ ਪੂਰਾ ਹੋਣਾ ਹੀ ਰੱਬ ਦੀ ਪ੍ਰਾਪਤੀ ਬਣ ਜਾਂਦੀ ਹੈ। ਮਨੁੱਖ ਨੂੰ ਉਹ ਸਭ ਕੁਝ ਮਿਲ ਜਾਂਦਾ ਹੈ ਜਿਸ ਦੇ ਪਿਛੇ ਉਹ ਲੱਗਾ ਹੋਇਆ ਹੈ। ਪੁਰਾਣੀ ਬਾਈਬਲ ਵਿਚ ਲਿਖਿਆ ਹੋਇਆ ਹੈ ਕਿ ਤੂੰ ਹੋਰ ਕਿਸੇ ਰੱਬ ਨੂੰ ਮੇਰੇ ਤੋਂ ਸਿਵਾ ਨਹੀਂ ਮੰਨੇਗਾ, ਭਾਵ ਕਿਸੇ ਹੋਰ ਚੀਜ਼ ਨੂੰ ਪ੍ਰਾਪਤੀ ਦੀ, ਕਿਸੇ ਅਹੁਦੇ ਦੀ, ਕਿਸੇ ਵਸਤੂ ਪ੍ਰਾਪਤੀ ਦੀ ਲਗਨ ਨਹੀਂ ਰੱਖਣੀ। ਕ੍ਰਿਸ਼ਨ ਜੀ ਕਹਿੰਦੇ ਹਨ ਕਿ ਜੇ ਕਿਸੇ ਦੀਆਂ ਸੰਸਾਰਕ ਇਛਾਵਾਂ ਹਨ, ਉਹ ਪ੍ਰਮਾਤਮਾ ਭਗਤੀ ਰਾਹੀਂ ਪੂਰੀਆਂ ਹੋਣੀਆਂ ਹੀ ਹੋਣੀਆਂ ਹਨ ਪਰ ਇਹ ਇਛਾਵਾਂ ਛਿਨ ਭੰਗਰ ਹਨ, ਸੰਸਾਰਕ ਹਨ। ਜਿਸ ਨੂੰ ਜਿਸ ਚੀਜ਼ ਦੀ ਵੀ ਇੱਛਾ ਹੁੰਦੀ ਹੈ ਉਹ ਪ੍ਰਮਾਤਮਾ ਪੂਰੀ ਕਰਦਾ ਹੀ ਹੈ। ਜੇ ਕੋਈ ਉਸ ਪ੍ਰਮਾਤਮਾ ਦੀ ਇੱਛਾ ਹੀ ਨਹੀਂ ਰਖਦਾ, ਉਸ ਪਰੀਪੂਰਨ ਦੀ ਇੱਛਾ ਨਹੀਂ ਰਖਦਾ, ਉਸ ਨੂੰ ਪ੍ਰਮਾਤਮਾ ਪ੍ਰਾਪਤੀ ਨਹੀਂ ਹੋ ਸਕਦੀ।

ਆਮ ਮਨੁੱਖ ਕੋਈ ਚਿੰਨ੍ਹ ਚੁਣ ਲੈਂਦੇ ਹਨ ਤੇ ਉਸ ਦੀ ਪੂਜਾ ਕਰਨ ਲਗ ਪੈਂਦੇ ਹਨ ਤੇ ਉਸੇ ਨੂੰ ਹੀ ਆਪਣੀ ਸ਼ਰਧਾ ਦਾ ਪ੍ਰਤੀਕ ਬਣਾ ਲੈਂਦੇ ਹਨ। ਮਨੁੱਖ ਉਸੇ ਦੁਆਲੇ ਬਹੁਤ ਸਾਰੇ ਰਸਮੋ-ਰਿਵਾਜ ਪੂਜਾ ਅਰਚਾ ਕਰਨ ਲਗ ਪੈਂਦਾ ਹੈ। ਮਨੁੱਖ ਨੂੰ



Sri Satguru Jagjit Singh Ji eLibrary NamdhariElibrary@gmail.com

ਕੋਈ ਸਾਖਸ਼ਾਤ ਰੂਪ ਦੀ ਲੋੜ ਹੈ, ਕਿਸੇ ਚਿਹਰੇ, ਕਿਸੇ ਠੋਸ ਚੀਜ਼ ਦੀ ਲੋੜ ਹੈ। ਉਹ ਨਿਰਾਕਾਰ ਨੂੰ ਆਪਣੇ ਵਿਚਾਰਾਂ ਵਿਚ ਲਿਆ ਕੇ ਉਸ ਦਾ ਗਿਆਨ ਨਹੀਂ ਲੈ ਸਕਦਾ। ਜਿਹੜੇ ਮਨੁੱਖ ਆਪਣੀ ਬੁੱਧੀ ਨਾਲ ਹੀ ਕੰਮ ਕਰਦੇ ਹਨ, ਉਹ ਨਿਰਾਕਾਰ ਤੇ ਉਸ ਦੀਆਂ ਸ਼ਕਤੀਆਂ ਤੇ ਹੋਰ ਗੱਲਾਂ ਦੇ ਵਿਸਥਾਰ ਦਾ ਅੰਦਾਜ਼ਾ ਹੀ ਨਹੀਂ ਲਗਾ ਸਕਦੇ। ਅੱਜ ਬਹੁਤ ਸਾਰੇ ਧਰਮ ਇਸ ਤਰ੍ਹਾਂ ਦੇ ਹਨ ਜਿਹੜੇ ਇਹ ਸੋਚਦੇ ਹਨ ਕਿ ਪ੍ਰਮਾਤਮਾ ਦਾ ਕੋਈ ਮਨੁੱਖੀ ਰੂਪ ਹੈ ਤੇ ਉਹ ਉਨ੍ਹਾਂ ਦੀਆਂ ਇਛਾਵਾਂ ਪੂਰੀਆਂ ਕਰਦਾ ਹੈ ਜਿਹੜੇ ਉਸ ਅੱਗੇ ਬੇਨਤੀਆਂ ਕਰਦੇ ਹਨ, ਜੋਦੜੀ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ, ਇਹ ਇਕ ਬਹੁਤ ਵੱਡੀ ਗੱਲ ਹੈ ਤੇ ਕਿਸੇ ਹੱਦ ਤਕ ਬਹੁਤ ਸਹਾਇਕ ਵੀ ਹੈ ਪਰ ਮਨੁੱਖ ਆਪਣੀ ਸਮਝ ਦੇ ਛੋਟੇ ਜਿਹੇ ਘੇਰੇ ਵਿਚ ਬੰਦ ਹੈ, ਉਸ ਵਿਚੋਂ ਨਿਕਲਣਾ ਬਹੁਤ ਔਖਾ ਹੈ। ਆਮ ਮਨੁੱਖ ਪ੍ਰਮਾਤਮਾ ਦੀ ਪੂਜਾ ਕਰਦਾ ਹੈ, ਉਸ ਦੀ ਹੋਂਦ ਨੂੰ ਮੰਨਦਾ ਹੈ ਪਰ ਇਹ ਨਹੀਂ ਜਾਣਦਾ ਕਿ ਕੇਵਲ ਇਕ ਹੀ ਸਤਿ ਹੈ, ਇਕ ਤੋਂ ਬਿਨਾਂ ਏਥੇ ਹੈ ਹੀ ਕੋਈ ਨਹੀਂ।

ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ – ਮਨੁੱਖਤਾ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਕੇਵਲ ਉਹ ਹਨ ਜਿਹੜੇ ਇੰਦ੍ਰੀਆਂ ਦਾ ਭੋਗ ਭੋਗਣ ਹੀ ਆਏ ਹਨ ਤੇ ਉਹ ਉਸ ਵਿਚ ਹੀ ਲੱਗੇ ਹੋਏ ਹਨ; ਦੂਸਰੇ ਉਹ ਹਨ ਜਿਹੜੇ ਜਗਿਆਸਾ ਕਾਰਣ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਨ ਤੇ ਮੰਨਦੇ ਹਨ ਭਾਵ ਜਾਨਣ ਵਾਸਤੇ ਹੀ ਮੰਨਦੇ ਹਨ। ਤੀਸਰੇ ਉਹ ਹਨ ਜੋ ਬਹੁਤ ਥੋੜ੍ਹੇ ਹਨ ਜਿਹੜੇ ਯੋਗ ਦੇ ਮਾਰਗ ਤੇ ਚੱਲ ਕੇ ਸਤਿ ਦੀ ਪ੍ਰਾਪਤੀ ਕਰਦੇ ਹਨ; ਚੌਥੇ ਉਹ ਹਨ ਜੋ ਬਹੁਤ ਹੀ ਥੋੜ੍ਹੇ ਹਨ, ਵਿਰਲੇ ਵਿਰਲੇ ਹਨ, ਜਿਹੜੇ ਆਤਮ ਸਿੱਧੀ ਪ੍ਰਾਪਤ ਕਰ ਚੁੱਕੇ ਹਨ ਤੇ ਦੂਸਰਿਆਂ ਨੂੰ ਰਾਹ ਦਿਖਾ ਸਕਦੇ ਹਨ।

ਆਮ ਮਨੁੱਖ ਆਪਣੇ ਗੁਣਾਂ ਦੇ ਅਨੁਸਾਰ ਜਿਹੜਾ ਵੀ ਗੁਣ ਉਸ ਵਿਚ ਪ੍ਰਧਾਨ ਹੁੰਦਾ ਹੈ, ਉਸ ਅਨੁਸਾਰ ਸੋਚਦਾ ਹੈ, ਕਰਮ ਕਰਦਾ ਹੈ, ਪੂਜਾ ਅਰਚਾ ਕਰਦਾ ਹੈ। ਕ੍ਰਿਸ਼ਨ ਜੀ ਦਸਦੇ ਹਨ ਕਿ ਜਿਸ ਨੂੰ ਆਤਮਾ ਦਾ ਕੋਈ ਗਿਆਨ ਨਹੀਂ, ਕੁਝ ਜਾਣਦਾ ਹੀ ਨਹੀਂ, ਅਗਿਆਨੀ ਹੈ, ਉਹ ਤਾਂ ਪੂਜਾ ਅਰਚਾ ਦਾ ਮਖੌਲ ਹੀ ਉਡਾਉਂਦਾ ਹੈ ਕਿਉਂਕਿ ਉਹ ਅਗਿਆਨੀ ਹੈ। ਜਿਨ੍ਹਾਂ ਨੂੰ ਸਤ ਦਾ, ਤੱਤ ਦਾ ਕੋਈ ਗਿਆਨ ਨਹੀਂ, ਜਿਹੜੇ ਉਸ ਤੱਤ ਦੀ ਹੋਂਦ ਨੂੰ ਜਾਣਦੇ ਹੀ ਨਹੀਂ, ਉਹ ਨਾ ਕੇਵਲ ਪ੍ਰਮਾਤਮਾ ਵਲ ਇਕ ਲੋਭੀ ਦੀ ਤਰ੍ਹਾਂ ਖਿਚੇ ਹੋਏ ਉਸ ਦੀ ਪੂਜਾ ਅਰਚਾ ਕਰਦੇ ਹਨ, ਉਹ ਸਤਿ ਨਹੀਂ ਜਾਣਦੇ ਪਰ ਜਿਹੜੇ ਕੋਈ ਵੀ ਨਿਸ਼ਾਨ ਦੀ ਪੂਜਾ ਨਹੀਂ ਕਰਦੇ, ਜਿਨ੍ਹਾਂ ਦੇ ਮਨ ਸਥਾਈ, ਸਥਿਰ ਹੋ ਚੁੱਕੇ ਹਨ, ਫੁਰਨੇ ਰਹਿਤ ਹੋ ਚੁੱਕੇ ਹਨ, ਜਿਹੜੇ ਸਮਾਚਿਤ ਹੋ ਚੁੱਕੇ ਹਨ, ਉਹ ਵਾਸਤਵ ਵਿਚ ਮੁਕਤ ਹੋ ਚੁੱਕੇ ਹਨ।

24. ਬੁੱਧੀ ਤੋਂ ਖਾਲੀ ਮਨੁੱਖ ਮੈਨੂੰ ਵਿਅਕਤ ਕਰਕੇ ਹੀ ਜਾਣਦੇ ਹਨ ਜਦੋਂ ਕਿ ਮੈਂ ਅਵਿਅਕਤ ਹਾਂ। ਇਹ ਮੇਰੇ ਅਬਿਨਾਸ਼ੀ ਸਰੂਪ ਤੇ ਪਰਮ ਸਰੂਪ ਨੂੰ ਨਹੀਂ ਜਾਣਦੇ।

25. ਮੈਂ ਸਭ ਲਈ ਪ੍ਰਤੱਖ ਨਹੀਂ ਹਾਂ, ਮੈਂ ਯੋਗ ਮਾਇਆ ਦੇ ਪੜਦੇ ਪਿਛੇ ਲੁਕਿਆ ਹੋਇਆ ਹਾਂ, ਇਹ ਮਾਇਆਧਾਰੀ ਮੇਰੇ ਅਵਿਨਾਸ਼ੀ ਤੇ ਅਜਨਮ ਸਰੂਪ ਤੋਂ ਗਿਆਤ ਨਹੀਂ।

26. ਹੇ ਅਰਜਨ! ਮੈਂ ਭੂਤ ਭਵਿੱਖ ਤੇ ਵਰਤਮਾਨ ਤਿੰਨਾਂ ਕਾਲਾਂ ਦੇ ਪ੍ਰਾਣੀਆਂ ਨੂੰ ਜਾਣਦਾ ਹਾਂ ਪਰ ਮੈਨੂੰ ਕੋਈ ਨਹੀਂ ਜਾਣਦਾ।

27. ਹੇ ਭਾਰਤ! ਇਸ ਸੰਸਾਰ ਵਿਚ ਰਾਗ, ਦ੍ਵੈਸ਼ ਤੋਂ ਉਤਪੰਨ ਦਵੰਦ ਅਤੇ ਮੋਹ ਦੇ ਵਸ ਹੋ ਕੇ ਸਭ ਜੀਵ ਭਰਮ ਵਿਚ ਫਸੇ ਹੋਏ ਸੰਸਾਰ ਵਿਚ ਚਲ ਰਹੇ ਹਨ, ਹੇ ਪਰਤੰਤਰ।

ਸਤਿ ਕਦੀ ਖਤਮ ਨਹੀਂ ਹੁੰਦਾ, ਕਦੀ ਨਹੀਂ ਮਰਦਾ, ਇਹ ਸਰਵੋਤਮ ਹੈ। ਪ੍ਰਮਾਤਮਾ ਤਿੰਨਾਂ ਕਾਲਾਂ ਦੇ ਜੀਵਨ ਨੂੰ ਜਾਣਦਾ ਹੈ – ਭੂਤ, ਭਵਿੱਖ ਤੇ ਵਰਤਮਾਨ, ਪਰ ਪ੍ਰਮਾਤਮਾ ਨੂੰ ਕੋਈ ਨਹੀਂ ਜਾਣਦਾ, ਪ੍ਰਮਾਤਮਾ ਆਪਣੀ ਪਸਾਰੀ ਹੋਈ ਮਾਇਆ ਦੇ ਪਿਛੇ ਹੀ ਲੁਕਿਆ ਬੈਠਾ ਹੈ, ਉਸ ਦੀ ਪ੍ਰਾਪਤੀ ਕੋਈ ਸੌਖੀ ਨਹੀਂ। ਅਗਿਆਨੀ ਇਹ ਸਚਾਈ ਨਹੀਂ ਜਾਣਦੇ, ਉਹ ਤਾਂ ਸੰਸਾਰ ਦੇ ਭੋਗਾਂ ਵਿਚ ਗ੍ਰਸੇ ਪਏ ਹਨ, ਉਹ ਤਾਂ ਪ੍ਰਮਾਤਮਾ ਤੇ ਉਸ ਦੇ ਅਵਤਾਰਾਂ ਨੂੰ ਜਾਣਦੇ ਹੀ ਨਹੀਂ, ਅਗਿਆਨੀ, ਅਵਿਨਾਸ਼ੀ ਅਜਰ, ਅਟੱਲ, ਅਮਰ, ਜਨਮ ਤੋਂ ਰਹਿਤ ਨੂੰ ਜਾਨਣ ਦੀ ਸਮਰਥਾ ਹੀ ਨਹੀਂ ਰਖਦੇ। ਇਛਾਵਾਂ ਦ੍ਵੰਦ ਦੀ ਜੜ੍ਹ ਹਨ; ਖੁਸ਼ੀ ਹੋਏਗੀ ਤਾਂ ਸੰਤਾਪ ਵੀ ਹੋਵੇਗਾ, ਹਰ ਕੋਈ ਦਵੰਦ ਵਿਚ ਹੈ, ਉਸੇ ਲੋਭ ਵਿਚ ਡੁੱਬਿਆ ਪਿਆ ਹੈ ਤੇ ਜਿਹੜੇ ਏਸ ਦਵੰਦ ਵਿਚ ਹਨ, ਉਹ ਉਸ ਇਕ ਸਤਿ ਨੂੰ ਜਾਣ ਨਹੀਂ ਸਕਦੇ, ਉਸ ਦੀ ਸ਼ਾਨ ਨੂੰ ਨਹੀਂ ਜਾਣ ਸਕਦੇ, ਉਨ੍ਹਾਂ ਦਾ ਮਨ ਤੇ ਗਿਆਨ ਇੰਦ੍ਰੀਆਂ ਸਦਾ ਸੰਸਾਰ ਦੇ ਸੁੱਖ ਤੇ ਭੋਗਾਂ ਵਿਚ ਹੀ ਲੱਗੀਆਂ ਰਹਿੰਦੀਆਂ ਹਨ, ਉਹ ਆਪਾ ਸੁਧਾਰਣ ਦਾ ਸੋਚਦੇ ਹੀ ਨਹੀਂ। ਜਿਹੜੇ ਵਡਭਾਗੇ ਲੋਭ ਤੋਂ ਮੁਕਤ ਹਨ, ਦਵੰਦ ਤੋਂ ਮੁਕਤ ਹਨ, ਮੋਹ ਤੋਂ ਬਚੇ ਹੋਏ ਹਨ ਉਹ ਸਦਾ ਉਸ ਪਿਆਰੇ ਦੇ ਚਰਨੀਂ ਹੀ ਰਹਿੰਦੇ ਹਨ, ਸਦਾ ਉਸ ਦੇ ਨਾਲ ਅਭੇਦ ਹਨ।

ਸੰਸਾਰਕ ਵਸਤੂਆਂ ਦੀ ਕਲਪਨਾ ਕਰਨੀ, ਉਨ੍ਹਾਂ ਦਾ ਧਿਆਨ ਕਰਨਾ ਹੋਰ ਦਵੰਦ ਪੈਦਾ ਕਰਦਾ ਹੈ। ਪਰ ਉਹ ਜਗਿਆਸੂ ਜਿਹੜਾ ਇਨ੍ਹਾਂ ਗੱਲਾਂ ਬਾਰੇ ਚੇਤਨ ਹੈ, ਉਹ ਕੇਵਲ ਸਤਿ ਦਾ ਹੀ ਧਿਆਨ ਕਰਦਾ ਹੈ, ਉਸ ਦੀ ਹੀ ਕਲਪਨਾ ਕਰਦਾ ਹੈ, ਸਵੈ-ਅਨੁਸ਼ਾਸ਼ਨ ਨਾਲ ਇਹੋ ਜਿਹਾ ਜਗਿਆਸੂ ਅਲੌਕਿਕ ਸ਼ਕਤੀਆਂ ਪ੍ਰਾਪਤ ਕਰ ਲੈਂਦਾ ਹੈ, ਸਰਵੋਤਮ ਗਿਆਨ ਦੀ ਸ਼ਕਤੀ ਪ੍ਰਾਪਤ ਕਰ ਲੈਂਦਾ ਹੈ, ਅਨੁਭਵੀ ਹੋ ਜਾਂਦਾ ਹੈ ਜੋ ਕਿ ਸਾਰੇ ਗਿਆਨ ਦਾ ਸਰੋਤ ਹੈ। ਬਹੁਤ ਸਾਰੇ ਜਗਿਆਸੂ ਪ੍ਰਗਟ ਤੇ ਅਪ੍ਰਗਟ ਵਿਚ ਫਰਕ ਹੀ ਨਹੀਂ ਜਾਣਦੇ। ਅਵਿਅਕਤ ਤੋਂ ਭਾਵ ਹੈ ਨਾ ਜਾਣੇ ਜਾਣ ਵਾਲਾ, ਨਾ ਦੇਖੇ ਜਾ ਸਕਣ ਵਾਲਾ; ਵਿਅਕਤ ਤੋਂ ਭਾਵ ਹੈ ਦੇਖਿਆ ਜਾ ਸਕਣ ਵਾਲਾ, ਗਿਆਨ ਇੰਦ੍ਰੀਆਂ ਨਾਲ ਅਨੁਭਵ ਹੋ ਸਕਣ ਵਾਲਾ,



Sri Satguru Jagjit Singh Ji eLibrary NamdhariElibrary@gmail.com

ਸਾਧਕ ਵਿਅਕਤ ਤੋਂ ਅੱਗੇ ਜਾ ਕੇ ਅਵਿਅਕਤ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ ਪਰ ਅਗਿਆਨੀ ਤਾਂ ਮਾਇਆ ਤੋਂ ਅੱਗੇ ਜਾ ਹੀ ਨਹੀਂ ਸਕਦਾ, ਉਹ ਤਾਂ ਪੂਰੀ ਤਰ੍ਹਾਂ ਲੋਭ ਮੋਹ ਵਿਚ ਧੱਸਿਆ ਪਿਆ ਹੈ, ਅਗਿਆਨੀ ਨੂੰ ਪਤਾ ਹੀ ਨਹੀਂ ਕਿ ਭੋਗਾਂ ਤੋਂ ਅੱਗੇ ਵੀ ਕੁਛ ਹੈ, ਉਨ੍ਹਾਂ ਦਾ ਮਨ ਹਰ ਸਮੇਂ ਭੋਗ ਭੋਗਣ ਵਿਚ ਹੀ ਲੱਗਾ ਰਹਿੰਦਾ ਹੈ, ਉਨ੍ਹਾਂ ਨੂੰ ਅਣਦਿਸਦੇ ਜੀਵਨ ਦਾ ਕੋਈ ਅਭਾਸ ਹੀ ਨਹੀਂ, ਉਨ੍ਹਾਂ ਨੂੰ ਪ੍ਰਮਾਤਮਾ ਦੀ ਹੋਂਦ ਦਾ ਕੋਈ ਅਹਿਸਾਸ ਨਹੀਂ, ਸਤਿ ਅਨੰਦ ਤੋਂ ਉਹ ਬਿਲਕੁਲ ਜਾਣੂੰ ਨਹੀਂ ਹਨ। ਅਗਿਆਨੀ ਅਨਾਤਮ ਨੂੰ ਸੱਚ ਸਮਝਦੇ ਹਨ, ਸਤਿ ਨੂੰ ਉਹ ਸੋਚ ਹੀ ਨਹੀਂ ਸਕਦੇ, ਸਮੁੱਚੇ ਪ੍ਰਮਾਤਮਾ ਬਾਰੇ ਜਾਨਣਾ ਉਨ੍ਹਾਂ ਦੇ ਵਸ ਵਿਚ ਨਹੀਂ। ਸਮੁੱਚੇ ਨੂੰ ਜਾਨਣਾ ਹੀ ਗਿਆਨ ਹੈ, ਪਰ ਉਸ ਸਮੁੱਚੇ ਨੂੰ ਇਕ ਮਨੁੱਖ ਰੂਪ ਵਿਚ ਸੋਚਣਾ ਦੇਖਣਾ ਬੜਾ ਭਾਰੀ ਅਗਿਆਨ ਹੈ।

ਉਸ ਦੇ ਭਾਗ ਨੂੰ ਸਮੁੱਚ ਸਮਝਣਾ ਬੜੀ ਭਾਰੀ ਗਲਤੀ ਹੈ ਜਿਵੇਂ ਕਿ ਸਾਗਰ ਦੀ ਲਹਿਰ ਸਾਗਰ ਨਹੀਂ ਹੁੰਦੀ, ਇਸ ਤਰ੍ਹਾਂ ਹੀ ਇਹ ਸਾਰੀ ਸ੍ਰਿਸ਼ਟੀ ਉਹ ਨਹੀਂ ਹੈ ਕੇਵਲ ਉਸ ਦਾ ਪ੍ਰਗਟਾਵਾ ਹੈ। ਉਸ ਸਮੁੱਚੇ ਨੂੰ ਮਨੁੱਖ ਦਾ ਆਕਾਰ ਦੇਣ ਤੋਂ ਭਾਵ ਹੈ ਕਿ ਉਸ ਸਮੁੱਚੇ ਨੂੰ ਵੰਡ ਦੇਣਾ, ਉਸ ਦੇ ਭਾਗ ਕਰ ਦੇਣੇ। ਸੂਰਜ, ਚੰਦਰਮਾ, ਸਤਾਰੇ, ਪੁਲਾੜ, ਧਰਤੀ, ਅੱਗ, ਪਾਣੀ ਉਸ ਸਮੁੱਚੇ ਦਾ ਪਸਾਰਾ ਹਨ, ਉਸ ਅਨੰਤਤਾ ਦਾ ਅਸੀਮ ਦਾ ਹਿੱਸਾ ਹਨ। ਵਿਸ਼ਵ ਹੀ ਕਲਪਨਾ ਤੇ ਧਿਆਨ ਕਰਨ ਨਾਲੋਂ, ਗਿਆਨੀ ਸਮੁੱਚੇ ਤੇ ਹੀ ਧਿਆਨ ਲਗਾਉਂਦੇ ਹਨ, ਉਹ ਜਿਹੜਾ ਜੀਵਨ ਦਾ ਵਿਸ਼ਵ ਦਾ ਸਭ ਦਾ ਸਰੋਤ ਹੈ, ਜਿਹੜਾ ਇਹ ਸਾਰੀ ਸ੍ਰਿਸ਼ਟੀ ਚਲਾਉਂਦਾ ਹੈ। ਅਗਿਆਨੀ ਅਗਿਆਨ ਕਾਰਨ ਦੇਵੀ ਦੇਵਤਿਆਂ ਦੀ ਪੂਜਾ ਕਰਨ ਲਗ ਪੈਂਦੇ ਹਨ, ਜਿਨ੍ਹਾਂ ਦੇ ਮਨ ਖਿੰਡੇ ਹੋਏ ਹਨ ਉਨ੍ਹਾਂ ਦਾ ਮਨ ਉਨ੍ਹਾਂ ਦੇ ਕਾਬੂ ਨਹੀਂ, ਉਹ ਕੇਵਲ ਕਿਸੇ ਆਕਾਰ ਤੇ ਹੀ ਧਿਆਨ ਲਗਾ ਸਕਦੇ ਹਨ ਪਰ ਹੌਲੀ ਹੌਲੀ ਉਹ ਨਿਰਾਕਾਰ ਤੇ ਜਾ ਸਕਦੇ ਹਨ, ਨਿਰਾਕਾਰ ਤੇ ਆਪਣਾ ਧਿਆਨ ਕੇਂਦਰਤ ਕਰ ਸਕਦੇ ਹਨ।

ਧਿਆਨ ਲਗਾਉਣ ਦੇ ਦੋ ਪੱਖ ਹਨ; ਇਕ ਉਹ ਹਨ ਜਿਹੜੇ ਕਿਸੇ ਵੀ ਆਕਾਰ ਤੇ ਧਿਆਨ ਲਗਾਂਦੇ ਹਨ; ਦੂਸਰੇ ਨਿਰਾਕਾਰ ਤੇ ਕਿਉਂਕਿ ਸਾਧਾਰਨ ਮਨ ਨਿਰਾਕਾਰ ਤੇ ਛੇਤੀਂ ਧਿਆਨ ਨਹੀਂ ਲਗਾ ਸਕਦਾ, ਉਸ ਲਈ ਆਕਾਰ ਦੀ ਲੋੜ ਹੈ - ਖਾਸ ਕਰਕੇ ਸ਼ੁਰੂ ਵਿਚ, ਤਾਂ ਜੋ ਉਸ ਦਾ ਮਨ ਇਕਾਗਰ ਹੋ ਸਕੇ। ਅੰਤ ਵਿਚ ਧਿਆਨ ਬਹੁਤ ਡੂੰਘਾ ਚਲਿਆ ਜਾਣਾ ਚਾਹੀਦਾ ਹੈ ਜਿਥੇ ਨਾ ਕੋਈ ਆਕਾਰ ਹੋਵੇ, ਨਾ ਕੋਈ ਨਾਮ।

28. ਜਿਨ੍ਹਾਂ ਜੀਵ ਆਤਮਾਵਾਂ ਦੇ ਪਾਪ ਦੂਰ ਹੋ ਗਏ ਹਨ, ਦ੍ਵੰਦ ਵਿਚੋਂ ਛੁਟ ਗਏ ਹਨ, ਉਹ ਦ੍ਰਿੜ੍ਹ ਹੋ ਕੇ ਮੇਰਾ ਭਜਨ ਕਰਦੇ ਹਨ।

29. ਜਿਹੜੇ ਮੇਰੀ ਸ਼ਰਨ ਆਉਂਦੇ ਹਨ, ਬੁਢਾਪੇ ਤੇ ਮਰਨ ਦੇ ਦੁੱਖ ਤੋਂ ਛੁਟ ਜਾਣ ਦਾ ਜਤਨ ਕਰਦੇ ਹਨ, ਉਹ ਬ੍ਰਹਮ, ਆਤਮ ਗਿਆਨ ਤੇ ਕਰਮ ਨੂੰ ਜਾਣਦੇ ਹਨ।

30. ਜੋ ਮੈਨੂੰ ਅਧਿਭੂਤ, ਅਧਿਦੈਵ ਅਤੇ ਅਧਿਯੱਗ ਜਾਣਦੇ ਹਨ ਉਹ ਯੁਕਤ-ਚਿੱਤ ਵਾਲੇ ਦੇਹ ਤਿਆਗਣ ਸਮੇਂ ਵੀ ਮੈਨੂੰ ਜਾਣਦੇ ਹਨ।

ਸੋਝੀ ਨਾਲ ਤੇ ਸ਼ਰਧਾ ਪੂਰਵਕ ਕੀਤੇ ਕਰਮ ਹੀ ਪ੍ਰਬੀਨਤਾ ਲਿਆ ਸਕਦੇ ਹਨ। ਜਦੋਂ ਮਨ ਨੂੰ ਕੇਵਲ ਇਕ ਹੀ ਦਿਸ਼ਾ ਵਿਚ ਲਗਾ ਲਿਆ ਜਾਵੇ, ਸਾਰੀਆਂ ਸ਼ਕਤੀਆਂ ਆਤਮ ਸਿੱਧੀ ਵਲ ਲਗਾ ਦਿਤੀਆਂ ਜਾਣ, ਸਾਰੇ ਕਰਮ ਪੂਜਾ ਹੀ ਬਣ ਜਾਂਦੇ ਹਨ। ਜਗਿਆਸੂ ਆਪਣੇ ਆਪ ਨੂੰ ਸਤਿ, ਚਿੱਤ, ਅਨੰਦ ਬਣਾ ਲੈਂਦਾ ਹੈ। ਉਹ ਇਹ ਵੀ ਜਾਣ ਜਾਂਦਾ ਹੈ ਕਿ ਪੂਜਾ ਕਰਨ ਵਾਲਾ ਤੇ ਕਰਾਉਣ ਵਾਲਾ ਇਕ ਹੀ ਹੈ। ਸਾਗਰ ਦੇ ਸਾਰੇ ਗੁਣ ਉਸ ਦੀ ਇਕ ਬੂੰਦ ਵਿਚ ਵੀ ਮੌਜੂਦ ਹੁੰਦੇ ਹਨ, ਉਨ੍ਹਾਂ ਦੇ ਗੁਣ ਇਕ ਹੀ ਹੁੰਦੇ ਹਨ, ਸਤਿ ਦੀ ਪ੍ਰਾਪਤੀ ਕਰਕੇ ਜਗਿਆਸੂ ਜੀਵਨ ਮਨੋਰਥ ਪੂਰਾ ਕਰਦਾ ਹੈ ਅਤੇ ਪੂਰਨਤਾ ਪ੍ਰਾਪਤ ਕਰਦਾ ਹੈ, ਫੇਰ ਉਸ ਨੂੰ ਦ੍ਵੰਦ ਛੂਹ ਵੀ ਨਹੀਂ ਸਕਦਾ।

ਜਿਨ੍ਹਾਂ ਨੇ ਸੱਚੇ ਯਤਨ ਕੀਤੇ ਹਨ, ਘਾਲਣਾ ਘਾਲੀਆਂ ਹਨ ਉਹ ਬੁਢਾਪੇ ਤੋਂ ਤੇ ਮਰਨ ਤੋਂ ਛੁਟਕਾਰਾ ਪਾ ਲੈਂਦੇ ਹਨ। ਆਮ ਤੌਰ ਤੇ ਬੁਢੇਪੇ ਵਿਚ ਮਨ ਭੂਤਕਾਲ ਦੀਆਂ ਸੋਚਾਂ ਸੋਚਦਾ ਰਹਿੰਦਾ ਹੈ ਪਰ ਜਦੋਂ ਜਗਿਆਸੂ ਬਣ ਕੇ ਸਿਮਰਨ ਸਮਾਧੀ ਵਿਚ ਲਗ ਜਾਂਦਾ ਹੈ ਤਾਂ ਅੰਤਰਮੁਖੀ ਹੋ ਜਾਂਦਾ ਹੈ ਤੇ ਧਿਆਨ ਦੂਸਰਿਆਂ ਪਾਸਿਆਂ ਵਿਚ ਨਹੀਂ ਜਾਂਦਾ, ਫੇਰ ਮਰਨ ਦਾ ਰਹੱਸ ਵੀ ਉਸ ਨੂੰ ਪਤਾ ਲਗ ਜਾਂਦਾ ਹੈ ਤੇ ਇਹ ਸਮਝ ਵੀ ਆ ਜਾਂਦੀ ਹੈ ਕਿ ਆਤਮਾ ਮਰਨ ਤੋਂ ਬਾਅਦ ਵੀ ਜੀਵਤ ਰਹਿੰਦੀ ਹੈ। ਆਤਮਾ ਅਜਰ, ਅਮਰ, ਅਟੱਲ ਹੈ, ਕੇਵਲ ਇਹ ਸਰੀਰ ਹੀ ਖਤਮ ਹੁੰਦਾ ਹੈ। ਉਸ ਨੂੰ ਮਰਨ ਦਾ ਡਰ ਨਹੀਂ ਰਹਿੰਦਾ, ਇਥੇ ਤੇ ਅੱਗੇ ਉਹ ਨਿਰਭੈ ਰਹਿੰਦਾ ਹੈ, ਸਭ ਨਾਲ ਹੀ ਉਸ ਨੇ ਇਹ ਨਿਰਭੈਤਾ ਪ੍ਰਾਪਤ ਕੀਤੀ ਹੈ। ਬਹੁਤ ਸਾਰੇ ਜਗਿਆਸੂ ਮਰਨ ਸਮੇਂ ਆਪਣੀ ਚੇਤਨਤਾ ਨੂੰ ਪਰਾ ਚੇਤਨਤਾ ਤੇ ਜੋੜਨ ਦੀ ਕੋਸ਼ਿਸ਼ ਕਰਦੇ ਹਨ ਪਰ ਕਰ ਨਹੀਂ ਸਕਦੇ ਕਿਉਂਕਿ ਉਨ੍ਹਾਂ ਨੂੰ ਅਹਿਸਾਸ ਥੋੜ੍ਹਾ ਹੁੰਦਾ ਹੈ, ਸਮਾਧੀ ਦੀ ਸਥਿਤੀ ਪੱਕੀ ਨਹੀਂ ਹੋਈ ਹੁੰਦੀ, ਉਨ੍ਹਾਂ ਦਾ ਮਨ ਬਾਰ-ਬਾਰ ਆਪਣੇ ਪਿਛੋਕੜ ਨੂੰ ਜਾਂਦਾ ਹੈ। ਪਰ ਜਿਹੜੇ ਜੀਉਂਦਿਆਂ ਪਰਾਚੇਤਨਤਾ ਤੇ ਧਿਆਨ ਲਗਾਉਂਦੇ ਰਹੇ ਹਨ, ਉਹ ਇਸ ਧਰਤੀ ਤੋਂ ਜਾਣ ਲੱਗਿਆਂ, ਨਿਰਭੈ ਹੋ ਕੇ, ਮੁਕਤ ਹੋ ਕੇ ਅਨੰਦ ਵਿਚ ਜਾਂਦੇ ਹਨ।

**L L L L L L**



Sri Satguru Jagjit Singh Ji eLibrary NamdhariElibrary@gmail.com

# ਆਤਮ ਮਾਰਗ ਦੇ ਲਾਈਫ–ਮੈਂਬਰ ਜਿਨ੍ਹਾਂ ਨੇ ਸਤਿਗੁਰੂ ਜੀ ਦੀ ਬਖਸ਼ਿਸ਼ ਅਤੇ ਮਹਾਂਪੁਰਸ਼ਾਂ ਦੀ ਪ੍ਰਸੰਨਤਾ ਪ੍ਰਾਪਤ ਕੀਤੀ ਅਤੇ ਆਤਮ ਮਾਰਗ ਦੀ ਨਿਰੰਤਰਤਾ ਵਿਚ ਯੋਗਦਾਨ ਪਾਇਆ (ਚੌਥੀ ਕਿਸ਼ਤ)

ML. 357- **RANBIR SINGH SODHI**
MORINDA

ML. 358- **SUKHDEV SINGH**
MANIMAJRA, CHD.

ML. 359- **RAJINDER SINGH**
VPO. KUMBRA, DISTT. ROPAR

ML. 360- **GURMIT SINGH**
VILL. NAWAN GARAON
PO. NADA, CHD.

ML. 361- **SURJIT SINGH**
H.NO. 1402, SEC 44-B, CHD.

ML. 362- **SURJIT SINGH**
VPO. CHHOKRAN
DISTT. JALANDHAR

ML. 363- **DALJIT SINGH SANDHU**
VPO. SANDHWAN
DISTT. NAWAN SHAHR

ML. 364- **JAGDEV SINGH SEKHON**
VPO. SANDHWAN
DISTT. NAWAN SHAHR

ML. 365- **SANTOKH SINGH**
H.NO. 2042, SEC 44-C, CHD

ML. 366- **MUKHTIAR SINGH**
K.NO. 1521, PH-3B2, MOHALI

ML. 367-**HARCHAND SINGH**
H.NO. 2060, BADALA ROAD
KHARAR, DISTT. ROPAR

ML. 368- **GURDIAL SINGH**
VILL. CHANALON
DISTT. ROPAR

ML. 369- **MOHINDER SINGH**
VILL. BELA, DISTT. ROPAR

ML. 370- **SANDHU TRACTORS**
SAMRALA, LDH

ML. 371- **RAVNEET KAUR**
H.NO. 75, PHASE-3A, MOHALI

ML. 372- **MEWA SINGH**
VILL. DHARAK KALAN
DISTT. ROPAR

ML. 373-**SUKHWINDER SINGH**
VILL. BADWALA
DISTT. FATEHGARH SAHIB

ML. 374- **JOGINDER SINGH**
VPO. MULLANPUR
DISTT. ROPAR

ML. 375- **SARABJIT SINGH**
VPO. GUJJARWAL
DISTT. LUDHIANA (PB.)

ML. 376- **JASWANT KAUR**
H.NO. 687/1, SEC 41-A, CHD.

ML.377- **SARUP SINGH**
VILL. RURKI KHAM
DISTT. ROPAR

ML.378- **HARBHAJAN SINGH**
VPO. JANAL
DISTT. SANGRUR

ML 379-**SANT BABA HARNAM SINGH**
ANGITHA SAHIB
VILL. JIAN
DISTT. HOSHIARPUR

ML. 380- **SANT SADHU SINGH JI**
VILL. KAHARPUR
DISTT. HOSHIARPUR

ML. 381- **BULAND IQBAL SINGH**
H.NO. 342, WARD NO. 27, CAMP
YAMUNA NAGAR

ML. 382- **JASBIR KAUR**
K.NO. 1735 SEC 34-D, CHD

ML. 383- **HARPAL SINGH**
VILL. BAKALA
DISTT. YAMUNA NAGAR

ML.384- **GURMUKH SINGH**
# 368-A, SEC 26, CHD

ML. 385- **DIWAN SINGH**
# 1543, BURAIL, CHD.

ML. 386- **JOGINDER SINGH**
19, ROXY HOTEL, SHIMLA (H.P)

ML. 387- **RAJINDER KAUR**
SHIMLA

ML. 388- **GULZAR SINGH**
TEH&DISTT. NAWAN SHAHR

ML. 389- **DAVINDER KAUR**
VPO. PHARALA
TEH&DISTT. NAWAN SHAHR

ML. 390- **NACHHATAR SINGH**
VPO. PHARALA
TEH&DISTT. NAWAN SHAHR

ML. 391- **KIRPAL SINGH**
VPO. SARHAAL MANDI
DISTT. JALANDHAR (PB.)

ML. 392- **IQBAL SINGH**
1458, PHASE-3B2, MOHALI

ML. 393- **NARINDER SINGH**
HL-476, PH-9, MOHALI

ML. 394- **TRILOCHAN SINGH**
BHILAI, DISTT. DURG

ML. 395- **RANJIT SINGH**
VPO. BEEJA
DISTT. LUDHIANA

ML. 396- **BALDEV KAUR**
MANSHAHIA
VILL. MANSA KHURD
DISTT. MANSA (PB.)

ML. 397- **DHARAM SINGH**
# 3421, SEC 38-D, CHD

ML. 398- **SANTOKH SINGH**
VPO. BADHERI, CHD.

ML. 399- **HARBHAJAN SINGH**
VILL. WAZIDPUR
DISTT. ROPAR

ML. 400- **CHANAN SINGH**
VILL. BASSI, DISTT. ROPAR

ML. 401- **RAM SINGH**
VILL. BASSI, DISTT. ROPAR

ML. 402- **SANTOKH SINGH**
VILL. SIUNK, DISTT. ROPAR

ML. 403- **JASWINDER KAUR**
VILL.SOONK, DISTT. ROPAR

ML. 404- **SURINDER SINGH**
VILL.SOONK, DISTT. ROPAR

ML. 405- **JASPAL SINGH**
KHARAR, DISTT. ROPAR

ML. 406- **MEHAR SINGH**
MORINDA, DISTT. ROPAR

ML 407- **SURAT SINGH GREWAL**
VPO. HEDON, LUDHIANA

ML. 408- **PARSHOTAM SINGH**
VPO. BEGOWAL
DISTT. LUDHIANA

ML. 409-**DALER SINGH**
VPO. SOHANA, DISTT. ROPAR

ML.410- **JAGJIT SINGH MAVI**
VPO. LANDRAN, DISTT. ROPAR

ML. 411- **HARMINDER SINGH**
H.NO. 206, SEC 30-A, CHD

ML.412- **MOHINDER SINGH**
VILL. PARACHH, ROPAR

ML.413- **HARBHAJAN SINGH**
VILL. PAINTPUR, ROPAR

ML. 414- **SUKHDEV SINGH**
VPO. PHULEWALA
TEH.&DISTT. MOGA (PB.)

ML. 415-**SANTOKH SINGH** BHAMBRA
1444, SEC-44-B, CHD.

ML. 416-**SUKHJINDER SINGH**
65, PHASE-3B1, MOHALI

ML. 417- **HARBANS SINGH**
H.NO. 2567, PH-11, MOHALI

ML. 418- **PARAMJIT SINGH**
VILL.SARANGPUR, CHD.

ML. 419- **MOHINDER SINGH**
K.NO. 3305, SEC- 71, MOHALI

ML. 420- **MUKHTIAR SINGH**
K.NO. 366, PHASE-4
MOHALI

ML. 421- **SWARAN SINGH**
VILL. KAKRALA KHURD
DISTT. LUDHIANA

ML. 422- **DIDAR SINGH**
K.NO. 965, PHASE-11
MOHALI

ML. 423- **BAHAL SINGH**
VPO. BHANKARPUR
DISTT. PATIALA

ML. 424- **RAJINDER SINGH SAINI**
284, DEFENCE COLONY
JALANDHAR

ML. 425- **LAKHBIR SINGH**
KHADOOR SAHIB
DISTT. AMRITSAR (PB.)

ML. 426-**AJIT SINGH**
RAM DARBAR
IND. AREA, CHD.

ML. 427- **JASBIR SINGH**
MUNDI KHARAR
DISTT. ROPAR

ML.428- **MANMOHAN SINGH**
MUNDI KHARAR
DISTT. ROPAR

ML. 429- **A.K. TRADER'S**
SAMRALA MANDI
DISTT. LUDHIANA (PB.)

ML. 430- **MAJOR SINGH**
VILL. SALLOMAJRA
PO. CHAMKAUR SAHIB
DISTT. ROPAR

ML.431- **TARLOK SINGH RAI**
H.NO. 272, SEC 35-A, CHD.

ML. 432- **HIMMAT SINGH**
KHARAR, DISTT. ROPAR

ML. 433- **BALWINDER SINGH**
VILL. MANEMAJRA
DISTT. ROPAR

ML. 434- **SHINGARA SINGH**
VILL. MANEMAJRA
DISTT. ROPAR

ML. 435- **GURDWARA SAHIB**
VILL. TALAPUR, DISTT. ROPAR

ML. 436- **RANJIT SINGH TIWANA**
PATIALA

## ਵਿਸ਼ੇਸ਼ ਸੂਚਨਾ

ਆਪ ਸਭ ਪਾਠਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਫਤਰ 'ਆਤਮ ਮਾਰਗ' ਕੋਠੀ ਨੰ: 1782 ਫੇਸ 3ਬੀ2 ਮੋਹਾਲੀ ਤੋਂ ਬਦਲ ਕੇ ਰਤਵਾੜਾ ਸਾਹਿਬ ਚਲਾ ਗਿਆ ਹੈ। ਮੈਗਜ਼ੀਨ ਸੰਬੰਧੀ ਕੋਈ ਵੀ ਟੈਲੀਫੋਨ ਪੁਰਾਣੇ ਨੰ: 220972 ਤੇ 677697 ਤੇ ਨਾ ਕੀਤਾ ਜਾਵੇ। 'ਆਤਮ ਮਾਰਗ' ਸਬੰਧੀ ਸਾਰਾ ਪੱਤਰ ਵਿਹਾਰ ਅਤੇ ਫੋਨ ਰਤਵਾੜਾ ਸਾਹਿਬ ਦੇ ਪਤੇ ਤੇ ਹੀ ਕੀਤਾ ਜਾਵੇ। ਨਕਦੀ ਮੈਂਬਰਸ਼ਿਪ ਅਤੇ ਮਨੀਆਰਡਰ ਰਾਹੀਂ ਚੰਦੇ ਵੀ ਹੇਠ ਲਿਖੇ ਐਡਰੇਸ ਤੇ ਹੀ ਭੇਜੇ ਜਾਣ–

**ਪੱਤਰ ਵਿਹਾਰ ਲਈ ਪਤਾ –**

ਦਫਤਰ 'ਆਤਮ ਮਾਰਗ'
ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ
ਡਾਕ : ਮੁਲਾਂਪੁਰ ਗਰੀਬਦਾਸ
ਜ਼ਿਲਾ – ਰੋਪੜ 140901
ਫੋਨ ਨੰ: Code | Local - 918 / STD - 01888 | 39218, 39517

**ਕੇਵਲ ਕੋਰੀਅਰ ਅਤੇ ਡਾਕ ਰਾਹੀਂ ਚੰਦੇ ਭੇਜਣ ਲਈ ਪਤਾ–**

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ
ਕੋਠੀ ਨੰ: 781, 3ਬੀ1,
ਐਸ. ਏ. ਐਸ. ਨਗਰ, ਮੋਹਾਲੀ, 160055



Sri Satguru Jagjit Singh Ji eLibrary NamdhariElibrary@gmail.com